ਬੁਲੇਟਿਨ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

ਜੁਲਾਈ-ਸਤੰਬਰ 2009 ● 10 ਰੁਪਏ



ਭਾਰਤੀ ਲੋਕਤੰਤਰ ਦੀ ਅਸਲੀਅਤ

ਲਿਬਰਹਾਨ ਕਮਿਸ਼ਨ ਦੀ ਰਿਪੋਰਟ

ਦਵਾ ਕੰਪਨੀਆਂ ਅਤੇ ਡਾਕਟਰਾਂ ਦਾ ਗਠਜੋੜ

ਯੁੱਧ ਅਤੇ ਸ਼ਾਂਤੀ-ਪਾਸ਼

'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਐਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੁੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੱਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦਾ ਮੈਗਜ਼ੀਨ

ਸਾਲ 3, ਬੁਲੇਟਿਨ 9

ਜੁਲਾਈ-ਸਤੰਬਰ 2009

ਸੰਪਾਦਕ

ਲਖਵਿੰਦਰ

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ

ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ-140406 ☎ 98771-43788

e-mail id— lalkaar08@rediffmail.com

ਇੱਕ ਕਾਪੀ ਦੀ ਕੀਮਤ ਦਸ ਰੁਪਏ **ਸਾਲਾਨਾ** ਚਾਲੀ ਰੁਪਏ (ਡਾਕ ਰਾਹੀਂ ਪੰਜਾਹ ਰੁਪਏ)

ਤੁਸੀਂ 'ਲਲਕਾਰ' ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। 'ਲਲਕਾਰ' ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਭਧ ਹਨ।

lalkaar.wordpress.com

ਆਪਣੀ ਗੱਲ

ਨਵੀਂ ਸਰਕਾਰ ਅਤੇ ਉਸਦਾ ਪਹਿਲਾ ਬਜਟ

ਕੇਂਦਰ ਵਿੱਚ ਕਾਂਗਰਸ ਦੀ ਅਗਵਾਈ ਵਾਲ਼ੇ ਸਾਂਝੇ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ) ਦੀ ਸਰਕਾਰ ਬਣੇ ਨੂੰ ਲਗਭਗ ਦੋ ਮਹੀਨੇ ਹੋਣ ਵਾਲ਼ੇ ਹਨ। ਭਾਰਤ ਦੀ 'ਜਨਤਾ ਨੇ' ਯੂਪੀਏ ਨੂੰ ਦੂਸਰੀ ਵਾਰ ਖੁਦ 'ਤੇ ਹਕੂਮਤ ਕਰਨ ਦਾ ਮੌਕਾ ਦਿੱਤਾ ਹੈ। ਮਨਮੋਹਨ ਸਿੰਘ ਨੇ ਫਿਰ ਤੋਂ ਨਵੀਂ ਸਰਕਾਰ ਦੀ ਵਾਗਡੋਰ ਸੰਭਾਲ਼ ਲਈ ਹੈ। ਪਰ ਮਨਮੋਹਨ ਸਿੰਘ ਤਾਂ ਸਿਰਫ਼ ਮੁਖੌਟਾ ਹੀ ਹੈ, ਸਰਕਾਰ ਦਾ ਰਿਮੋਟ ਕੰਟਰੋਲ ਤਾਂ ਦਰਅਸਲ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਸੋਨੀਆ ਗਾਂਧੀ ਦੇ ਹੱਥ ਹੀ ਰਹੇਗਾ।

ਕਾਂਗਰਸ ਭਾਰਤੀ ਪੂੰਜੀਪਤੀ ਜਮਾਤ ਦੀ ਸਭ ਤੋਂ ਪੁਰਾਣੀ ਅਤੇ ਭਰੋਸੇਯੋਗ ਪਾਰਟੀ ਹੈ। ਅੱਜ ਜਦੋਂ ਭਾਰਤ ਸਮੇਤ ਸਾਰੇ ਸੰਸਾਰ ਦਾ ਹੀ ਪੂੰਜੀਵਾਦੀ ਅਰਥਚਾਰਾ ਇੱਕ ਭਿਆਨਕ ਮੰਦੀ 'ਚੋਂ ਗੁਜ਼ਰ ਰਿਹਾ ਹੈ ਤਾਂ ਭਾਰਤ ਦੀ ਪੂੰਜੀਵਾਦੀ ਜਮਾਤ ਦੀਆਂ ਉਮੀਦਾਂ ਇਸੇ ਪੁਰਾਣੇ ਅਤੇ ਭਰੋਸੇਮੰਦ ਮਲਾਹ ਉੱਪਰ ਹੀ ਹਨ ਜੋ ਉਹਨਾਂ ਦੀ ਕਿਸ਼ਤੀ ਪਾਰ ਲਗਾ ਸਕਦਾ ਹੈ। ਇਸੇ ਲਈ ਕੇਂਦਰ ਵਿੱਚ ਕਾਂਗਰਸ ਦੀ ਅਗਵਾਈ 'ਚ ਯੂ.ਪੀ.ਏ. ਦੀ ਸਰਕਾਰ ਬਣਨ ਉੱਪਰ ਨਾ ਸਿਰਫ਼ ਦੇਸੀ ਸਗੋਂ ਵਿਦੇਸ਼ੀ ਪੂੰਜੀਪਤੀਆਂ ਨੇ ਵੀ ਕੱਛਾਂ ਵਜਾਈਆਂ ਅਤੇ ਮਨਮੋਹਨ ਸਿੰਘ ਨੂੰ ਵਧਾਈਆਂ ਦਿੱਤੀਆਂ ਹਨ। ਸ਼ੇਅਰ ਬਜ਼ਾਰ 'ਚ ਉਛਾਲ਼ ਆਇਆ, ਜੋ ਕਿ ਪੂੰਜੀਵਾਦੀ ਅਰਥਚਾਰੇ ਦੀ ਚੰਗੀ ਸਿਹਤ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ।

ਇਸ ਨਵੀਂ ਸਰਕਾਰ ਨੂੰ ਇਸ ਵਾਰ ਪਿਛਲੀ ਵਾਰ ਦੀ ਤਰ੍ਹਾਂ ਆਪਣਾ ਕਾਰਜਕਾਲ ਪੂਰਾ ਕਰਨ ਲਈ ਹੋਰ ਪਾਰਟੀਆਂ ਦੇ ਸਹਾਰੇ ਦੀ ਜ਼ਰੂਰਤ ਨਹੀਂ ਹੈ। ਪਿਛਲੀ ਵਾਰ ਸੰਸਦੀ ਖੱਬਿਆਂ (ਸੀ.ਪੀ.ਆਈ ਅਤੇ ਖਾਸ ਤੌਰ 'ਤੇ ਸੀ.ਪੀ.ਆਈ. ਐਮ.) ਨੇ ਮਨਮੋਹਨ ਸਰਕਾਰ ਲਈ ਮੁਸ਼ਕਿਲਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਮਰੀਕਾ-ਭਾਰਤ ਪ੍ਰਮਾਣੂ ਕਰਾਰ ਦੇ ਮੁੱਦੇ 'ਤੇ ਖੱਬਿਆਂ ਨੇ ਮਨਮੋਹਨ ਸਰਕਾਰ ਤੋਂ ਹਮਾਇਤ ਵਾਪਿਸ ਲੈ ਲਈ ਸੀ। ਭਾਵੇਂ ਇਸ ਨਾਲ਼ ਮਨਮੋਹਨ ਸਰਕਾਰ ਦਾ ਕੁਝ ਨਹੀਂ ਵਿਗੜਿਆ ਸੀ ਅਤੇ ਸੰਸਦੀ ਖੱਬਿਆਂ ਨੇ ਆਪਣਾ ਹੀ ਜਲੂਸ ਕਢਵਾ ਲਿਆ ਸੀ। ਇਸ ਵਾਰ ਦੀਆਂ ਚੋਣਾਂ ਵਿੱਚ ਸੰਸਦੀ ਖੱਬਿਆਂ ਅਤੇ ਫਾਸਿਸਟ ਭਾਰਤੀ ਜਨਤਾ ਪਾਰਟੀ ਦੀ ਜੋ ਦੁਰਗਤ ਹੋਈ ਹੈ ਉਹ ਸਭ ਦੇ ਸਾਹਮਣੇ ਹੈ। ਇਸ ਹਾਲਤ ਵਿੱਚ ਕਾਂਗਰਸ ਸਭ ਤੋਂ ਮਜ਼ਬੂਤ ਪਾਰਟੀ ਬਣ ਕੇ ਉੱਭਰੀ ਹੈ। ਇਸ ਵਾਰ ਯੂ.ਪੀ.ਏ. ਦੀ ਇਸ ਮਜ਼ਬੂਤ ਸਥਿਤੀ ਨੇ ਦੇਸੀ-ਵਿਦੇਸ਼ੀ ਪੂੰਜੀਪਤੀਆਂ ਅੰਦਰ ਨਵੀਆਂ ਉਮੀਦਾਂ ਜਗਾਈਆਂ ਹਨ। ਉਹਨਾਂ ਨੇ ਉਮੀਦ ਪ੍ਰਗਟ ਕੀਤੀ ਹੈ ਕਿ ਹੁਣ ਸਰਕਾਰ ਆਰਥਿਕ ਸੁਧਾਰਾਂ ਦੀ ਗਤੀ ਤੇਜ਼ ਕਰੇਗੀ।

ਅਤੇ ਮਨਮੋਹਨ ਸਰਕਾਰ ਨੇ ਤੁਰੰਤ ਦੇਸੀ-ਵਿਦੇਸ਼ੀ ਲੁਟੇਰੇ ਪੂੰਜੀਪਤੀਆਂ ਦੀਆਂ ਉਮੀਦਾਂ 'ਤੇ ਖਰੇ ਉੱਤਰਨ ਦਾ ਸੰਕੇਤ ਦਿੱਤਾ ਹੈ। ਮਨਮੋਹਨ ਸਰਕਾਰ ਨੇ ਆਪਣੇ ਪਹਿਲੇ ਬਜਟ ਤੋਂ ਪਹਿਲਾਂ ਜਾਰੀ ਕੀਤੇ ਆਰਥਿਕ ਸਰਵੇਖਣ ਵਿੱਚ ਤੇਜ਼ ਰਫ਼ਤਾਰ ਆਰਥਿਕ ਸੁਧਾਰਾਂ ਦਾ ਪ੍ਰੋਗਰਾਮ ਉਲੀਕਿਆ ਹੈ ਜਿਹਨਾਂ ਵਿੱਚ ਜਨਤਕ ਅਦਾਰਿਆਂ ਵਿੱਚ ਵਿਨਿਵੇਸ਼ ਦੀ ਪ੍ਰਕਿਰਿਆ ਨੂੰ ਤੇਜ਼ ਕਰਨਾ, ਖੰਡ, ਖਾਦਾਂ, ਪੈਟਰੋਲੀਅਮ ਪਦਾਰਥਾਂ ਨੂੰ ਕੰਟਰੋਲ ਮੁਕਤ ਕਰਨਾ, ਰੇਲਵੇ ਦਾ ਨਿਜੀਕਰਨ, ਬੀਮਾ, ਵਪਾਰ ਅਤੇ ਸੁਰੱਖਿਆ ਆਦਿ ਖੇਤਰਾਂ ਵਿੱਚ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਲਈ ਰਾਹ ਪੱਧਰਾ ਕਰਨਾ ਸ਼ਾਮਲ ਹੈ। ਜਨਤਕ ਅਦਾਰਿਆਂ ਦੇ ਵਿਨਿਵੇਸ਼ ਤੋਂ ਸਰਕਾਰ ਨੇ ਸਲਾਨਾ 25 ਹਜ਼ਾਰ ਕਰੋੜ ਰੁਪਏ ਦੀ ਆਮਦਨ ਦਾ ਟੀਚਾ ਮਿਥਿਆ ਹੈ।

ਬੇਸ਼ੱਕ ਇਹ ਕੋਈ ਨਵੀਆਂ ਚੀਜ਼ਾਂ ਨਹੀਂ ਹਨ। ਭਾਰਤੀ ਹਾਕਮ 1991 ਤੋਂ ਹੀ ਜਿਸ ਦਿਸ਼ਾ ਵਿੱਚ ਜਾ ਰਹੇ ਸਨ, ਉਸੇ ਦਿਸ਼ਾ ਵਿੱਚ ਹੀ ਅੱਗੇ ਵਧੇ ਹਨ। 1991 ਵਿੱਚ ਵੀ ਕੇਂਦਰ ਵਿੱਚ ਕਾਂਗਰਸ ਦੀ ਹੀ ਸਰਕਾਰ ਸੀ। ਜਿਸ ਵਿੱਚ ਪ੍ਰਧਾਨ ਮੰਤਰੀ ਨਰਸਿੰਹਮਾ ਰਾਓ ਸਨ ਅਤੇ ਮੌਜੂਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਸ ਸਮੇਂ ਵਿੱਤ ਮੰਤਰੀ ਸਨ। ਮਈ 1991 ਵਿੱਚ ਨਰਸਿੰਮਹਾ-ਮਨਮੋਹਨ ਦੀ ਜੋੜੀ ਨੇ 'ਨਵੀਂ ਆਰਥਿਕ ਨੀਤੀ' ਲਿਆਂਦੀ ਸੀ। ਇਸ ਨੀਤੀ ਵਿੱਚ ਜਨਤਕ ਅਦਾਰਿਆਂ ਦਾ ਨਿੱਜੀਕਰਨ, ਭਾਰਤੀ ਅਰਥਚਾਰੇ ਦੇ ਬੂਹੇ ਵਿਦੇਸ਼ੀ ਪੂੰਜੀ ਲਈ ਪੂਰੀ ਤਰ੍ਹਾਂ ਖੋਹਲਣ, ਬਜਟ ਘਾਟਾ ਸਿਫ਼ਰ ਕਰਨ ਦੇ ਨਾਂ 'ਤੇ ਲੋਕਾਂ ਲਈ ਨਾਮਾਤਰ ਸਹੂਲਤਾਂ 'ਤੇ ਸਰਕਾਰ ਵਲੋਂ ਕੀਤੇ ਜਾਂਦੇ ਖਰਚਿਆਂ 'ਤੇ ਕੱਟ ਲਾਉਣਾ ਸ਼ਾਮਿਲ ਸੀ। ਭਾਰਤੀ ਹਾਕਮ ਜਮਾਤਾਂ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਸ ਨੀਤੀ 'ਤੇ ਪੂਰੀ ਤਰ੍ਹਾਂ ਸਹਿਮਤ ਹਨ। ਪਿਛਲੇ 18 ਸਾਲਾਂ ਵਿੱਚ ਜੇਕਰ

ਇਹ ਨੀਤੀਆਂ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕੀਆਂ ਤਾਂ ਇਸ ਪਿੱਛੇ ਹਾਕਮ ਜਮਾਤਾਂ ਦੀਆਂ ਰਾਜਨੀਤਕ ਮਜ਼ਬੂਰੀਆਂ ਦਾ ਹੱਥ ਰਿਹਾ ਹੈ। ਇਹ ਮਜ਼ਬੂਰੀਆਂ ਸਨ, ਕੇਂਦਰ ਵਿੱਚ ਮਿਲੀਆਂ-ਜੁਲੀਆਂ ਸਰਕਾਰਾਂ ਦੇ ਬਣਨ ਕਾਰਨ ਸਿਆਸੀ ਅਸਥਿਰਤਾ, ਇਹਨਾਂ ਨੀਤੀਆਂ 'ਤੇ ਅਮਲ ਵਜੋਂ ਦੇਸ਼ ਅੰਦਰ ਤੇਜ਼ ਰਫ਼ਤਾਰ ਧਰੁਵੀਕਰਨ ਦਾ ਖਤਰਾ ਆਦਿ। ਇਸ ਲਈ 'ਨਵੀਂ ਆਰਥਿਕ ਨੀਤੀ' ਉੱਪਰ ਅਮਲ ਧੀਮੀ ਰਫ਼ਤਾਰ ਨਾਲ਼ ਅਤੇ ਟੁਕੜਿਆਂ ਵਿੱਚ ਹੁੰਦਾ ਰਿਹਾ ਹੈ। ਹੁਣ ਨਵੀਂ ਸਰਕਾਰ ਆਪਣੇ ਆਕਾਵਾਂ ਨੂੰ ਇਹ ਯਕੀਨ ਦਿਵਾ ਰਹੀ ਹੈ ਕਿ ਇਹਨਾਂ ਨੀਤੀਆਂ ਨੂੰ ਤੇਜ਼ੀ ਨਾਲ਼ ਅਮਲ ਵਿੱਚ ਲਿਆਵੇਗੀ। ਇਹਨਾਂ ਨੀਤੀਆਂ ਦੇ ਲਾਗੂ ਹੋਣ ਨਾਲ਼ ਜਿੱਥੇ ਦੇਸੀ-ਵਿਦੇਸ਼ੀ ਪੂੰਜੀਪਤੀ ਮਾਲਾਮਾਲ ਹੋਣਗੇ, ਉੱਥੇ ਇਸ ਦੇਸ਼ ਦੇ ਕਿਰਤੀ ਲੋਕਾਂ ਦੀਆਂ ਮੁਸੀਬਤਾਂ ਵਿੱਚ ਹੋਰ ਵਾਧਾ ਹੋਵੇਗਾ।

6 ਜੁਲਾਈ ਨੂੰ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਨਵੀਂ ਸਰਕਾਰ ਦਾ ਪਹਿਲਾ ਬਜਟ ਸੰਸਦ ਵਿੱਚ ਪੇਸ਼ ਕੀਤਾ। ਪੂੰਜੀਪਤੀਆਂ ਦੇ ਕਬਜ਼ੇ ਵਾਲ਼ੇ ਮੀਡੀਆ ਨੇ ਇਸ ਨੂੰ 'ਆਮ ਆਦਮੀ' ਦਾ ਬਜਟ ਕਹਿ ਕੇ ਵਡਿਆਇਆ ਹੈ। ਇਸ ਬਜਟ ਵਿੱਚ ਦੇਸ਼ ਦੇ ਮੱਧ ਵਰਗ ਨੂੰ ਟੈਕਸਾਂ 'ਚ ਕੁਝ ਰਿਆਇਤਾਂ ਦਿੱਤੀਆਂ ਗਈਆਂ ਹਨ। ਪੂੰਜੀਵਾਦੀ ਮੀਡੀਆ ਦੀ 'ਆਮ ਆਦਮੀ' ਦੀ ਪਰਿਭਾਸ਼ਾ ਵੀ ਇਸੇ ਮੱਧ ਵਰਗ ਤੱਕ ਸੀਮਤ ਹੈ। ਪਰ ਇਸ ਦੇਸ਼ ਦੇ ਅੱਸੀ ਫੀਸਦੀ ਲੋਕ ਮਜ਼ਦੂਰ, ਗਰੀਬ ਕਿਸਾਨ ਅਤੇ ਹੇਠਲੇ ਮੱਧਵਰਗ ਦੇ ਲੋਕ ਹਨ, ਜਿਹਨਾਂ ਵਾਸਤੇ ਕੁਝ ਮਾਮੂਲੀ ਰਿਆਇਤਾਂ ਦੀ ਜੂਠ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਇਹ 80 ਫੀਸਦੀ ਲੋਕ ਪੂੰਜੀਵਾਦੀ ਮੀਡੀਆ ਦੀ ਆਮ ਆਦਮੀ ਦੀ ਪਰਿਭਾਸ਼ਾ ਤੋਂ ਬਾਹਰ ਹਨ। ਮੱਧਵਰਗ ਨੂੰ ਵੀ ਜੋ ਟੈਕਸਾਂ ਵਿੱਚ ਛੋਟ ਮਿਲੀ ਹੈ, ਉਸ ਪਿੱਛੇ ਇਹੋ ਤਰਕ ਕੰਮ ਕਰਦਾ ਹੈ, ਕਿ ਆਬਾਦੀ ਦੇ ਇੱਕ ਹਿੱਸੇ ਦੀ ਖਰੀਦ ਸ਼ਕਤੀ ਵਧਾ ਕੇ ਮੌਜੂਦਾ ਆਰਥਿਕ ਮੰਦੀ ਚੋਂ ਉੱਭਰਿਆ ਜਾਵੇ।

ਇਸ ਬਜਟ ਦਾ ਇੱਕ ਅਹਿਮ ਪੱਖ ਸੁਰੱਖਿਆ ਖਰਚ 34 ਫੀਸਦੀ ਵਧਾ ਕੇ 1,41,703 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਦੇਸ਼ ਦੀਆਂ ਹਾਕਮ ਜਮਾਤਾਂ ਨੂੰ ਕੀਹਦੇ ਤੋਂ ਇੰਨਾ ਖਤਰਾ ਹੈ ਕਿ ਰਾਜ ਮਸ਼ੀਨਰੀ ਆਧੁਨਿਕ ਹਥਿਆਰਾਂ ਨਾਲ਼ ਲੈਸ ਕਰਨ ਉੱਪਰ ਲੋਕਾਂ ਦੇ ਕਰੋੜਾਂ ਰੁਪਏ ਪਾਣੀ ਵਾਂਗ ਵਹਾਏ ਜਾ ਰਹੇ ਹਨ। ਸਾਡੇ ਦੇਸ ਦੇ ਹਾਕਮਾਂ ਨੂੰ ਇਹ ਖਤਰਾ ਹੋਰ ਕਿਸੇ ਤੋਂ ਨਹੀਂ ਹੈ, ਜਿਵੇਂ ਕਿ ਪੇਸ਼ ਕੀਤਾ ਜਾਂਦਾ ਹੈ। ਦਰਅਸਲ ਇਹਨਾਂ ਨੂੰ ਖਤਰਾ ਦੇਸ਼ ਦੇ ਅੰਦਰੋਂ ਹੈ। ਇਹ ਖਤਰਾ ਇਸ ਦੇਸ਼ ਦੇ ਕਿਰਤੀ ਲੋਕਾਂ ਤੋਂ ਹੈ ਜੋ ਹਰ ਆਏ ਦਿਨ ਹੋਰ ਵਧੇਰੇ ਕੰਗਾਲ ਹੁੰਦੇ ਜਾ ਰਹੇ ਹਨ। ਇਹ ਖਤਰਾ ਇਸ ਦੇਸ਼ ਅੰਦਰ ਲਗਾਤਾਰ ਤੇਜ਼ ਹੁੰਦੇ ਧਰੁਵੀਕਰਨ ਤੋਂ ਹੈ, ਅਮੀਰ ਗਰੀਬ ਅੰਦਰ ਚੌੜੀ ਹੁੰਦੀ ਖੱਡ ਤੋਂ ਹੈ।

ਦੇਸ਼ ਦੀਆਂ ਹਾਕਮ ਜਮਾਤਾਂ ਅਤੇ ਉਹਨਾਂ ਦੀ ਮੈਨੇਜਿੰਗ ਕਮੇਟੀ (ਸਰਕਾਰ) ਇੱਕ ਪਾਸੇ ਜਿੱਥੇ ਸੰਭਾਵੀ ਲੋਕ ਲਹਿਰਾਂ ਦੇ ਭੈਅ ਕਾਰਨ ਰਾਜ ਮਸ਼ੀਨਰੀ ਦੇ ਦੰਦ ਤਿੱਖੇ ਕਰ ਰਹੀਆਂ ਹਨ, ਉੱਥੇ ਦੂਸਰੇ ਪਾਸੇ ਲੋਕ ਰੋਹ 'ਤੇ ਠੰਡੇ ਪਾਣੀ ਦੇ ਛਿੱਟੇ ਮਾਰਨ ਲਈ ਕਿਰਤੀ ਲੋਕਾਂ ਨੂੰ ਕੁਝ ਰਿਆਇਤਾਂ ਦੇ ਕੇ ਵਰਿਆਉਣ ਦੀਆਂ ਕੋਸ਼ਿਸ਼ਾਂ ਵੀ ਕਰਦੀਆਂ ਹਨ। ਦੇਸ਼ ਦੇ ਵੱਖ-ਵੱਖ ਰਾਜਾਂ ਦੇ ਪੇਂਡੂ ਇਲਾਕਿਆਂ ਵਿੱਚ ਲਾਗੂ ਨਰੇਗਾ ਇੱਕ ਅਜਿਹੀ ਹੀ ਕੋਸ਼ਿਸ਼ ਹੈ। ਇਸ ਬਜਟ ਵਿੱਚ ਨਰੇਗਾ ਵਾਸਤੇ ਧਨ ਰਾਸ਼ੀ ਵਿੱਚ ਵੀ 144 ਫ਼ੀਸਦੀ ਵਾਧਾ ਕੀਤਾ ਗਿਆ ਹੈ।

1947 ਤੋਂ ਬਾਅਦ ਦੇਸ਼ ਦੀ ਖੇਤੀ ਵਿੱਚ ਚੱਲੀ ਪੂੰਜੀਵਾਦੀ ਪ੍ਰਕਿਰਿਆ ਕਾਰਨ ਕਿਸਾਨੀ ਵਿੱਚ ਧਰੁਵੀਕਰਨ ਦੀ ਪ੍ਰਕਿਰਿਆ ਨੇ ਵੀ ਜ਼ੋਰ ਫੜਿਆ। ਗਰੀਬ ਕਿਸਾਨ ਪੂੰਜੀ ਦੀ ਥੁੜ ਕਾਰਨ ਜ਼ਮੀਨ ਅਤੇ ਹੋਰ ਪੈਦਾਵਾਰ ਦੇ ਸੰਦਾਂ-ਸਾਧਨਾਂ ਤੋਂ ਵਿਰਵੇ ਹੁੰਦੇ ਗਏ ਅਤੇ ਰੁਜ਼ਗਾਰ ਦੀ ਤਲਾਸ਼ ਵਿੱਚ ਸ਼ਹਿਰਾਂ 'ਚ ਆਉਣ ਲੱਗੇ। ਖੇਤੀ ਦੇ ਵਧ ਰਹੇ ਮਸ਼ੀਨੀਕਰਨ ਕਾਰਨ ਵੀ ਪੇਂਡੂ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਘਟਦੇ ਗਏ ਅਤੇ ਲੋਕ ਵੱਡੀ ਪੱਧਰ 'ਤੇ ਸ਼ਹਿਰਾਂ ਵੱਲ ਆਉਣ ਲੱਗੇ। 1991 'ਚ ਨਵੀਂ ਆਰਥਿਕ ਨੀਤੀ ਦੀ ਆਮਦ ਤੋਂ ਬਾਅਦ ਪਿੰਡਾਂ ਤੋਂ ਸ਼ਹਿਰਾਂ ਵੱਲ ਲੋਕਾਂ ਦੇ ਆਉਣ ਦੀ ਰਫ਼ਤਾਰ ਹੋਰ ਤੇਜ਼ ਹੋ ਗਈ। ਸ਼ਹਿਰ ਪਹਿਲਾਂ ਹੀ ਗਰੀਬੀ, ਬੇਰੁਜ਼ਗਾਰੀ ਦੇ ਬੋਝ ਹੇਠ ਚਰਮਰਾ ਰਹੇ ਸਨ। ਉਪਰੋਂ ਪੇਂਡੂ ਖੇਤਰਾਂ ਤੋਂ ਕਰੋੜਾਂ ਲੋਕਾਂ ਦਾ ਸ਼ਹਿਰਾਂ ਵੱਲ ਪਲਾਇਨ ਪੂੰਜੀਵਾਦੀ ਢਾਂਚੇ ਲਈ ਨਵੇਂ ਖਤਰੇ ਖੜ੍ਹੇ ਕਰ ਰਿਹਾ ਸੀ। ਨਰੇਗਾ ਪਿੰਡਾਂ ਤੋਂ ਸ਼ਹਿਰਾਂ ਵੱਲ ਲੋਕਾਂ ਦੀ ਆਮਦ ਦੇ ਰਾਹ 'ਚ ਸਪੀਡ ਬ੍ਰੇਕਰ ਹੈ। ਇਹ ਲੋਕਾਂ ਨੂੰ ਪਿੰਡਾਂ 'ਚ ਹੀ ਬੰਨ੍ਹ ਕੇ ਰੱਖਣ ਦਾ ਯਤਨ ਹੈ। ਇਸ ਨਾਲ਼ ਪੂੰਜੀਵਾਦੀ ਢਾਂਚੇ ਨੂੰ ਦੂਹਰਾ ਫਾਇਦਾ ਹੁੰਦਾ ਹੈ। ਇੱਕ ਤਾਂ ਲੋਕਾਂ ਦੇ ਸ਼ਹਿਰਾਂ ਵੱਲ ਆਉਣ ਦੀ ਰਫ਼ਤਾਰ ਮੱਠੀ ਪਈ ਹੈ, ਦੂਜੇ ਪਾਸੇ ਲੋਕਾਂ ਨੂੰ ਨਰੇਗਾ ਤਹਿਤ ਰੁਜ਼ਗਾਰ ਤੋਂ ਜੋ ਆਮਦਨ ਹਾਸਿਲ ਹੋ ਰਹੀ ਹੈ, ਉਸ ਨਾਲ਼ ਮੌਜੂਦਾ ਆਰਥਿਕ ਮੰਦੀ ਤੋਂ ਉੱਭਰਨ ਵਿੱਚ ਵੀ ਮੱਦਦ ਮਿਲ ਰਹੀ ਹੈ।

ਪਰ ਪੂੰਜੀਵਾਦੀ ਅਰਥਚਾਰੇ ਦਾ ਆਪਣਾ ਹੀ ਨਿਯਮ ਹੈ, ਜੋ ਕਿ ਕਿਸੇ ਦੀ ਵੀ ਇੱਛਾ ਤੋਂ ਅਜ਼ਾਦ ਹੈ। ਇਹ ਨਿਯਮ ਹੈ ਪੂੰਜੀ ਦੇ ਸੰਕੇਂਦਰਣ ਅਤੇ ਕੇਂਦਰੀਕਰਨ ਜ਼ਰੀਏ ਪੂੰਜੀ ਸੰਗ੍ਰਹਿ ਦਾ ਨਿਯਮ। ਭਾਵ ਪੂੰਜੀ ਦਾ ਵਧੇਰੇ ਤੋਂ ਵਧੇਰੇ ਕੁਝ ਹੱਥਾਂ ਵਿੱਚ ਇਕੱਠੇ ਹੁੰਦੇ ਜਾਣਾ ਅਤੇ ਦੂਜੇ ਹੱਥ ਕੰਗਾਲੀ ਦਾ ਵਧਦੇ ਜਾਣਾ। ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਇਸ ਨਿਯਮ ਦੇ ਪੂਰੀ ਤਰ੍ਹਾਂ ਅਮਲ ਵਿੱਚ ਆਉਣ ਦੀ ਰਫ਼ਤਾਰ ਤਾਂ ਕੁਝ ਮੱਠੀ ਪਾ ਸਕਦੀ ਹੈ ਪਰ ਇਸ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕਦੀ ਅਤੇ ਨਾ ਹੀ ਉਹ ਅਜਿਹਾ ਕਰਨਾ ਚਾਹੇਗੀ। ਸਮਾਜ ਦਾ ਦਿਨੋ-ਦਿਨ ਵਧੇਰੇ ਦੋ ਧਰੁਵਾਂ ਇੱਕ ਸੁਪਰ ਅਮੀਰਾਂ ਅਤੇ ਦੂਜੇ ਹੱਥ ਕੰਗਾਲਾਂ ਵਿੱਚ ਵੰਡੇ ਜਾਣਾ, ਇਹੋ ਹੀ ਪੂੰਜੀਵਾਦੀ ਸਮਾਜ ਦੀ ਹੋਣੀ ਹੈ। ਭਾਰਤ ਵਿੱਚ ਇਹੋ ਕੁਝ ਹੋ ਰਿਹਾ ਹੈ ਅਤੇ ਆਉਣ ਵਾਲ਼ੇ ਦਿਨਾਂ ਵਿੱਚ ਹੋਰ ਤੇਜ਼ ਗਤੀ ਨਾਲ਼ ਹੋਵੇਗਾ। ਅਤੇ ਇਸਦੇ ਨਤੀਜੇ ਵਜੋਂ ਲੋਕ ਲਹਿਰਾਂ ਦਾ ਉਭਾਰ ਵੀ ਇੱਕ ਬਾਹਰਮੁਖੀ ਨਿਯਮ ਹੈ। ਹਰ ਕਿਸੇ ਦੀ ਇੱਛਾ ਤੋਂ ਅਜ਼ਾਦ ਇੱਕ ਨਿਯਮ।□

ਭਾਰਤੀ ਪੂੰਜੀਵਾਦੀ ਲੋਕਤੰਤਰ ਦੀ ਅਸਲੀਅਤ

ਸਿਰ.ਫ 12 .ਫੀਸਦੀ ਲੋਕਾਂ ਦੇ ਨੁਮਾਇੰਦੇ ਹਨ ਨਵੀਂ ਸੰਸਦ ਵਿੱਚ

ਪੂੰਜੀਵਾਦੀ ਲੋਕਤੰਤਰ, ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਤੋਂ ਸਿਵਾ ਕੁਝ ਵੀ ਨਹੀਂ ਹੁੰਦਾ। ਇਸ ਵਿੱਚ ਹਰ ਪੰਜ ਵਰ੍ਹੇ ਬਾਅਦ ਲੋਕਤੰਤਰ ਦੀ ਭੈੜੀ ਖੇਡ ਖੇਡੀ ਜਾਂਦੀ ਹੈ, ਜਿਸ ਵਿੱਚ ਇਹ ਫੈਸਲਾ ਹੁੰਦਾ ਹੈ ਕਿ ਅਗਲੇ ਪੰਜ ਵਰ੍ਹਿਆਂ ਤੱਕ ਕਿਰਤੀ ਲੋਕਾਂ ਦੀ ਲੁੱਟ ਦਾ ਅਧਿਕਾਰ ਕਿਸ ਗਰੋਹ ਨੂੰ ਮਿਲੇਗਾ ਅਤੇ ਕਿਹੜਾ ਗਰੋਹ ਮਾਲਕਾਂ ਦੇ ਹਿੱਤ ਵਿੱਚ ਸਾਰੀਆਂ ਨੀਤੀਆਂ-ਕਾਲ਼ੇ ਕਾਨੂੰਨ ਲਾਗੂ ਕਰੇਗਾ। ਕਮਾਲ ਦੀ ਗੱਲ ਇਹ ਹੈ ਕਿ ਇਸਨੂੰ ਬਹੁਗਿਣਤੀ ਦੇ ਰਾਜ ਦੇ ਰੂਪ ਵਿੱਚ ਪ੍ਰਚਾਰਿਆ ਜਾਂਦਾ ਹੈ। ਪਰ ਅਸਲ ਵਿੱਚ, ਇਹ ਘੱਟਗਿਣਤੀ ਦਾ ਬਹੁਗਿਣਤੀ ਉੱਤੇ ਰਾਜ ਹੁੰਦਾ ਹੈ ਅਤੇ ਪੂੰਜੀਪਤੀ ਅਤੇ ਉਹਨਾਂ ਦੀ ਜੂਠ ਚੱਟਣ ਵਾਲੇ ਬੁੱਧੀਜੀਵੀ, ਅਖ਼ਬਾਰ, ਨੇਤਾ-ਅਭਿਨੇਤਾ ਸਾਰੇ ਇਸੇ "ਮਹਾਨ ਲੋਕਤੰਤਰ" ਦੀ ਦੁਹਾਈ ਦਿੰਦੇ ਨਹੀਂ ਥੱਕਦੇ।

ਵੋਟਰਾਂ ਨੂੰ ਵੋਟ ਦੇਣ ਲਈ ਮਨਾਉਣ ਲਈ ਸਾਰੇ ਪ੍ਰਚਾਰ ਦੇ ਬਾਵਜੂਦ ਵੀ ਦੇਸ਼ ਦੀਆਂ ਆਮ ਚੋਣਾਂ ਵਿੱਚ ਵੋਟਾਂ ਦਾ ਪ੍ਰਤੀਸ਼ਤ ਵਧਣਾ ਤਾਂ ਦੂਰ ਦੀ ਗੱਲ ਸਗੋਂ ਘੱਟਦਾ ਜਾ ਰਿਹਾ ਹੈ। ਇਸ ਵਾਰ ਕੁਲ ਲੱਗਭਗ 59 ਪ੍ਰਤੀਸ਼ਤ ਵੋਟਰਾਂ ਨੇ ਵੋਟ ਪਾਏ। ਵੋਟ ਕਿਸ ਤਰ੍ਹਾਂ ਪੈਂਦੇ ਹਨ ਇਹ ਕਹਿਣ ਦੀ ਲੋੜ ਨਹੀਂ ।

ਖੈਰ, ਇਸ ਵਾਰ ਚੋਣਾਂ ਜਿੱਤ ਕੇ ਸੰਸਦੀ ਸੂਅਰਵਾੜੇ ਵਿੱਚ ਪਹੁੰਚਣ ਵਾਲੇ ਸੰਸਦੀ ਮੈਂਬਰਾਂ ਨੂੰ ਔਸਤਨ 25 ਪ੍ਰਤੀਸ਼ਤ ਵੋਟ ਹੀ ਮਿਲੇ, ਜਦਕਿ 1997 ਵਿੱਚ ਇਹ ਪ੍ਰਤੀਸ਼ਤ 35.7 ਸੀ। ਜੇਕਰ ਪ੍ਰਤੀਸ਼ਤ ਦੀ ਬਜਾਇ ਸੰਖਿਆਂ ਉੱਤੇ ਗੌਰ ਕੀਤਾ ਜਾਵੇ, ਤਾਂ ਦੇਸ਼ ਦੀ ਕਰੀਬ 115 ਕਰੋੜ ਅਬਾਦੀ ਵਿੱਚੋਂ 71 ਕਰੋੜ ਭਾਵ ਲੱਗਭਗ 61 ਪ੍ਰਤੀਸ਼ਤ ਲੋਕ ਹੀ ਵੋਟਰ ਸਨ। ਅਜਿਹਾ ਨਹੀਂ ਕਿ ਬਾਕੀ ਦੇ 54 ਕਰੋੜ ਲੋਕਾਂ ਵਿੱਚ ਸਾਰੇ 18 ਵਰ੍ਹਿਆਂ ਤੋਂ ਘੱਟ ਦੀ ਉਮਰ ਦੇ ਹਨ। ਇਹਨਾਂ ਵਿੱਚ ਕਈ ਕਰੋੜ ਗਿਣਤੀ ਕਿਰਤੀ ਲੋਕਾਂ ਦੇ ਸਭ ਤੋਂ ਹੇਠਲੇ ਤਬਕਿਆਂ ਦੀ ਹੈ ਜਿਹਨਾਂ ਕੋਲ ਰਹਿਣ ਦਾ ਕੋਈ ਪੱਕਾ ਠਕਾਣਾ ਤੱਕ ਨਹੀਂ ਹੈ ਤਾਂ ਵੋਟਰ ਕਾਰਡ ਕਿਵੇਂ ਬਣੇਗਾ। ਸ਼ਹਿਰਾਂ ਵਿੱਚ ਰਹਿਣ ਵਾਲੇ ਕਰੋੜਾਂ ਮਜ਼ਦੂਰਾਂ ਤੱਕ ਦੇ ਕਾਰਡ ਤੱਕ ਨਹੀਂ ਬਣ ਪਾਉਂਦੇ ਹਨ। ਇਹਨਾਂ 71 ਕਰੋੜ ਵੋਟਰਾਂ ਵਿਚੋਂ ਲੱਗਭਗ 42 ਕਰੋੜ ਨੇ ਇਸ ਵਾਰ ਵੋਟਾਂ ਪਾਈਆਂ। ਇਹਨਾਂ 42 ਕਰੋੜ ਵਿਚੋਂ ਵੀ ਸਿਰਫ਼ 25.7 ਪ੍ਰਤੀਸ਼ਤ ਵੋਟਰਾਂ ਭਾਵ 10.7 ਕਰੋੜ ਲੋਕਾਂ ਦੀਆਂ ਹੀ ਵੋਟਾਂ ਜਿੱਤਣ ਵਾਲੇ ਸੰਸਦ ਮੈਂਬਰਾਂ ਨੂੰ ਮਿਲੀਆਂ। ਭਾਵ ਇਹ ਸੰਸਦ ਮੈਂਬਰ ਲੋਕਾਂ ਦੀ ਕੁਲ ਅਬਾਦੀ ਦੇ ਲੱਗਭਗ 12.3 ਪ੍ਰਤੀਸ਼ਤ ਦੇ ਹੀ ਪ੍ਰਤੀਨਿਧ ਹਨ ਪਰ ਲੋਕਾਂ ਨੂੰ ਵਾਰ-ਵਾਰ ਕਿਹਾ ਜਾਂਦਾ ਹੈ ਕਿ ਲੋਕਤੰਤਰ ਦਾ ਮਤਲਬ ਹੁੰਦਾ ਹੈ ਬਹੁਮਤ ਦਾ ਰਾਜ। ਜਦਕਿ ਅਸਲੀਅਤ ਇਹ ਹੈ ਕਿ ਜੇਕਰ ਇਸ ਪੂੰਜੀਵਾਦੀ ਚੋਣ ਪ੍ਰਣਾਲੀ ਨੂੰ ਹੀ ਪੈਮਾਨਾ ਮੰਨਿਆ ਜਾਵੇ ਤਾਂ ਬਹੁਮਤ ਅਜਿਹੇ ਲੋਕਾਂ ਦਾ ਹੁੰਦਾ ਹੈ ਜੋ ਚੋਣਾਂ ਜਿੱਤਣ ਵਾਲ਼ਿਆਂ ਖਿਲਾ.ਫ ਸਨ। ਇਸ ਵਾਰ ਦੀਆਂ ਆਮ ਚੋਣਾਂ ਵਿੱਚ ਵੋਟਾਂ ਦਾ ਪ੍ਰਤੀਸ਼ਤ ਹੋਰ ਵੀ ਡਿੱਗ ਗਿਆ ਹੈ। ਇਸ ਵਾਰ ਚੋਣਾਂ ਜਿੱਤਣ ਵਾਲ਼ੇ 145 ਸੰਸਦ ਮੈਂਬਰ ਤਾਂ ਆਪਣੇ ਇਲਾਕੇ ਦੇ ਵੋਟਰਾਂ ਦੀਆਂ 20 ਪ੍ਰਤੀਸ਼ਤ ਤੋਂ ਵੀ ਘੱਟ ਵੋਟਾਂ ਨਾਲ਼ ਜਿੱਤ ਕੇ ਸੰਸਦ ਵਿੱਚ ਪਹੁੰਚੇ ਹਨ। ਭਾਵ ਉਹ ਤਾਂ ਮੁਸ਼ਕਿਲ ਨਾਲ਼ 9-10 ਪ੍ਰਤੀਸ਼ਤ ਲੋਕਾਂ ਦੇ ਨੁਮਾਇੰਦੇ ਹਨ।

ਇਹ ਅੰਕੜੇ ਤਾਂ ਬਸ ਇਸ ਸੱਚਾਈ ਦੀ ਪੁਸ਼ਟੀ ਕਰਦੇ ਹਨ ਕਿ ਇਹ ਪੂੰਜੀਵਾਦੀ ਲੋਕਤੰਤਰ, ਅਸਲ ਵਿੱਚ ਬਹੁਗਿਣਤੀ ਅਬਾਦੀ ਉੱਤੇ ਮੁੱਠੀਭਰ ਲੋਕਾਂ ਦਾ ਰਾਜ ਹੁੰਦਾ ਹੈ। ਇਹ ਲੋਕਤੰਤਰ ਨਹੀਂ ਧਨਤੰਤਰ ਹੈ। ਇਹ 20 ਰੁਪਏ ਰੋਜ਼ਾਨਾਂ 'ਤੇ ਗੁਜਾਰਾ ਕਰਨ ਵਾਲ਼ੇ 84 ਕਰੋੜ ਲੋਕਾਂ ਉੱਤੇ, 100 ਕਰੋੜ ਆਮ ਲੋਕਾਂ ਉੱਤੇ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਹੈ, ਜਿਸ ਵਿੱਚ ਪੂੰਜੀਪਤੀਆਂ ਨੂੰ ਲੁੱਟਣ ਦੀ ਅਜ਼ਾਦੀ ਹੈ, ਪਰ ਮਜ਼ਦੂਰਾਂ ਨੂੰ ਸਿਰ.ਫ ਇਹ ਚੁਣਨ ਦੀ ਅਜ਼ਾਦੀ ਹੈ ਕਿ ਕਿਹੜਾ ਮਾਲਕ ਉਸਨੂੰ ਲੁੱਟੇਗਾ। ਏਨਾ ਹੀ ਨਹੀਂ, ਚੋਣਾਂ ਤੋਂ ਬਾਅਦ ਬਣਨ ਵਾਲ਼ੀਆਂ ਇਸ ਜਾਂ ਉਸ ਪਾਰਟੀ ਦੀਆਂ ਸਰਕਾਰਾਂ ਤਾਂ ਸਿਰ.ਫ ਕੁਝ ਨੀਤੀਆਂ ਉੱਤੇ ਠੱਪਾ ਲਾਉਂਦੀਆਂ ਹਨ। ਸਰਕਾਰ ਦਾ ਅਸਲੀ ਕੰਮਕਾਰ ਤਾਂ ਅ.ਫਸਰਸ਼ਾਹੀ ਸੰਭਾਲਦੀ ਹੈ ਜਿਸਦੀ ਲੋਕਾਂ ਪ੍ਰਤੀ ਕੋਈ ਜਵਾਬਦੇਹੀ ਨਹੀਂ ਹੁੰਦੀ।

ਇਸਦਾ ਬਦਲ ਸਿਰਫ ਅਜਿਹਾ ਸੱਚਾ ਲੋਕਤੰਤਰ ਹੀ ਹੋ ਸਕਦਾ ਹੈ, ਜਿਸ ਵਿੱਚ ਉਤਪਾਦਨ ਅਤੇ ਵੰਡ ਦੇ ਨਾਲ਼ ਹੀ ਰਾਜਕਾਜ ਦੇ ਸਾਰੇ ਢਾਂਚੇ 'ਤੇ ਕਿਰਤੀ ਲੋਕਾਂ ਦਾ ਕੰਟਰੋਲ਼ ਹੋਵੇ। ਜਿਸ ਵਿੱਚ ਕਾਰਜਪਾਲਿਕਾ ਅਤੇ ਵਿਧਾਨਕ ਸੰਸਥਾਵਾਂ ਵੱਖ-ਵੱਖ ਨਾ ਹੋਣ। ਨੀਤੀਆਂ ਬਣਾਉਣ ਵਾਲ਼ੇ ਲੋਕਾਂ ਉੱਤੇ ਉਹਨਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਹੋਵੇ ਅਤੇ ਉਹ ਲੋਕਾਂ ਪ੍ਰਤੀ ਜਵਾਬਦੇਹ ਹੋਣ। ਥੱਲੇ ਤੋਂ ਲੈ ਕੇ ਉੱਪਰ ਤੱਕ ਸੱਤ੍ਹਾ ਦੀਆਂ ਸਾਰੀਆਂ ਪਦਵੀਆਂ ਦੇ ਅਧਿਕਾਰੀ ਲੋਕਾਂ ਦੁਆਰਾ ਚੁਣੇ ਜਾਣ ਅਤੇ ਲੋਕਾਂ ਨੂੰ ਉਹਨਾਂ ਨੂੰ ਚੁਨਣ ਦੇ ਨਾਲ਼ ਹੀ ਵਾਪਿਸ ਬਲਾਉਣ ਦਾ ਹੱਕ ਵੀ ਹੋਵੇ। ਅਜਿਹਾ ਲੋਕਤੰਤਰ ਇਸ ਪੂੰਜੀਵਾਦੀ ਢਾਂਚੇ ਅੰਦਰ ਸੰਭਵ ਨਹੀਂ ਹੈ। ਸਿਰ.ਫ ਇੱਕ ਅਜਿਹੇ ਸਮਾਜਿਕ ਢਾਂਚੇ ਵਿੱਚ ਇਹ ਮੁਮਕਿਨ ਹੈ ਜਿਸਦਾ ਅਧਾਰ ਮੁਨਾ.ਫਾ ਨਹੀਂ ਸਗੋਂ ਸਾਰੇ ਆਮ ਲੋਕਾਂ ਦਾ ਹਿੱਤ ਹੋਵੇ। □ —*ਨਮਿਤਾ*

ਕਰੋੜਪਤੀਆਂ ਅਤੇ ਅਪਰਾਧੀਆਂ ਦੀ ਸੰਸਦ

ਪੂੰਜੀਵਾਦੀ ਸਮਾਜ ਵਿੱਚ ਲੋਕਤੰਤਰ ਦਾ ਸਿਰ.ਫ ਪਾਖੰਡ ਹੀ ਹੁੰਦਾ ਹੈ। ਇੱਥੇ ਲੋਕਤੰਤਰ ਅਮੀਰਾਂ ਲਈ ਹੁੰਦਾ ਹੈ ਨਾ ਕਿ ਗਰੀਬ ਕਿਰਤੀ ਲੋਕਾਂ ਲਈ। ਇਤਿਹਾਸ ਵਾਰ-ਵਾਰ ਇਸ ਗੱਲ ਦੀ ਪੁਸ਼ਟੀ ਕਰਦਾ ਰਿਹਾ ਹੈ। ਸਾਡੇ ਦੇਸ਼ ਦੀ 15 ਵੀਂ ਲੋਕ ਸਭਾ ਦੀਆਂ ਆਮ ਚੋਣਾਂ ਦੇ ਨਤੀਜਿਆਂ ਵਿੱਚੋਂ ਇਹ ਗੱਲ ਇਸ ਵਾਰ ਹੋਰ ਵੀ ਜੋਰਦਾਰ ਢੰਗ ਨਾਲ਼ ਉੱਭਰ ਕੇ ਸਾਹਮਣੇ ਆਈ ਹੈ। ਕਾਂਗਰਸ ਦੀ ਅਗਵਾਈ ਵਿੱਚ ਸੰਯੁਕਤ ਪ੍ਰਗਤੀਸ਼ੀਲ ਗਠਜੋੜ ਨੇ ਭਾਂਵੇ ਅਸਾਨੀ ਨਾਲ਼ ਸਰਕਾਰ ਬਣਾ ਲਈ ਹੋਵੇ, ਪਰ ਕੋਈ ਵੀ ਗਠਜੋੜ ਜਾਂ

ਪਾਰਟੀ ਸਪੱਸ਼ਟ ਬਹੁਮਤ ਹਾਸਿਲ ਨਹੀਂ ਕਰ ਸਕੇ ਸਨ। ਪਰ ਸੰਸਦ ਵਿੱਚ ਕਰੋੜਪਤੀਆਂ ਨੂੰ ਸਪੱਸ਼ਟ ਬਹੁਮਤ ਹਾਸਿਲ ਹੋਇਆ ਹੈ। ਜੀ ਹਾਂ, ਸੰਸਦ ਵਿੱਚ ਇਸ ਵਾਰ 543 ਵਿੱਚੋਂ 300 ਐਮ.ਪੀ. ਕਰੋੜਪਤੀ ਹਨ। ਲੋਕ ਸਭਾ ਦੇ ਕੁਲ 543 ਮੈਂਬਰ ਐਲਾਨੀਆਂ ਤੌਰ 'ਤੇ 28 ਅਰਬ ਰੁਪਏ ਦੇ ਮਾਲਕ ਹਨ। ਲੋਕ ਸਭਾ ਦੇ 64 ਯੂਨੀਅਨ ਕੈਬੀਨੇਟ ਮੰਤਰੀ 5 ਅਰਬ ਦੇ ਮਾਲਕ ਹਨ। ਜਿਸ ਦੇਸ਼ ਦੀ 84 ਕਰੋੜ ਅਬਾਦੀ ਦਾ ਗੁਜ਼ਾਰਾ ਰੋਜ਼ਾਨਾ ਮਹਿਜ 20 ਰੁਪਏ ਪ੍ਰਤੀ ਵਿਅਕਤੀ ਤੋਂ ਵੀ ਘੱਟ ਉੱਤੇ ਹੁੰਦਾ ਹੈ, ਜਿੱਥੇ ਲੋਕ ਭੁੱਖ-ਪਿਆਸ ਨਾਲ਼ ਨਾਲ਼ ਮਰ ਰਹੇ ਹਨ, ਬਿਮਾਰੀਆਂ ਨਾਲ਼ ਗ੍ਰਸੇ ਬਿਨਾਂ ਇਲਾਜ ਤੋਂ ਤੜਫ਼ ਰਹੇ ਹਨ, ਬੱਚੇ ਜਿੱਥੇ ਸਿੱਖਿਆ ਤੋਂ ਵਾਂਝੇ ਹਨ ਅਤੇ ਉਹਨਾਂ ਨੂੰ ਵੀ ਮਜ਼ਦੂਰੀ ਕਰਕੇ ਢਿੱਡ ਭਰਨਾ ਪੈ ਰਿਹਾ ਹੈ, ਜਿੱਥੇ ਮਜ਼ਦੂਰ ਬੇਕਾਰੀ, ਤਾਲਾਬੰਦੀਆਂ ਅਤੇ ਛਾਂਟੀਆਂ ਦੇ ਸ਼ਿਕਾਰ ਹੋ ਰਹੇ ਹਨ, ਜਿੱਥੇ ਕਰਜ਼ੇ ਵਿੱਚ ਡੁੱਬੇ ਗਰੀਬ ਕਿਸਾਨ ਪਰਿਵਾਰਾਂ ਸਮੇਤ ਆਤਮਹੱਤਿਆਵਾਂ ਕਰ ਰਹੇ ਹਨ, ਜਿੱਥੇ ਔਰਤਾਂ ਗੁਜ਼ਾਰੇ ਲਈ ਆਪਣਾ ਸ਼ਰੀਰ ਤੱਕ ਵੇਚਣ ਲਈ ਮਜ਼ਬੂਰ ਹੋਣ, ਉਸ ਦੇਸ਼ ਦੇ ਲੋਕਾਂ ਨਾਲ਼ ਇਸਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਉਹਨਾਂ ਦੇ ਭਵਿੱਖ ਦਾ ਫੈਸਲਾ ਕਰਨ ਲਈ ਕਰੋੜਪਤੀਆਂ ਤੋਂ ਲੈ ਕੇ ਖਰਬਪਤੀ ਸਿੰਘਾਸਨਾਂ ਉੱਤੇ ਬੈਠੇ ਹੋਣ।

ਜਿਵੇ ਕਿ ਅਸੀਂ ਕਿਹਾ ਹੈ ਕਿ ਇਸ ਵਾਰ 300 ਕਰੋੜਪਤੀ ਐਮ.ਪੀ. ਬਣੇ ਹਨ। ਪਰ ਇਹ ਅੰਕੜਾ ਤਾਂ ਇਹਨਾਂ ਦੀ ਜਾਇਦਾਦ ਬਾਰੇ ਉਸ ਜਾਣਕਾਰੀ 'ਤੇ ਅਧਾਰਿਤ ਹੈ ਜੋ ਇਹਨਾਂ ਖੁਦ ਹੀ ਚੋਣਾਂ ਲੜਨ ਤੋਂ ਪਹਿਲਾਂ ਚੋਣ ਕਮਿਸ਼ਨ ਕੋਲ਼ ਦਰਜ ਕਰਵਾਈ ਸੀ। ਕੋਈ ਵੀ ਸਮਝ ਸਕਦਾ ਹੈ ਕਿ ਉਹਨਾਂ ਦੁਆਰਾ ਦਰਜ ਕਰਵਾਈ ਗਈ ਇਹ ਜਾਣਕਾਰੀ ਝੂਠ ਦੇ ਪੁਲੰਦੇ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦੀ। ਇਸ ਅਧਾਰ ਉੱਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਬਾਕੀ ਦੇ ਸੰਸਦ ਮੈਂਬਰਾਂ ਵਿਚੋਂ ਵੀ ਜਿਆਦਾਤਰ ਕਰੋੜਪਤੀ ਤੋਂ ਘੱਟ ਨਹੀਂ ਹੋਣਗੇ।

ਅੱਜ ਭਾਂਵੇਂ ਕੋਈ ਵੀ ਚੁਣਾਵੀ ਪਾਰਟੀ ਹੋਵੇ, ਹਰ ਇੱਕ ਲੋਕਾਂ ਦੀ ਸੱਚੀ ਦੁਸ਼ਮਣ ਹੈ। ਕਿਸੇ ਵੀ ਤਰ੍ਹਾਂ ਦੀ ਪਾਰਟੀ ਜਾਂ ਗਠਜੋੜ ਦੀ ਸਰਕਾਰ ਬਣੇ ਸਾਰੇ ਲੋਕ ਵਿਰੋਧੀ ਨੀਤੀਆਂ ਹੀ ਲਾਗੂ ਕਰ ਰਹੇ ਹਨ। ਪੂੰਜੀਪਤੀ ਜਮਾਤ ਦੀ ਸੇਵਾ ਕਰਨਾ ਹੀ ਉਹਨਾਂ ਦਾ ਮਕਸਦ ਹੈ।ਅੱਜ ਰਾਜਸੱਤਾ ਦੁਆਰਾ ਦੇਸੀ-ਵਿਦੇਸ਼ੀ ਪੂੰਜੀ ਦੇ ਹਿੱਤ ਵਿੱਚ ਕੱਟੜਤਾ ਨਾਲ਼ ਲਾਗੂ ਕੀਤੀਆਂ ਜਾ ਰਹੀਆਂ ਵਿਸ਼ਵੀਕਰਨ-ਉਦਾਰੀਕਰਨ-ਨਿਜੀਕਰਨ ਦੀਆਂ ਘੋਰ ਲੋਕ ਵਿਰੋਧੀ ਨੀਤੀਆਂ ਨਾਲ਼ ਕੋਈ ਵੀ ਚੁਣਾਵੀ ਪਾਰਟੀ ਨਾ ਤਾਂ ਅਸਹਿਮਤ ਹੈ, ਅਤੇ ਨਾ ਹੀ ਅਸਹਿਮਤ ਹੋ ਸਕਦੀ ਹੈ। ਇਹ ਉਹਨਾਂ ਦੀ ਹੋਂਦ ਲਈ ਇੱਕ ਲਾਜਮੀ ਸ਼ਰਤ ਹੈ। ਕਾਂਗਰਸ, ਭਾਜਪਾ, ਬਸਪਾ ਤੋਂ ਲੈ ਕੇ ਹੋਰ ਸਾਰੀਆਂ ਕੌਮੀ ਅਤੇ ਖੇਤਰੀ ਰਾਜਨੀਤਕ ਪਾਰਟੀਆਂ ਅਤੇ ਨਾਲ਼ ਹੀ ਮਜ਼ਦੂਰਾਂ-ਗਰੀਬਾਂ ਲਈ ਨਕਲੀ ਹੰਝੂ ਵਹਾਉਣ ਵਾਲੀਆਂ ਅਖੌਤੀ ਲਾਲ ਝੰਡੇ ਵਾਲੀਆਂ ਚੁਣਾਵੀ ਕਮਿਊਨਿਸਟ ਪਾਰਟੀਆਂ ਸਾਰੀਆਂ ਹੀ ਇਹਨਾਂ ਨੀਤੀਆਂ ਦੇ ਪੱਖ ਵਿੱਚ ਖੁੱਲ ਕੇ ਸਾਹਮਣੇ ਆ ਚੁੱਕੀਆਂ ਹਨ। ਇਹਨਾਂ ਪਾਰਟੀਆਂ ਕੋਲ਼ ਅਜਿਹਾ ਕੁਝ ਵੀ ਖਾਸ ਨਹੀਂ ਹੈ ਜਿਸ ਜ਼ਰੀਏ ਉਹ ਲੋਕਾਂ ਨੂੰ ਲੁਭਾ ਸਕਣ। ਉਹ ਲੋਕਾਂ ਨੂੰ ਲੁਭਾਉਣ ਲਈ ਜੋ ਵਾਅਦੇ ਕਰਦੇ ਵੀ ਹਨ, ਇਹਨਾਂ ਸਾਰੀਆਂ ਪਾਰਟੀਆਂ ਨੂੰ ਪਤਾ ਹੈ ਕਿ ਲੋਕ ਹੁਣ ਉਹਨਾਂ ਦਾ ਬਹੁਤਾ ਵਿਸ਼ਵਾਸ ਨਹੀਂ ਕਰਦੇ। ਪੈਸੇ ਦੇ ਖੁੱਲ ਕੇ ਇਸਤੇਮਾਲ ਤੋਂ ਬਿਨਾਂ ਕੋਈ ਪਾਰਟੀ ਜਾਂ ਲੀਡਰ ਚੋਣ ਜਿੱਤ ਹੀ ਨਹੀਂ ਸਕਦਾ। ਵੋਟਾਂ ਹਾਸਿਲ ਕਰਨ ਲਈ ਲੀਡਰਾਂ ਦੀ ਹਵਾ ਬਣਾਉਣ ਲਈ ਵੱਡੇ ਪੱਧਰ 'ਤੇ ਪ੍ਰਚਾਰ ਹੋਵੇ ਜਾਂ ਵੋਟਰਾਂ ਨੂੰ ਡਰਾਉਣਾ ਧਮਕਾਉਣਾ ਹੋਵੇ, ਬੂਥਾਂ 'ਤੇ ਕਬਜੇ ਕਰਨੇ ਹੋਣ, ਲੋਕਾਂ ਤੋਂ ਧਰਮ-ਜਾਤ ਦੇ ਨਾਂ 'ਤੇ ਵੋਟਾਂ ਬਟੋਰਨੀਆਂ ਹੋਣ—ਇਹਨਾਂ ਸਭ ਹੱਥਕੰਡਿਆਂ ਲਈ ਮੋਟੇ ਪੈਸੇ ਦੀ ਜ਼ਰੂਰਤ ਪੈਂਦੀ ਹੈ। ਪੂੰਜੀਵਾਦੀ ਰਾਜਨੀਤੀ ਦੀ ਇਹ ਖੇਡ ਐਂਵੇਂ ਹੀ ਜਿੱਤੀ ਜਾਂਦੀ ਹੈ। ਭਾਰਤੀ ਪੂੰਜੀਵਾਦੀ ਲੋਕਤੰਤਰ ਦੀ ਉਮਰ ਜਿੰਨੀਂ ਵੱਧਦੀ ਜਾਂਦੀ ਹੈ ਇਹ ਖੇਡ ਓਨੀ ਹੀ ਭੈੜੀ ਹੁੰਦੀ ਜਾ ਰਹੀ ਹੈ। 14 ਵੀਂ ਲੋਕਾਂ ਸਭਾ ਦੀਆਂ ਚੋਣਾਂ ਵਿੱਚ 9 ਪ੍ਰਤੀਸਤ ਉਮੀਦਵਾਰ ਕਰੋੜਪਤੀ ਸਨ ਜਦ ਕਿ ਇਸ ਵਾਰ 16 ਪ੍ਰਤੀਸ਼ਤ ਹਨ। 14 ਵੀਂ ਲੋਕ ਸਭਾ ਵਿੱਚ 154 ਕਰੋੜਪਤੀ ਸਨ ਜੋ ਕਿ ਇਸ ਵਾਰ 300 ਹੋ ਗਏ ਹਨ। ਭਾਵ ਪਿਛਲੀ ਵਾਰ ਨਾਲੋਂ ਦੁਗਣੇ! ਇੱਥੇ ਇਹ ਵੀ ਧਿਆਨ ਦੇਣ ਲਾਇਕ ਹੈ ਕਿ ਇਸ ਵਾਰ ਜਦੋਂ ਕਰੋੜਪਤੀ ਕੁਲ ਉਮੀਦਵਾਰਾਂ ਵਿੱਚੋਂ 16 ਪ੍ਰਤੀਸ਼ਤ ਸਨ ਪਰ ਜਿੱਤ ਹਾਸਿਲ ਕਰਨ ਵਾਲ਼ਿਆਂ ਵਿੱਚ ਇਹਨਾਂ ਦੀ ਗਿਣਤੀ ਹਾਸਿਲ ਜਾਣਕਾਰੀ ਅਨੁਸਾਰ ਲੱਗਭਗ 55 ਪ੍ਰਤੀਸ਼ਤ ਹੈ।

ਇਸ ਵਾਰ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦੀ ਔਸਤਨ ਜਾਇਦਾਦ ਇਸ ਪ੍ਰਕਾਰ ਸੀ—ਕਾਂਗਰਸ-5 ਕਰੋੜ, ਭਾਜਪਾ-2 ਤੋਂ 3 ਕਰੋੜ, ਬਸਪਾ-1.5 ਤੋਂ 2.5 ਕਰੋੜ। ਆਪਣੇ ਆਪ ਨੂੰ ਆਮ ਆਦਮੀ ਦੀ ਪਾਰਟੀ ਕਹਿਣ ਵਾਲ਼ੀ ਕਾਂਗਰਸ ਨੇ 202 ਕਰੋੜਪਤੀਆਂ ਨੂੰ ਟਿਕਟਾਂ ਦਿੱਤੀਆਂ, ਭਾਜਪਾ ਨੇ 129, ਬਸਪਾ ਨੇ 95, ਸਮਾਜਵਾਦੀ ਪਾਰਟੀ ਨੇ 41 ਕਰੋੜਪਤੀਆਂ ਨੂੰ ਲੋਕ ਸਭਾ ਦੀਆਂ ਚੋਣਾਂ ਦੇ ਮੈਦਾਨ ਵਿੱਚ ਉਤਾਰਿਆ। ਕਾਂਗਰਸ ਦੇ 141, ਭਾਜਪਾ ਦੇ 58, ਬਸਪਾ ਦੇ 13, ਅਤੇ ਸਮਾਜਵਾਦੀ ਪਾਰਟੀ ਦੇ 14 ਕਰੜਪਤੀਆਂ ਨੇ ਜਿੱਤ ਹਾਸਿਲ ਕੀਤੀ।

ਆਂਧਰਾ ਪ੍ਰਦੇਸ਼ ਤੋਂ ਚੁਣੇ ਗਏ ਕੁਲ 42 ਸੰਸਦ ਮੈਂਬਰਾਂ ਕੋਲ਼ 606 ਕਰੋੜ ਦੀ ਜਾਇਦਾਦ ਹੈ। ਇਸ ਮਾਮਲੇ ਵਿੱਚ ਇਹ ਪ੍ਰਾਂਤ ਸਭ ਤੋਂ ਅੱਗੇ ਹੈ। ਹਰਿਆਣਾ ਦੇ ਦਸ ਸੰਸਦ ਮੈਂਬਰ ਚੁਣੇ ਗਏ ਜਿਹਨਾਂ ਦੀ ਕੁੱਲ ਜਾਇਦਾਦ 181 ਕਰੋੜ ਹੈ। ਮਹਾਂਰਾਸ਼ਟਰ ਦੇ ਸੰਸਦ ਮੈਂਬਰਾਂ ਕੋਲ਼ 500 ਕਰੋੜ, ਤਮਿਲਨਾਡੂ ਦੇ ਸੰਸਦ ਮੈਂਬਰਾਂ ਕੋਲ਼ 450 ਕਰੋੜ ਦੀ ਜਾਇਦਾਦ, ਉੱਤਰ ਪ੍ਰਦੇਸ਼ ਦੇ ਸੰਸਦ ਮੈਂਬਰਾਂ ਕੋਲ਼ 400 ਕਰੋੜ ਦੀ ਜਾਇਦਾਦ, ਕਰਨਾਟਕ ਦੇ ਸੰਸਦ ਮੈਂਬਰ 160 ਕਰੋੜ ਅਤੇ ਪੰਜਾਬ ਦੇ ਸੰਸਦ ਮੈਂਬਰਾਂ ਕੋਲ 150 ਕਰੋੜ ਦੀ ਜਾਇਦਾਦ ਹੈ। ਰਾਜਸਥਾਨ, ਮੱਧਪ੍ਰਦੇਸ਼, ਬਿਹਾਰ, ਉੜੀਸਾ, ਦਿੱਲੀ, ਗੁਜਰਾਤ, ਅਸਾਮ, ਪੱਛਮੀ ਬੰਗਾਲ, ਕੇਰਲਾ, ਹਿਮਾਚਲ ਪ੍ਰਦੇਸ਼, ਮੇਘਾਲਿਆ, ਝਾਰਖੰਡ, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਅਰੁਣਾਚਲ ਪ੍ਰਦੇਸ਼ ਦਾ ਹਰੇਕ ਸੰਸਦ ਮੈਂਬਰ ਔਸਤਨ 10-10 ਕਰੋੜ ਦਾ ਮਾਲਕ ਹੈ। ਪਾਠਕਾਂ ਨੂੰ ਅਸੀਂ ਇੱਕ ਵਾਰ ਫੇਰ ਯਾਦ ਕਰਾ ਦਈਏ ਕਿ ਇਹ ਅੰਕੜੇ ਉਸ ਜਾਣਕਾਰੀ ਦੇ ਅਧਾਰ ਉੱਤੇ ਪੇਸ਼ ਕੀਤੇ ਗਏ ਹਨ ਜੋ ਲੋਕ ਸਭਾ ਦੀਆਂ ਚੋਣਾਂ ਵਿੱਚ ਭਾਗ ਲੈਣ ਵਾਲ਼ੇ ਉਮੀਦਵਾਰਾਂ ਨੇ ਖੁਦ ਹੀ ਦਰਜ ਕਰਵਾਈ ਸੀ। ਇਸ ਬਾਰੇ

ਕੋਈ ਦੂਜੀ ਰਾਏ ਨਹੀਂ ਦੇ ਸਕਦਾ ਕਿ ਚੋਣਾਂ ਲੜਨ ਵਾਲ਼ੇ ਅਤੇ ਜਿੱਤਣ ਵਾਲੇ ਲੀਡਰਾਂ ਦੀ ਅਸਲ ਜਾਇਦਾਦ ਐਲ਼ਾਨੀ ਜਾਇਦਾਦ ਨਾਲੋਂ ਕਿਤੇ ਵੱਧ ਹੋਵੇਗੀ।

ਸਵਾਲ ਪੈਦਾ ਹੁੰਦਾ ਹੈ ਕਿ ਕਰੋੜਾਂ-ਅਰਬਾਂਪਤੀ ਵਿਅਕਤੀ ਰਾਜਨੀਤੀ ਵਿੱਚ ਏਨੇ ਸਿੱਧੇ ਰੂਪ ਵਿੱਚ ਕਿਉਂ ਕੁੱਦ ਰਹੇ ਹਨ। ਅਸਲ ਵਿੱਚ ਰਾਜਨੀਤੀ ਅੱਜ ਦੀ ਤਰੀਕ ਵਿੱਚ ਸਭ ਤੋਂ ਵੱਧ ਫਾਇਦੇਮੰਦ ਧੰਦਾ ਬਣ ਚੁੱਕੀ ਹੈ। ਇਸ ਗੱਲ 'ਤੇ ਯਕੀਨ ਕਰਨ ਲਈ ਸਿਰਫ਼ ਇੱਕ ਉਦਾਹਰਣ ਹੀ ਕਾਫ਼ੀ ਹੈ— 14 ਵੀਂ ਲੋਕ ਸਭਾ ਵਿੱਚ ਵਿਜਯਵਾੜਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਾਜਗੋਪਾਲ ਦੀ ਜਾਇਦਾਦ 14 ਵੀਂ ਲੋਕ ਸਭਾ ਦੀਆਂ ਚੋਣਾਂ ਸਮੇਂ 9 ਕਰੋੜ ਸੀ। ਤੁਸੀਂ ਹੈਰਾਨ ਹੋਵੋਂਗੇ ਕਿ 15 ਵੀਂ ਲੋਕ ਸਭਾ ਚੋਣਾਂ ਤੱਕ ਆਉਂਦੇ-ਆਉਂਦੇ ਉਸਦੀ ਜਾਇਦਾਦ 229 ਕਰੋੜ ਹੋ ਗਈ!

ਕਹਿਣ ਦੀ ਲੋੜ ਨਹੀਂ ਕਿ ਇਹਨਾਂ ਅਮੀਰ ਲੀਡਰਾਂ ਕੋਲ਼ ਏਨਾ ਪੈਸਾ ਲੋਕਾਂ ਦੀ ਕੀਤੀ ਜਾਂਦੀ ਬੇਹਿਸਾਬ ਲੁੱਟ ਰਾਹੀਂ ਹੀ ਇਕੱਠਾ ਹੁੰਦਾ ਹੈ। ਇਹ ਲੁਟੇਰੇ ਲੋਕਾਂ ਦੇ ਅਪਰਾਧੀ ਹਨ। ਪਰ ਦੇਸ਼ ਦਾ ਕਾਨੂੰਨ ਇਹਨਾਂ ਨੂੰ ਅਪਰਾਧੀ ਨਹੀਂ ਮੰਨਦਾ। ਸੰਸਦ ਵਿੱਚ ਲੋਕਾਂ ਦੇ ਇਹ ਅਪਰਾਧੀ ਸ਼ਾਨ ਨਾਲ਼ ਬੈਠੇ ਹਨ। ਪਰ ਸੰਸਦ ਵਿੱਚ ਉਹਨਾਂ ਦੀ ਵੀ ਵੱਡੀ ਗਿਣਤੀ ਹੈ ਜਿਹਨਾਂ 'ਤੇ ਭਾਰਤੀ ਕਾਨੂੰਨ ਤਹਿਤ ਵੀ ਅਨੇਕਾਂ ਅਪਰਾਧਿਕ ਮਾਮਲੇ ਦਰਜ ਹਨ। 15ਵੀਂ ਲੋਕ ਸਭਾ ਵਿੱਚ ਇਹਨਾਂ ਦੀ ਗਿਣਤੀ 150 ਹੈ। ਇਹਨਾਂ ਦੀ ਗਿਣਤੀ ਵੀ 14 ਵੀਂ ਲੋਕ ਸਭਾ ਨਾਲ਼ੋਂ ਵੱਧ ਗਈ ਹੈ। ਪਹਿਲਾਂ ਅਪਰਾਧੀ ਸੰਸਦ ਮੈਂਬਰਾਂ ਦੀ ਗਿਣਤੀ 128 ਸੀ। ਇਸ ਵਾਰ ਸੰਸਦ 'ਚ ਕੁਰਸੀਆਂ ਮੱਲਣ ਵਾਲੇ ਅਪਰਾਧੀ ਲੀਡਰਾਂ ਚੋਂ 72 ਤਾਂ ਅਜਿਹੇ ਹਨ ਜਿਨ੍ਹਾਂ 'ਤੇ ਬਹੁਤ ਹੀ ਗੰਭੀਰ ਮਾਮਲੇ ਦਰਜ ਹਨ। ਅਪਰਾਧੀਆਂ ਨੂੰ ਨੇਤਾਗਿਰੀ ਕਰਾਉਣ ਦੇ ਮਾਮਲੇ 'ਚ ਵੀ ਕੋਈ ਵੀ ਚੁਣਾਵੀ ਪਾਰਟੀ ਪਿੱਛੇ ਨਹੀਂ ਹੈ। ਦੋ ਮੁੱਖ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੇ ਕ੍ਰਮਵਾਰ 42 ਅਤੇ 41 ਸੰਸਦ ਮੈਂਬਰ ਅਪਰਾਧੀ ਹਨ। ਸਪੱਸ਼ਟ ਹੈ ਕਿ ਇਹ ਪਾਰਟੀਆਂ ਗੁੰਡਾ-ਗਿਰੋਹਾਂ ਤੋਂ ਛੁਟ ਹੋਰ ਕੁਝ ਵੀ ਨਹੀਂ ਹਨ। ਸਾਫ਼ ਵੇਖਿਆ ਜਾ ਸਕਦਾ ਹੈ ਕਿ ਅਪਰਾਧੀਆਂ ਅਤੇ ਸਿਆਸਤਦਾਨਾਂ ਨੂੰ ਵੰਡਦੀ ਧੁੰਦਲੀ ਰੇਖਾ ਵੀ ਹੁਣ ਮਿਟ ਚੁੱਕੀ ਹੈ। ਅੱਜ ਹਾਲਤ ਇਹ ਹੈ ਕਿ ਅਪਰਾਧੀ ਸਿਆਸਤਦਾਨ ਬਣ ਗਏ ਹਨ ਅਤੇ ਸਿਆਸਤਦਾਨ ਅਪਰਾਧੀ। ਕੀ ਸਾਨੂੰ ਇਹਨਾਂ ਗੁੰਡੇ-ਅਪਰਾਧੀਆਂ ਤੋਂ ਭਲਾਈ ਦੀ ਥੋੜੀ ਜਿਹੀ ਵੀ ਆਸ ਰੱਖਣੀ ਚਾਹੀਦੀ ਹੈ?

ਇਹ ਹੈ ਸਾਡੇ ਦੇਸ਼ ਦੇ ਲੋਕਤੰਤਰ ਦੀ ਅਸਲ ਤਸਵੀਰ ਅਤੇ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਹੈ!□ *—ਲਖਵਿੰਦਰ*

ਇਹ ਆਮ ਲੋਕਾਂ ਦੇ ਨੁਮਾਇੰਦਿਆਂ ਦੀ ਚੋਣ ਹੈ ਜਾਂ ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਦੀ!?

ਇਹ ਸਿਰਲੇਖ ਕੁਝ ਅਨੋਖਾ ਲੱਗ ਸਕਦਾ ਹੈ ਅਤੇ ਸ਼ਾਇਦ ਕੁਝ ਵੱਡਾ ਵੀ ਪਰ ਇਸ ਟਿੱਪਣੀ ਦਾ ਮਕਸਦ ਇਹ ਜਾਨਣ ਦੀ ਕੋਸ਼ਿਸ਼ ਕਰਨਾ ਹੈ ਕਿ ਆਖਿਰ ਚੋਣਾਂ ਕਿਸ ਮਕਸਦ ਲਈ ਹੁੰਦੀਆਂ ਹਨ। 1952 ਤੋਂ ਲੈ ਕੇ ਹੁਣ ਤੱਕ ਇਸ ਦੇਸ਼ ਦੇ ਲੋਕਾਂ ਨੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਨਗਰ ਪਾਲਿਕਾਵਾਂ ਤੋਂ ਲੈ ਕੇ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਦੇ ਰੂਪ ਵਿੱਚ ਅਣਗਿਣਤ ਚੋਣਾਂ ਦੇਖੀਆਂ ਹਨ। ਇਸ ਲੋਕਤੰਤਰਿਕ ਮਾਹੌਲ ਵਿੱਚ ਦੇਸ਼ ਦੀ ਹਾਲਤ ਇਹ ਹੈ ਕਿ 77 ਫ਼ੀਸਦੀ ਲੋਕ 20 ਰੁਪਏ ਜਾਂ ਉਸ ਤੋਂ ਵੀ ਘੱਟ ਦੀ ਦਿਹਾੜੀ 'ਤੇ ਗੁਜ਼ਾਰਾ ਕਰ ਰਹੇ ਹਨ, ਅਤੇ 10 ਫੀਸਦੀ ਅਬਾਦੀ ਦੀ ਸਲਾਨਾ ਆਮਦਨ ਕਰੋੜਾਂ-ਅਰਬਾਂ ਵਿੱਚ ਹੈ। ਇਸਤੋਂ ਇੱਕ ਗੱਲ ਸਪੱਸ਼ਟ ਹੈ ਕਿ ਚੋਣਾਂ ਸਾਡੇ-ਤੁਹਾਡੇ ਲਈ ਲੋਕ ਸੇਵਾ ਦੀ ਭਾਵਨਾ ਨਾਲ਼ ਭਰੇ ਲੋਕ ਨੁਮਾਇੰਦਿਆਂ ਦੀ ਚੋਣ ਕਰਨ ਲਈ ਨਹੀਂ ਹੁੰਦੀਆਂ। ਅੱਜ ਦੇਸ਼ ਵਿੱਚ ਜਿਸ ਕਿਸਮ ਦਾ ਵਿਕਾਸ ਹੋ ਰਿਹਾ ਹੈ ਉਹ ਤਾਂ ਹਾਕਮ ਸਿੱਧਾ ਬੰਦੂਕ ਦੀ ਨੋਕ 'ਤੇ ਵੀ ਕਰ ਸਕਦੇ ਸਨ, ਫੇਰ ਚੁਣਾਵੀ ਨਾਟਕ ਅਤੇ ਨਕਲੀ ਲੋਕ ਪ੍ਰਤੀਨਿਧੀਆਂ ਦੀ ਕੀ ਜ਼ਰੂਰਤ?

ਦਰਅਸਲ ਇਹਨਾਂ ਸਵਾਲਾਂ ਦਾ ਸਬੰਧ ਜੁੜਿਆ ਹੋਇਆ ਹੈ ਇਸ ਪੂੰਜੀਵਾਦੀ ਪ੍ਰਬੰਧ ਦੇ ਵਿਕਾਸ ਕ੍ਰਮ ਨਾਲ਼। ਆਪਣੇ ਤੋਂ ਪਹਿਲਾਂ ਦੇ ਪ੍ਰਬੰਧਾਂ ਦੇ ਮੁਕਾਬਲੇ ਪੂੰਜੀਵਾਦੀ ਪ੍ਰਬੰਧ ਨੇ ਉਤਪਾਦਨ ਦੇ ਸਾਧਨਾਂ ਨੂੰ ਅਣਕਿਆਸੇ ਰੂਪ ਵਿੱਚ ਵਿਕਸਿਤ ਕੀਤਾ ਅਤੇ ਇਸੇ ਅਨੁਪਾਤ ਵਿੱਚ ਉਤਪਾਦਨ ਸਬੰਧਾਂ ਨੂੰ ਵੀ। ਉਤਪਾਦਨ ਸਬੰਧਾਂ ਦੇ ਵਿਕਾਸ ਨਾਲ਼ ਹੀ ਆਮ ਲੋਕਾਂ ਵਿੱਚ ਚੇਤਨਾ ਦਾ ਅਣਕਿਆਸੇ ਰੂਪ ਵਿੱਚ ਵਿਕਾਸ ਹੁੰਦਾ ਹੈ। ਅਜਿਹੇ ਸਮੇਂ ਵਿੱਚ ਸਿੱਧੇ ਰੂਪ ਵਿੱਚ ਡੰਡੇ ਨਾਲ਼ ਲੋਕਾਂ 'ਤੇ ਰਾਜ ਕਰਨਾ ਅਸੰਭਵ ਬਣ ਜਾਂਦਾ ਹੈ। ਹਾਕਮ ਜਮਾਤ ਦੀ ਇਹ ਮਜ਼ਬੂਰੀ ਬਣ ਜਾਂਦੀ ਹੈ ਕਿ ਉਹ ਲੋਕਾਂ ਵਿੱਚ ਇਹ ਭਰਮ ਪੈਦਾ ਕਰੇ ਕਿ ਇਹ ਸਾਰਾ ਪ੍ਰਬੰਧ ਉਸੇ ਦੀ ਸਹਿਮਤੀ ਲੈ ਕੇ, ਉਸੇ ਦੁਆਰਾ ਚੁਣੇ ਹੋਏ ਲੋਕ ਨੁਮਾਇੰਦਿਆਂ ਦੁਆਰਾ ਚਲਾਇਆ ਜਾ ਰਿਹਾ ਹੈ। ਇਸੇ ਦੇ ਮੱਦੇਨਜ਼ਰ ਲੋਕਾਂ ਦੀ ਸੇਵਾ ਦੇ ਨਾਂ 'ਤੇ ਪੁਲਿਸ, ਫੌਜ, ਨਿਆਂਪਾਲਿਕਾ ਜਿਹੀਆਂ ਸੰਸਥਾਵਾਂ ਨੂੰ ਪੈਦਾ ਅਤੇ ਵਿਕਸਿਤ ਕੀਤਾ ਜਾਂਦਾ ਹੈ। ਅਸਲ ਵਿੱਚ ਇਹ ਸੰਸਥਾਵਾਂ ਹਮੇਸ਼ਾਂ ਹੀ ਹਾਕਮ ਜਮਾਤਾਂ ਦੀ ਸੇਵਾ ਕਰਦੀਆਂ ਰਹੀਆਂ ਹਨ। ਇਹਨਾਂ ਵਿਚਕਾਰ ਹੀ ਚੋਣਾਂ ਰੂਪੀ ਨਾਟਕ ਵੀ ਰਚਿਆ ਜਾਂਦਾ ਹੈ ਜਿਸ ਵਿੱਚ ਲੋਕ ਸਿੱਧੇ ਆਪਣੇ ਲੋਕ ਨੁਮਾਇੰਦਿਆਂ ਨੂੰ ਚੁਣਨ ਦਾ ਮੌਕਾ ਪ੍ਰਦਾਨ ਕਰਦੇ ਹਨ, ਅਤੇ ਉਹਨਾਂ ਦਾ ਇਹ ਵਿਸ਼ਵਾਸ ਹੋਰ ਪੱਕਾ ਹੋ ਜਾਂਦਾ ਹੈ ਕਿ ਸੱਤ੍ਹਾ ਵਿੱਚ ਬੈਠ ਕੇ ਉਹਨਾਂ ਦੀ ਕਿਸਮਤ ਦਾ ਫੈਸਲਾ ਕਰਨ ਵਾਲ਼ੇ ਦੀ ਚੋਣ ਉਹ ਖੁਦ ਕਰ ਰਹੇ ਹਨ। ਇਹ ਸਿਰਫ਼ ਇੱਕ ਭਰਮ ਹੁੰਦਾ ਹੈ ਹੋਰ ਕੁਝ ਵੀ ਨਹੀਂ।

ਹੁਣੇ ਪਿੱਛੇ ਜਿਹੇ ਹੀ ਮਿਲਿਆ, ਵੱਖ-ਵੱਖ ਉਦਯੋਗਿਕ ਘਰਾਣਿਆਂ ਅਤੇ ਰਿਅਲ ਅਸਟੇਟ ਕੰਪਨੀਆਂ ਦੁਆਰਾ ਦੇਸ਼ ਦੀਆਂ ਦੋ ਸਭ ਤੋਂ ਵੱਡੀਆਂ ਚੁਣਾਵੀ ਪਾਰਟੀਆਂ

(ਬਾਕੀ ਸਫ਼ਾ 32 'ਤੇ)

ਲਿਬਰਹਾਨ ਕਮਿਸ਼ਨ ਦੀ ਰਿਪੋਰਟ

ਇਸ ਅਦਾਲਤ 'ਚ ਬੰਦੇ ਬਿਰਖ਼ ਹੋ ਗਏ...

• ਸੁਖਦੇਵ

ਭਾਰਤ ਇੱਕ ਅਜਿਹਾ ਦੇਸ਼ ਹੈ, ਜਿੱਥੇ ਅਨੇਕਾਂ ਕੌਮਿਅਤਾਂ, ਜਾਤਾਂ ਧਰਮਾਂ ਦੇ ਲੋਕ ਵਸਦੇ ਹਨ। ਭਾਰਤ ਦੇ ਲੋਕਾਂ ਦੀ ਇਹ ਕੌਮੀ, ਜਾਤੀ ਅਤੇ ਧਾਰਮਿਕ ਵਿਭਿੰਨਤਾ ਇਸ ਦੇਸ਼ ਦੇ ਲੁਟੇਰੇ ਹਾਕਮਾਂ ਵਲੋਂ, ਇੱਥੇ ਦੇ ਲੋਕਾਂ ਦੀ ਏਕਤਾ ਨੂੰ ਤੋੜਨ ਲਈ ਇੱਕ ਹਥਿਆਰ ਵਜੋਂ ਹਮੇਸ਼ਾਂ ਵਰਤੀ ਜਾਂਦੀ ਰਹੀ ਹੈ। ਸਾਡੇ ਹਾਕਮਾਂ ਨੇ ਇਹ ਗੁਣ, ਫ਼ਰੰਗੀਆਂ ਤੋਂ ਵਿਰਸੇ 'ਚ ਹਾਸਿਲ ਕੀਤਾ ਹੈ, ਜਿਹਨਾਂ ਨੇ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਤਹਿਤ ਲਗਭਗ ਸੌ ਸਾਲ ਤੋਂ ਵੀ ਵੱਧ ਸਮਾਂ ਸਾਡੇ ਦੇਸ਼ ਨੂੰ ਗੁਲਾਮ ਬਣਾਈ ਰੱਖਿਆ। 1947 'ਚ ਦੇਸ਼ ਦੀ ਰਾਜ ਸੱਤਾ 'ਤੇ ਕਾਬਜ਼ ਹੋਏ ਨਵੇਂ ਹਾਕਮਾਂ ਨੇ ਵੀ ਲੋਕਾਂ ਨੂੰ ਕੌਮ, ਜਾਤ, ਧਰਮ ਦੇ ਅਧਾਰ 'ਤੇ ਆਪਸ ਵਿੱਚ ਲੜਾਉਣ ਵਿੱਚ ਮੁਹਾਰਤ ਹਾਸਲ ਕੀਤੀ ਹੈ ਅਤੇ ਇਸ ਮਾਮਲੇ ਵਿੱਚ ਉਹ ਫਰੰਗੀਆਂ ਦੇ ਯੋਗ ਵਾਰਿਸ ਸਾਬਤ ਹੋਏ ਹਨ। ਲੋਕਾਂ ਦੀਆਂ ਕੌਮੀ, ਜਾਤੀ ਅਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ, ਥਾਂ-ਥਾਂ ਦੰਗੇ ਫਸਾਦ ਕਰਵਾਉਣ ਅਤੇ ਫਿਰ ਲੋਕਾਂ ਦੀਆਂ ਲਾਸ਼ਾਂ 'ਤੇ ਪੈਰ ਰੱਖ ਕੇ ਰਾਜ ਸਿੰਘਾਸਣ ਤੱਕ ਪਹੁੰਚਣ ਦਾ ਧੰਦਾ ਕਿਸੇ ਨਾ ਕਿਸੇ ਰੂਪ ਵਿੱਚ ਸਭੇ ਪੂੰਜੀਵਾਦੀ ਪਾਰਲੀਮਾਨੀ ਪਾਰਟੀਆਂ ਕਰਦੀਆਂ ਹਨ। ਪਰ ਇਹਨਾਂ ਵਿੱਚੋਂ ਸੰਘ ਪਰਿਵਾਰ ਦਾ ਅੰਗ ਭਾਰਤੀ ਜਨਤਾ ਪਾਰਟੀ ਸਭ ਤੋਂ ਮੂਹਰੇ ਹੈ। ਸੰਘ ਪਰਿਵਾਰ ਦਾ ਹਿੰਦੂ ਫਿਰਕੂ ਫਾਸੀਵਾਦ ਪਿਛਲੇ ਢਾਈ ਤਿੰਨ ਦਹਾਕਿਆਂ ਵਿੱਚ ਭਾਰਤ ਦੇ ਕਿਰਤੀ ਲੋਕਾਂ, ਧਾਰਮਿਕ ਘੱਟ ਗਿਣਤੀਆਂ ਲਈ ਵੱਡਾ ਖਤਰਾ ਬਣ ਕੇ ਉੱਭਰਿਆ ਹੈ। ਕਮਿਊਨਿਸਟ, ਮੁਸਲਮਾਨ ਅਤੇ ਇਸਾਈ ਇਸ ਸੰਘੀ ਫਾਸੀਵਾਦ ਦੇ ਮੁੱਖ ਨਿਸ਼ਾਨੇ 'ਤੇ ਹਨ।

ਧਾਰਮਿਕ ਘੱਟ ਗਿਣਤੀਆਂ ਨੂੰ ਭਾਂਵੇਂ ਅਜ਼ਾਦ ਭਾਰਤ ਵਿੱਚ ਹਮੇਸ਼ਾਂ ਡਰ ਸਹਿਮ ਦੇ ਮਾਹੌਲ ਵਿੱਚ ਰਹਿਣਾ ਪਿਆ ਹੈ, ਪਰ ਸੰਘੀ ਫਾਸੀਵਾਦ ਦੇ ਉਭਾਰ ਨੇ ਭਾਰਤ ਵਿੱਚ ਘੱਟ ਗਿਣਤੀ ਧਾਰਮਿਕ ਭਾਈਚਾਰਿਆਂ ਦਾ ਜੀਣਾਂ ਹੋਰ ਵੀ ਦੁੱਭਰ ਕਰ ਦਿੱਤਾ ਹੈ।

ਸੰਘ ਪਰਿਵਾਰ ਦੇ ਕਾਲ਼ੇ ਕਾਰਨਾਮਿਆਂ ਦੀ ਸੂਚੀ ਬਹੁਤ ਲੰਬੀ ਹੈ। 2002 ਵਿੱਚ ਗੁਜ਼ਰਾਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਪਿਛਲੇ ਸਾਲ ਉੜੀਸਾ ਵਿੱਚ ਇਸਾਈਆਂ ਦੇ ਕਤਲੇਆਮ ਦੇ ਤਾਂ ਅਜੇ ਜ਼ਖ਼ਮ ਵੀ ਅੱਥਰੇ ਹਨ। ਪਰ 6 ਦਸੰਬਰ 1992 ਨੂੰ ਅਯੋਧਿਆ ਵਿੱਚ ਬਾਬਰੀ ਮਸਜਿਦ ਦੇ ਡੇਗੇ ਜਾਣ ਦੀ ਥਾਂ ਸੰਘ ਪਰਿਵਾਰ ਦੇ ਕਾਲ਼ੇ ਕਾਰਨਾਮਿਆਂ ਵਿੱਚ ਸਭ ਤੋਂ ਉੱਪਰ ਹੈ। 6 ਦਸੰਬਰ 1992 ਦਾ ਦਿਨ ਭਾਰਤ ਦੇ ਇਤਿਹਾਸ ਦਾ ਕਾਲ਼ਾ ਦਿਨ ਹੈ।

ਦੇਸ਼ ਵਿੱਚ ਪੂੰਜੀਵਾਦੀ ਸਿਆਸਤਦਾਨਾਂ ਵਲੋਂ ਘਪਲ਼ੇ ਘੋਟਾਲ਼ਿਆਂ ਰਾਹੀਂ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਡਕਾਰੀ ਜਾਂਦੀ ਹੈ, ਧਰਮ, ਜਾਤ, ਕੌਮ ਦੇ ਨਾਂ 'ਤੇ ਫਸਾਦ ਕਰਵਾਏ ਜਾਂਦੇ ਹਨ, ਬੇਗੁਨਾਹ ਲੋਕਾਂ ਦਾ ਖੂਨ ਪਾਣੀ ਦੀ ਤਰ੍ਹਾਂ ਵਹਾਇਆ ਜਾਂਦਾ ਹੈ, ਫਿਰ ਸਰਕਾਰ ਇਸ ਦੀ ਜਾਂਚ ਲਈ ਇੱਕ ਕਮਿਸ਼ਨ ਬਣਾਉਂਦੀ ਹੈ। ਕਮਿਸ਼ਨ ਆਪਣੀ ਰਿਪੋਰਟ ਦਿੰਦਾ ਹੈ ਅਤੇ ਫਿਰ ਸੰਸਦ ਰੂਪੀ ਸੂਰਵਾੜੇ ਵਿੱਚ ਇਸ ਉੱਪਰ ਕੁਝ ਦਿਨ ਰੌਲ਼ਾ ਰੱਪਾ ਪੈਂਦਾ ਹੈ। ਉਸਤੋਂ ਬਾਅਦ ਇਸ ਰਿਪੋਰਟ ਨੂੰ ਚੂਹਿਆਂ ਦੇ ਟੁੱਕਣ ਲਈ ਛੱਡ ਦਿੱਤਾ ਜਾਂਦਾ ਹੈ।

ਹਰ ਵਾਰ ਇਵੇਂ ਹੀ ਹੁੰਦਾ ਹੈ। ਇਸ ਵਾਰ ਵੀ ਇਹੋ ਕੁਝ ਹੋਇਆ। ਬਾਬਰੀ ਮਸਜਿਦ ਡੇਗੇ ਜਾਣ ਤੋਂ ਬਾਅਦ ਸਰਕਾਰ ਨੇ ਇਸ ਘਟਨਾ ਦੀ ਜਾਂਚ ਲਈ ਜਸਟਿਸ ਐਮ. ਐਸ. ਲਿਬਰਹਾਨ ਦੀ ਅਗਵਾਈ ਹੇਠ 16 ਦਸੰਬਰ 1992 ਨੂੰ ਇੱਕ ਜਾਂਚ ਕਮਿਸ਼ਨ ਕਾਇਮ ਕੀਤਾ। ਇਸ ਕਮਿਸ਼ਨ ਨੇ ਤਿੰਨ ਮਹੀਨੇ ਅੰਦਰ ਆਪਣੀ ਜਾਂਚ ਰਿਪੋਰਟ ਸਰਕਾਰ ਨੂੰ ਸੌਂਪਣੀ ਸੀ। ਪਰ ਸਭ ਸੰਗ ਸ਼ਰਮ ਲਾਹ ਕੇ ਇਸ ਕਮਿਸ਼ਨ ਨੇ ਲਗਭਗ 17 ਸਾਲਾਂ ਵਿੱਚ ਆਪਣੀ 'ਜਾਂਚ' ਮੁਕੰਮਲ ਕੀਤੀ। ਇਹਨਾਂ 17 ਸਾਲਾਂ ਵਿੱਚ ਇਸ ਕਮਿਸ਼ਨ ਨੇ 48 ਵਾਰ ਆਪਣੇ ਕਾਰਜਕਾਲ ਦੀ ਮਿਆਦ ਵਧਵਾਈ ਅਤੇ 8 ਕਰੋੜ ਤੋਂ ਉੱਪਰ ਰੁਪਏ ਖ਼ਰਚ ਕੀਤੇ।

ਆਓ ਦੇਖੀਏ ਕਿ ਲਿਬਰਹਾਨ ਕਮਿਸ਼ਨ ਨੇ ਕਰੋੜਾਂ ਰੁਪਏ ਖ਼ਰਚ ਕਰਕੇ 17 ਸਾਲਾਂ ਵਿੱਚ ਕੀ ਖੋਜਿਆ। ਲਿਬਰਹਾਨ ਕਮਿਸ਼ਨ ਦੀ ਜਾਂਚ ਰਿਪੋਰਟ ਮੁਤਾਬਿਕ ਰਾਸ਼ਟਰੀ ਸਵੈ ਸੇਵਕ ਸੰਘ ਨੇ ਕਈ ਦਹਾਕੇ ਪਹਿਲਾਂ ਹੀ ਬਾਬਰੀ ਮਸਜਿਦ ਢਾਹੁਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਆਪਣੀਆਂ ਇਹਨਾਂ ਕੋਸ਼ਿਸ਼ਾਂ ਨੂੰ ਇਹ ਉਦੋਂ ਹੀ ਠੋਸ ਰੂਪ ਦੇ ਸਕਿਆ ਜਦੋਂ ਉੱਤਰ ਪ੍ਰਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਜਿਸਦਾ ਮੁੱਖ ਮੰਤਰੀ ਕਲਿਆਣ ਸਿੰਘ ਸੀ। 1992 ਦੇ ਸ਼ੁਰੂ ਤੋਂ ਹੀ ਆਰ.ਐਸ.ਐਸ. ਅਤੇ ਬੀ.ਜੇ.ਪੀ. ਨੇ ਅਯੋਧਿਆ ਅਤੇ ਫ਼ੈਜਾਬਾਦ ਵਿੱਚ ਆਪਣੇ ਵਿਅਕਤੀਆਂ ਦੀ ਤੈਨਾਤੀ ਸ਼ੁਰੂ ਕਰ ਦਿੱਤੀ ਸੀ। ਇਹਨਾਂ ਸ਼ਹਿਰਾਂ ਵਿੱਚੋਂ ਕਈ ਅਫ਼ਸਰਾਂ ਨੂੰ ਹਟਾਇਆ ਗਿਆ ਅਤੇ ਸੰਘ ਦੇ ਪਸੰਦੀਦਾ ਅਫ਼ਸਰਾਂ ਨੂੰ ਤਾਇਨਾਤ ਕੀਤਾ ਗਿਆ। ਇਸ ਹਾਲਤ ਵਿੱਚ 'ਕਾਨੂੰਨ' ਲਾਗੂ ਕਰਨ ਵਾਲ਼ਾ ਕੋਈ ਨਾ ਰਿਹਾ ਅਤੇ ਪੁਲੀਸ ਨੂੰ ਵੀ "ਵਰਦੀਧਾਰੀ ਕਾਰਸੇਵਕਾਂ" ਵਿੱਚ ਬਦਲ ਦਿੱਤਾ ਗਿਆ। ਪੁਲੀਸ ਦੇ ਹਥਿਆਰ ਲੈ ਲਏ ਗਏ ਅਤੇ ਉਹਨਾਂ ਨੂੰ ਸੋਟੀਆਂ ਫੜਾ ਦਿੱਤੀਆਂ ਗਈਆਂ। ਸਰਕਾਰ ਵਲੋਂ ਪੁਲੀਸ ਨੂੰ ਸਖ਼ਤ ਹਦਾਇਤਾਂ ਕੀਤੀਆਂ ਗਈਆਂ ਕਿ 'ਕਾਰਸੇਵਕਾਂ' ਵਿਰੁੱਧ ਕੋਈ ਵੀ ਕਾਰਵਾਈ ਨਾ ਕਰੇ। 6 ਦਸੰਬਰ 1992 ਦੀਆਂ ਕਈ ਦਿਨ ਪਹਿਲਾਂ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਸੰਘ ਨੇ 5 ਲੱਖ 'ਕਾਰਸੇਵਕਾਂ' ਨੂੰ ਅਯੋਧਿਆ ਵਿੱਚ ਢੋਇਆ। ਉਹਨਾਂ ਦੀ ਰਿਹਾਇਸ਼, ਭੋਜਨ, ਪਾਣੀ, ਟਾਇਲਟ ਆਦਿ ਦਾ ਇੰਤਜ਼ਾਮ ਕੀਤਾ ਗਿਆ। ਇਹ ਸਭ ਰਾਜ ਸਰਕਾਰ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾਂ ਸੰਭਵ ਨਹੀਂ ਸੀ। ਮੁੱਖ ਮੰਤਰੀ ਕਲਿਆਣ ਸਿੰਘ ਇਹਨਾਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਾਰ-ਵਾਰ ਅਯੋਧਿਆ ਦੇ ਗੇੜੇ ਮਾਰਦਾ ਰਿਹਾ।

ਕਮਿਸ਼ਨ ਦਾ ਕਹਿਣਾ ਹੈ ਕਿ ਭਾਜਪਾ ਦੇ ਆਗੂ ਐਲ. ਕੇ. ਅਡਵਾਨੀ ਨੇ ਬਾਬਰੀ ਮਸਜਿਦ ਢਾਹੇ ਜਾਣ ਲਈ ਮਾਹੌਲ ਬਣਾਇਆ। ਰਿਪੋਰਟ ਵਿੱਚ ਭਾਜਪਾ ਆਗੂ ਮੁਰਲੀ ਮਨੋਹਰ ਜੋਸ਼ੀ, ਉਮਾ ਭਾਰਤੀ, ਬਜਰੰਗ ਦਲ ਦੇ ਮੁਖੀ ਵਿਨੇ ਕਟਿਆਰ ਸਮੇਤ ਆਰ.ਐਸ.ਐਸ. ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੁਝ ਆਗੂਆਂ ਨੂੰ ਬਾਬਰੀ ਮਸਜਿਦ ਢਾਹੇ ਜਾਣ ਲਈ ਦੋਸ਼ੀ ਠਹਿਰਾਇਆ ਗਿਆ ਹੈ। ਰਿਪੋਰਟ ਦਾ ਇਹ ਵੀ ਕਹਿਣਾ ਹੈ ਕਿ ਕੇਂਦਰ ਵਿੱਚ ਪੀ.ਵੀ. ਨਰਸਿੰਮਹਾ ਰਾਓ ਦੀ ਅਗਵਾਈ ਵਾਲ਼ੀ ਕਾਂਗਰਸ ਸਰਕਾਰ ਨੇ ਵੀ ਇਸ ਘਟਨਾ ਨੂੰ ਰੋਕਣ ਲਈ ਲੋੜੀਂਦੇ ਇੰਤਜ਼ਾਮ ਨਹੀਂ ਕੀਤੇ।

ਇਹ ਹਨ ਲਿਬਰਹਾਨ ਕਮਿਸ਼ਨ ਦੀ ਰਿਪੋਰਟ ਦੇ ਕੁਝ ਅਹਿਮ ਖੁਲਾਸੇ, ਜਿਸ ਵਿੱਚ ਕੁਝ ਵੀ ਨਵਾਂ ਨਹੀਂ ਹੈ। ਸੰਘੀਆਂ ਨੇ ਕੌਮੀ ਅਤੇ ਕੌਮਾਂਤਰੀ ਮੀਡੀਆ ਦੇ ਸਾਹਮਣੇ ਸ਼ਰੇਆਮ ਬਾਬਰੀ ਮਸਜਿਦ ਨੂੰ ਢਾਹਿਆ ਸੀ। ਪੂਰੀ ਦੁਨੀਆਂ ਵਿੱਚ ਕਰੋੜਾਂ ਲੋਕਾਂ ਨੇ ਟੈਲੀਵੀਜ਼ਨ 'ਤੇ ਇਸਦਾ ਸਿੱਧਾ ਪ੍ਰਸਾਰਣ ਦੇਖਿਆ ਸੀ। ਕਰੋੜਾਂ ਲੋਕਾਂ ਨੇ ਉਹ ਵਹਿਸ਼ੀ ਚੇਹਰੇ ਦੇਖੇ ਸਨ ਜੋ ਬਾਬਰੀ ਮਸਜਿਦ ਢਾਹ ਰਹੇ ਸਨ।

ਬਾਬਰੀ ਮਸਜਿਦ ਨੂੰ ਢਾਹੇ ਜਾਣ ਦੀ ਜਾਂਚ ਬਹੁਤ ਪਹਿਲਾਂ ਸੀ.ਬੀ.ਆਈ. ਵੀ ਕਰ ਚੁੱਕੀ ਹੈ। ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਅਯੋਧਿਆ ਦੇ ਇੱਕ ਥਾਣੇ ਵਿੱਚ ਦੋ ਐੱਫ.ਆਈ.ਆਰ. ਦਰਜ਼ ਕੀਤੀਆਂ ਗਈਆਂ ਸਨ- ਪਹਿਲੀ (ਕੇਸ ਨੰਬਰ-197) ਲੱਖਾਂ ਅਗਿਆਤ 'ਕਾਰਸੇਵਕਾਂ' ਖਿਲਾਫ਼ ਸੀ, ਜਦ ਕਿ ਦੂਜੀ (ਕੇਸ ਨੰਬਰ 198) ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਉਮਾ ਭਾਰਤੀ ਸਮੇਤ ਅੱਠ ਵਿਅਕਤੀਆਂ ਖਿਲਾਫ਼ ਸੀ, ਜਿਹਨਾਂ ਉੱਪਰ ਭੜਕਾਊ ਤਕਰੀਰਾਂ ਕਰਨ ਦਾ ਦੋਸ਼ ਸੀ। ਬਾਅਦ ਵਿੱਚ ਇਹ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤੇ ਗਏ ਸਨ। ਸੀ.ਬੀ.ਆਈ. ਨੇ 5 ਅਕਤੂਬਰ 1993 ਨੂੰ ਦਾਇਰ ਕੀਤੀ ਚਾਰਜਸ਼ੀਟ ਵਿੱਚ ਨਾ ਸਿਰਫ਼ ਅਡਵਾਨੀ ਤੇ ਹੋਰਾਂ ਨੂੰ ਦੋਸ਼ੀ ਮੰਨਿਆ ਸੀ ਸਗੋਂ ਇਸ ਵਿੱਚ 5 ਦਸੰਬਰ 1992 ਨੂੰ ਬਜਰੰਗ ਦਲ ਦੇ ਮੁਖੀ ਵਿਨੇ ਕਟਿਆਰ ਦੀ ਰਿਹਾਇਸ਼ 'ਤੇ ਹੋਈ ਗੁਪਤ ਮੀਟਿੰਗ ਦਾ ਵੀ ਜਿਕਰ ਸੀ ਜਿਸ ਵਿੱਚ ਬਾਬਰੀ ਮਸਜਿਦ ਢਾਹੁਣ ਦਾ ਅੰਤਮ ਫੈਸਲਾ ਲਿਆ ਗਿਆ ਸੀ।

ਤਾਂ ਫਿਰ ਲਿਬਰਹਾਨ ਕਮਿਸ਼ਨ ਨੂੰ 17 ਸਾਲਾਂ ਵਿੱਚ ਲੋਕਾਂ ਦੇ ਕਰੋੜਾਂ ਰੁਪਏ ਫੂਕ ਕੇ ਨਵਾਂ ਕੀ ਲੱਭਿਆ ਹੈ। ਕੁਝ ਵੀ ਨਹੀਂ। ਸਭ ਜਾਣਦੇ ਹਨ ਕਿ ਬਾਬਰੀ ਮਸਜਿਦ ਢਾਹੁਣ ਵਾਲ਼ੇ ਕੌਣ ਹਨ। ਸਭ ਜਾਣਦੇ ਹਨ 2002 ਵਿੱਚ ਗੁਜਰਾਤ ਵਿੱਚ ਹਜ਼ਾਰਾਂ ਮੁਸਲਮਾਨਾਂ ਅਤੇ ਪਿਛਲੇ ਸਾਲ ਉੜੀਸਾ ਦੇ ਹਜ਼ਾਰਾਂ ਇਸਾਈਆਂ ਦਾ ਘਾਣ ਕਰਨ ਵਾਲ਼ੇ ਕੌਣ ਹਨ। ਇਹ ਲੋਕ ਵੀ ਜਾਣਦੇ ਹਨ ਅਤੇ ਹਾਕਮ ਵੀ। ਇਹ ਸਭ ਜਾਨਣ ਲਈ ਜਾਂਚ ਕਮਿਸ਼ਨਾਂ ਦੀ ਲੋੜ ਨਹੀਂ ਹੁੰਦੀ। ਇਹ ਜਾਂਚ ਕਮਿਸ਼ਨ ਤਾਂ ਸਿਰਫ਼ ਲੋਕਾਂ ਦੇ ਅੱਖੀਂ ਘੱਟਾ ਪਾਉਣ ਦਾ ਜ਼ਰੀਆ ਹੀ ਹਨ।

1984 ਵਿੱਚ ਦਿੱਲੀ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਭ ਜਾਣਦੇ ਹਨ ਪਰ ਅਜੇ ਤੱਕ ਦਿੱਲੀ ਦੰਗਿਆਂ ਦੇ ਕਿਸੇ ਵੀ ਦੋਸ਼ੀ ਦਾ ਵਾਲ਼ ਤੱਕ ਵੀ ਵਿੰਗਾ ਨਹੀਂ ਹੋਇਆ। ਗੁਜ਼ਰਾਤ 2008 'ਚ, ਕੰਧਾਮਾਲ 'ਚ ਈਸਾਈਆਂ ਦੇ ਕਾਤਲਾਂ ਦਾ ਵੀ ਕੁਝ ਨਹੀਂ ਵਿਗੜਨ ਲੱਗਿਆ। ਲਿਬਰਹਾਨ ਕਮਿਸ਼ਨ ਦੀ ਰਿਪੋਰਟ ਉੱਪਰ ਵੀ ਕੁਝ ਦਿਨ ਸੰਸਦ ਵਿੱਚ ਬਹਿਸਬਾਜ਼ੀ ਦਾ ਡਾਰਮਾ ਖੇਡਿਆ ਜਾਵੇਗਾ। ਉਸਤੋਂ ਬਾਅਦ ਇਸਨੂੰ ਵੀ ਕਿਧਰੇ ਡੂੰਘਾ ਦਫ਼ਨ ਕਰ ਦਿੱਤਾ ਜਾਵੇਗਾ। ਹਾਕਮ ਜਮਾਤਾਂ ਦੇ ਸਭ ਧੜੇ ਇਸ ਹਮਾਮ ਵਿੱਚ ਨੰਗੇ ਹਨ। ਕੌਣ ਕਿਸਨੂੰ ਸਜਾ ਦੇਵੇਗਾ ? ਹਾਕਮ ਜਮਾਤਾਂ ਦੇ ਸਭ ਧੜੇ ਹੀ ਲੋਕਾਂ ਨੂੰ ਪਾੜਨ, ਲੜਾਉਣ, ਮਰਵਾਉਣ, ਲੁੱਟਣ ਅਤੇ ਕੁੱਟਣ ਵਿੱਚ ਇੱਕ ਦੂਜੇ ਤੋਂ ਮੂਹਰੇ ਹਨ। ਇਹਨਾਂ ਤੋਂ ਇਨਸਾਫ਼ ਦੀ ਉਮੀਦ ਕਰਨਾ ਸਿਰੇ ਦੀ ਮੂਰਖਤਾ ਹੈ। ਇਨਸਾਫ਼ ਤਾਂ ਇੱਕ ਦਿਨ ਇਸ ਦੇਸ਼ ਦੇ ਕਿਰਤੀ ਲੋਕ ਕਰਨਗੇ। ਜਦੋਂ ਇਕੱਠੇ ਹੋ ਕੇ ਕਿਰਤੀ ਲੋਕ ਉੱਠਣਗੇ ਲੋਕਾਂ ਦੇ ਇਹਨਾਂ ਕਾਤਲਾਂ ਦੇ ਮੁਕੱਦਮਿਆਂ ਦੀ ਸੁਣਵਾਈ ਹੋਵੇਗੀ।

□

ਇਨਕਲਾਬ ਹੀ ਇੱਕੋ ਇੱਕ ਰਾਹ ਹੈ

(ਸਫ਼ਾ 30 ਦਾ ਬਾਕੀ)

ਰਹਿ ਸਕਦਾ। ਤੇ ਸਮਾਜ ਸੇਵੀ ਸੰਸਥਾਵਾਂ ਮਹਿਜ ਇਸ ਢਾਂਚੇ ਨੂੰ ਟਾਕੀਆਂ ਲਾਉਣ ਦਾ ਕੰਮ ਕਰ ਰਹੀਆਂ ਨੇ। ਇਨਕਲਾਬ ਹੀ ਇੱਕੋ-ਇੱਕ ਰਾਹ ਹੈ ਜੋ ਇਸ ਸਮਾਜ ਨੂੰ ਮਨੁੱਖ ਦੇ ਜਿਉਣ ਲਾਇਕ ਬਣਾ ਸਕਦਾ ਹੈ। ਤੇ ਬੇਸ਼ੱਕ ਭਗਤ ਸਿੰਘ ਦੀਆਂ ਕਹੀਆਂ ਗੱਲਾਂ, ਕਿ ਨੌਜਵਾਨਾਂ ਨੂੰ ਇਨਕਲਾਬ ਦਾ ਰਾਹ ਅਪਣਾਉਣਾ ਹੋਵੇਗਾ ਬਿਲਕੁਲ ਸੱਚ ਹੈ। ਮੇਰੀ ਇਹੀ ਕੋਸ਼ਿਸ਼ ਰਹੇਗੀ ਕਿ ਜੋ ਰਾਹ ਲਲਕਾਰ ਵਿੱਚ ਦੱਸਿਆ ਗਿਆ ਹੈ ਉਸ ਨੂੰ ਆਪਣੀ ਅਸਲ ਜਿੰਦਗੀ ਵਿੱਚ ਲਾਗੂ ਕਰਾਂ ਤੇ ਆਪਣੇ ਸੁਆਰਥ ਤੋਂ ਉੱਪਰ ਉੱਠ ਕੇ ਇਨਕਲਾਬ ਦੇ ਰਾਹ 'ਤੇ ਚੱਲਦਿਆਂ ਮਿਹਨਤਕਸ਼ ਲੋਕਾਂ ਦਾ ਹਿੱਸਾ ਬਣਾਂ। ਲਲਕਾਰ ਦਾ ਅਕਤੂਬਰ-ਦਸੰਬਰ 2007 ਦਾ ਪਹਿਲਾ ਲੇਖ (ਕਿਰਤੀ ਲੋਕਾਂ ਨਾਲ਼ ਏਕਤਾ ਬਣਾਉਣ ਲਈ ਇਨਕਲਾਬੀ ਨੌਜਵਾਨਾਂ-ਵਿਦਿਆਰਥੀਆਂ ਨੂੰ ਕੁਝ ਠੋਸ ਕਦਮ ਚੁੱਕਣੇ ਪੈਣਗੇ) ਸਾਡੇ ਸਾਰਿਆਂ ਲਈ ਹੀ ਇੱਕ ਮਾਰਗਦਰਸ਼ਕ ਹੈ।

ਸ਼ੁਭ ਇੱਛਾਵਾਂ ਸਹਿਤ, ਰਮਿੰਦਰ, ਜੀਰਕਪੁਰ।

ਮੰਦੀ ਨੇ ਖੋਹੇ ਲੱਖਾਂ ਰੁਜ਼ਗਾਰ

● ਸ਼ਵੇਤਾ

ਲਲਕਾਰ ਦੇ ਪਿਛਲੇ ਅੰਕਾਂ ਵਿੱਚ ਲਗਾਤਾਰ ਸੰਸਾਰ ਵਿਆਪੀ ਆਰਥਿਕ ਮੰਦੀ ਬਾਰੇ ਸਮੱਗਰੀ ਦਿੱਤੀ ਗਈ ਹੈ। ਇਸ ਵਿੱਚ ਸਿਲਸਿਲੇਵਾਰ ਢੰਗ ਨਾਲ਼ ਮੰਦੀ ਦੇ ਕਾਰਨਾਂ, ਇਸਦੇ ਸੰਸਾਰ ਪੱਧਰ 'ਤੇ ਪੈਣ ਵਾਲ਼ੇ ਅਸਰਾਂ ਅਤੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਦੁਆਰਾ ਮੰਦੀ ਤੋਂ ਛੁਟਕਾਰਾ ਪਾਉਣ ਲਈ ਅਪਣਾਏ ਗਏ ਨੁਸਖਿਆਂ ਦੀ ਖੁੱਲ ਕੇ ਚਰਚਾ ਕੀਤੀ ਗਈ ਸੀ। ਇਸ ਲੇਖ ਵਿੱਚ ਅਸੀਂ ਮੁੱਖ ਤੌਰ 'ਤੇ ਮੰਦੀ ਵਜੋਂ ਰੁਜ਼ਗਾਰ 'ਤੇ ਪੈਣ ਵਾਲ਼ੇ ਅਸਰ ਨੂੰ ਕੁਝ ਤੱਥਾਂ ਜ਼ਰੀਏ ਸਮਝਣ ਦੀ ਕੋਸ਼ਿਸ਼ ਕਰਾਂਗੇ। ਨਾਲ਼ ਹੀ, 1930 ਦੇ ਦਹਾਕੇ ਦੀ ਮਹਾਂਮੰਦੀ ਅਤੇ ਮੌਜੂਦਾ ਆਰਥਿਕ ਮੰਦੀ ਦੀਆਂ ਆਪਸੀ ਸਮਾਨਤਾਵਾਂ ਉੱਤੇ ਇੱਕ ਨਜ਼ਰ ਮਾਰਾਂਗੇ।

ਵਿਸ਼ਵੀਕਰਨ ਦੇ ਦੌਰ ਵਿੱਚ ਹਰ ਇੱਕ ਖੇਤਰ ਇੱਕ ਦੂਜੇ ਨਾਲ਼ ਮਜ਼ਬੂਤੀ ਨਾਲ਼ ਬੱਝ ਜਾਂਦਾ ਹੈ, ਇਸ ਲਈ ਆਰਥਿਕ ਮੰਦੀ ਭਾਂਵੇਂ ਕਿਸੇ ਇੱਕ ਆਰਥਿਕ ਖੇਤਰ ਵਿੱਚ ਪੈਦਾ ਹੋਈ ਹੈ ਉਸਦਾ ਪ੍ਰਭਾਵ ਹੋਰਨਾਂ ਖੇਤਰਾਂ 'ਤੇ ਪੈਣਾ ਲਾਜ਼ਮੀ ਹੈ। ਮੌਜੂਦਾ ਆਰਥਿਕ ਸੰਕਟ ਵਿੱਚ ਵੀ ਕੁਝ ਅਜਿਹਾ ਹੀ ਵੇਖਣ ਨੂੰ ਮਿਲਿਆ ਹੈ। ਭਾਂਵੇ ਇਸਦੀ ਸ਼ੁਰੂਆਤ ਵਿੱਤੀ ਖੇਤਰ ਤੋਂ ਹੋਈ ਪਰ ਦੇਖਦੇ ਦੇਖਦੇ ਸੰਕਟ ਨੇ ਉਦਯੋਗਿਕ ਅਤੇ ਸੇਵਾ ਖੇਤਰ ਨੂੰ ਵੀ ਆਪਣੀ ਚਪੇਟ ਵਿੱਚ ਲੈ ਲਿਆ। ਕਰਜਿਆਂ ਦੇ ਮਹਿੰਗਾ ਹੁੰਦੇ ਜਾਣ ਨਾਲ਼ ਉਪਭੋਗਤਾ ਖਰੀਦ ਨੂੰ ਵਿੱਤੀ ਇਨਜੈਕਸ਼ਨ ਲਾ ਕੇ ਵਧਾ ਸਕਣਾ ਅਸੰਭਵ ਹੋਣ ਲੱਗ ਪਿਆ, ਖਰੀਦਦਾਰੀ ਵਿੱਚ ਕਮੀ ਆਉਣ ਲੱਗੀ ਜਿਸ ਵਜੋਂ ਮੰਗ ਵਿੱਚ ਕਮੀ ਪੈਦਾ ਹੋਈ। ਨਤੀਜੇ ਵਜੋਂ ਮੈਨੂਫੈਕਚਰਿੰਗ ਖੇਤਰ ਵਿੱਚ ਉਤਪਾਦਨ ਵਿੱਚ ਕਟੌਤੀ ਹੋਈ ਅਤੇ ਇਹਦੇ ਨਾਲ਼ ਹੀ ਸ਼ੁਰੂ ਹੋਇਆ ਛਾਂਟੀਆਂ ਦਾ ਸਿਲਸਿਲਾ। ਤਾਜ਼ਾ ਹਾਲਤ ਅਨੁਸਾਰ ਜੇ ਅਮਰੀਕਾ ਵਿੱਚ ਬੇਰੁਜ਼ਗਾਰੀ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਪਿਛਲੇ ਕਈ ਵਰ੍ਹਿਆਂ ਦੇ ਰਿਕਾਰਡ ਟੁੱਟ ਗਏ ਹਨ। ਆਓ, ਹੁਣ ਤੱਥਾਂ ਦੇ ਅਧਾਰ 'ਤੇ ਮੰਦੀ ਵਜੋਂ ਰੁਜਗਾਰ 'ਤੇ ਪੈਣ ਵਾਲ਼ੇ ਅਸਰਾਂ ਨੂੰ ਸਮਝਿਆ ਜਾਵੇ।

ਪਿੱਛੇ ਜਿਹੇ ਕੌਮਾਂਤਰੀ ਕਿਰਤ ਸੰਗਠਨ (ਆਈ.ਐਲ.ਓ) ਦੀ ਰਿਪੋਰਟ ਸਾਹਮਣੇ ਆਈ ਜਿਸ ਵਿੱਚ ਦੱਸਿਆ ਗਿਆ ਹੈ ਕਿ ਮੰਦੀ ਵਜੋਂ ਇਸ ਵਰ੍ਹੇ ਸੰਸਾਰ ਭਰ ਵਿੱਚ 5 ਕਰੋੜ ਲੋਕਾਂ ਨੂੰ ਬੇਰੁਜ਼ਗਾਰੀ ਦੀ ਮਾਰ ਝੱਲਣੀ ਪਏਗੀ। ਲੱਗਭਗ 1 ਕਰੋੜ 40 ਲੱਖ ਲੋਕ ਬੇਹੱਦ ਗਰੀਬੀ ਵਿੱਚ ਗੁਜ਼ਾਰਾ ਕਰਨ 'ਤੇ ਮਜ਼ਬੂਰ ਹੋ ਜਾਣਗੇ। *ਮੂਡੀਸ ਕੈਪੀਟਲ ਗਰੁੱਪ* ਦੇ ਪ੍ਰਮੁੱਖ ਅਰਥਸ਼ਾਸਤਰੀ ਜੌਨ ਲਾਂਸਕੀ ਦਾ ਕਹਿਣਾ ਹੈ ਕਿ ਸਾਲ 2009 ਵਿੱਚ ਅਮਰੀਕਾ ਵਿੱਚ ਲੱਗਭਗ 20 ਲੱਖ 10 ਹਜ਼ਾਰ ਨੌਕਰੀਆਂ ਦੀ ਕਟੌਤੀ ਕੀਤੀ ਜਾਵੇਗੀ। ਕੁੱਝ ਕੰਪਨੀਆਂ ਦੁਆਰਾ ਛਾਂਟੀ ਦੀ ਪ੍ਰਕਿਰਿਆ 'ਤੇ ਨਜ਼ਰ ਪਾਈ ਜਾਵੇ ਤਾਂ ਨੌਕਰੀਆਂ ਘੱਟ ਹੁੰਦੇ ਜਾਣ ਦੀ ਰਫ਼ਤਾਰ ਦਾ ਅਨੁਮਾਨ ਬੜੀ ਅਸਾਨੀ ਨਾਲ਼ ਲਾਇਆ ਜਾ ਸਕਦਾ ਹੈ। ਅਮਰੀਕਾ ਦੀ ਦੂਜੀ ਸਭ ਤੋਂ ਵੱਡੀ ਸਿਹਤ ਇੰਸ਼ਓਰੈਂਸ ਕੰਪਨੀ *ਵੇਲ ਪੌਇੰਟ* ਨੇ ਲੱਗਭਗ 1500 ਨੌਕਰੀਆਂ ਵਿੱਚ ਕਟੌਤੀ ਕਰਨ ਦੀ ਗੱਲ ਕਹੀ ਹੈ। ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਕੰਪਿਊਟਰ ਪ੍ਰੋਸੈਸਰ ਬਣਾਉਣ ਵਾਲ਼ੀ ਕੰਪਨੀ *ਅਡਵਾਂਸਡ ਮਾਈਕਰੋ* ਨੇ 1100 ਨੌਕਰੀਆਂ ਘੱਟ ਕਰ ਦਿੱਤੀਆਂ ਹਨ ਜੋ ਕੰਮ ਕਰਨ ਵਾਲੇ ਕਰਮਚਾਰੀਆਂ ਦਾ 10 ਪ੍ਰਤੀਸ਼ਤ ਹੈ। ਇਸੇ ਤਰ੍ਹਾਂ *ਜਨਰਲ ਇਲੈਕਟ੍ਰਿਕ* ਦੀ ਵਿੱਤੀ ਸ਼ਾਖਾ ਨੇ ਲੱਗਭਗ 7500 ਤੋਂ 11000 ਕਰਮਚਾਰੀਆਂ ਦੀ ਛਾਂਟੀ ਦੀ ਗੱਲ ਕਹੀ ਹੈ। ਦੁਨੀਆਂ ਦੀ ਸਭ ਤੋਂ ਵੱਡੀ ਹੀਰਾ ਬਣਾਉਣ ਵਾਲ਼ੀ ਕੰਪਨੀ *ਡੀ ਬਿਅਰਜ* ਨੇ 1000 ਨੌਕਰੀਆਂ ਵਿੱਚ ਕਟੌਤੀ ਕੀਤੀ ਹੈ, ਜਪਾਨ ਦੀ ਤੀਸਰੀ ਸਭ ਤੋਂ ਵੱਡੀ ਮੋਟਰ ਕਾਰ ਕੰਪਨੀ ਨੇ 2000 ਨੌਕਰੀਆਂ ਘੱਟ ਕਰਨ ਬਾਰੇ ਕਿਹਾ ਹੈ। ਸਵੀਡਨ ਦੀ ਦੂਸਰੀ ਸਭ ਤੋਂ ਵੱਡੀ ਟਰੱਕ ਨਿਰਮਾਤਾ ਕੰਪਨੀ *ਸਕੇਨਿਆ ਏਵੀ* ਨੇ ਕਿਹਾ ਹੈ ਕਿ ਮੰਦੀ ਵਜੋਂ ਮੰਗ ਵਿੱਚ ਕਮੀ ਕਰਕੇ ਕੰਪਨੀ ਦੇ 2000 ਅਸਥਾਈ ਕਰਮਚਾਰੀਆਂ ਦੇ ਠੇਕੇ ਦਾ ਨਵੀਨੀਕਰਨ ਨਹੀਂ ਕਰੇਗੀ। ਬ੍ਰਿਟੇਨ ਦੀ ਸਭ ਤੋਂ ਵੱਡੀ ਇੰਜੀਨੀਰਿੰਗ ਡਿਜਾਈਨ ਕੰਪਨੀ *ਡਬਲਿਊ ਐਸ ਏਟਕਿੰਸ* ਨੇ ਕੰਪਨੀ ਵਿੱਚ ਮੱਧ ਪੂਰਬ ਦੀ ਬਰਾਂਚ ਵਿੱਚ ਲੱਗਭਗ 210 ਨੌਕਰੀਆਂ ਵਿੱਚ ਕਮੀ ਕਰਨ ਦੀ ਯੋਜਨਾ ਬਣਾਈ ਹੈ। *ਸੋਨੀ* ਨੇ 80,000 ਨੌਕਰੀਆਂ ਵਿੱਚ ਕਟੌਤੀ ਕਰਨ ਦੇ ਨਾਲ਼ ਹੀ ਸੰਸਾਰ ਭਰ ਵਿੱਚ ਲਾਈਆਂ 10 ਪ੍ਰਤੀਸ਼ਤ ਫੈਕਟਰੀਆਂ ਬੰਦ ਕਰਨ ਦਾ ਐਲ਼ਾਨ ਕੀਤਾ ਹੈ।

ਮੰਦੀ ਵਜੋਂ ਸੰਸਾਰ ਵਪਾਰ ਵਿੱਚ ਆਈ ਕਮੀ ਕਰਕੇ ਭਾਰਤ ਅਤੇ ਚੀਨ ਜਿਹੇ ਵਿਕਾਸਸ਼ੀਲ ਅਰਥਚਾਰਿਆਂ 'ਤੇ ਵੀ ਮੰਦੀ ਕਹਿਰ ਢਾਹ ਰਹੀ ਹੈ। ਇਹਨਾਂ ਦੇਸ਼ਾਂ ਵਿੱਚ ਕੁੱਲ ਘਰੇਲੂ ਉਤਪਾਦ ਦਾ ਇੱਕ ਵੱਡਾ ਹਿੱਸਾ ਉਪਭੋਗਤਾ ਸਮੱਗਰੀਆਂ ਦੇ ਨਿਰਯਾਤ ਵਿੱਚ ਡੂੰਘਾ ਪ੍ਰਭਾਵ ਪੈ ਰਿਹਾ ਹੈ। ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ) ਅਨੁਸਾਰ ਉਭਰਦੇ ਅਤੇ ਵਿਕਾਸਸ਼ੀਲ ਅਰਥਚਾਰਿਆਂ ਵਿੱਚ ਨਿਰਯਾਤ ਦੀ ਵਾਧਾ ਦਰ ਵਿੱਚ ਲਗਾਤਾਰ ਕਮੀ ਦਾ ਰੁਝਾਨ ਦੇਖਣ ਨੂੰ ਮਿਲੇਗਾ। ਇਹ ਦਰ ਸਾਲ 2007 ਵਿੱਚ 9.6 ਪ੍ਰਤੀਸ਼ਤ ਸੀ, ਸਾਲ 2008 ਵਿੱਚ 5.6 ਪ੍ਰਤੀਸ਼ਤ ਸੀ ਅਤੇ ਸਾਲ 2009 ਵਿੱਚ 0.8 ਪ੍ਰਤੀਸ਼ਤ ਹੋ ਜਾਵੇਗੀ। ਮੰਦੀ ਵਜੋਂ ਭਾਰਤ ਦੇ ਨਿਰਯਾਤ ਖੇਤਰ ਵਿੱਚ ਲੱਗਭਗ 1000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਨਾਲ਼ ਹੀ ਮੈਨੂਫੈਕਚਰਿੰਗ ਖੇਤਰ, ਸੂਚਨਾ ਤਕਨੀਕ ਖੇਤਰ, ਬੈਂਕ ਅਤੇ ਬੀਮਾ ਖੇਤਰ 'ਤੇ ਵੀ ਡੂੰਘਾ ਪ੍ਰਭਾਵ ਪਿਆ ਹੈ। ਕਈ ਲੱਖ ਲੋਕ ਬੈਂਕ, ਬੀਮਾ ਅਤੇ ਸੂਚਨਾ ਤਕਨੀਕ ਖੇਤਰ ਵਿੱਚ ਨੌਕਰੀਆਂ ਖੋ ਚੁੱਕੇ ਹਨ। *ਲੇਬਰ ਬਿਓਰੋ, ਸ਼ਿਮਲਾ* ਦੁਆਰਾ ਅੱਠ ਖੇਤਰਾਂ ਵਿੱਚ ਕੀਤੇ ਗਏ ਸਰਵੇਖਣਾਂ ਤੋਂ ਪਤਾ ਲੱਗਿਆ ਕਿ ਇਹਨਾਂ ਖੇਤਰਾਂ ਵਿੱਚ ਜਿੱਥੇ ਸਤੰਬਰ 2008 ਵਿੱਚ 1 ਕਰੋੜ 62 ਲੱਖ ਨੌਕਰੀਆਂ ਮੌਜੂਦ ਸਨ ਉੱਥੇ ਦਸੰਬਰ 2008 ਵਿੱਚ 1 ਕਰੋੜ 57 ਲੱਖ ਨੌਕਰੀਆਂ ਰਹਿ ਗਈਆਂ। ਲੱਗਭਗ 5 ਲੱਖ ਨੌਕਰੀਆਂ ਦੀ ਕਮੀ ਦਰਜ ਕੀਤੀ ਗਈ। ਇਹਨਾਂ ਅੱਠ ਖੇਤਰਾਂ ਵਿੱਚ ਕੱਪੜਾ ਉਦਯੋਗ,

ਧਾਤੂ ਉਦਯੋਗ, ਸੂਚਨਾ ਤਕਨੀਕ, ਆਟੋਮੋਬਾਈਲ ਉਦਯੋਗ, ਟ੍ਰਾਂਸਪੋਰਟ ਉਦਯੋਗ, ਖਾਣ ਉਦਯੋਗ, ਨਿਰਮਾਣ ਉਦਯੋਗ ਅਤੇ ਰਤਨ ਉਦਯੋਗ ਸ਼ਾਮਿਲ ਹਨ। ਜੇਕਰ ਸਰਵੇਖਣ ਦੀ ਰਿਪੋਰਟ 'ਤੇ ਗੌਰ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਪਰੋਕਤ ਉਦਯੋਗਾਂ ਵਿੱਚ ਸਤੰਬਰ 2008 ਤੋਂ ਬਾਅਦ ਪ੍ਰਤੀ ਮਹੀਨੇ 1.01 ਪ੍ਰਤੀਸ਼ਤ ਦੀ ਦਰ ਨਾਲ਼ ਰੁਜ਼ਗਾਰ ਵਿੱਚ ਕਮੀ ਆਈ ਹੈ। ਕੇਂਦਰੀ ਟੈਕਸਟਾਈਲ ਮੰਤਰਾਲੇ ਅਨੁਸਾਰ ਕੱਪੜਾ ਉਦਯੋਗ ਵਿੱਚ ਲੱਗਭਗ 3,00,000 ਤੋਂ 5,00,000 ਲੋਕ ਆਪਣੀਆਂ ਨੌਕਰੀਆਂ ਗਵਾ ਦੇਣਗੇ। ਧਿਆਨ ਰਹੇ ਕਿ ਭਾਰਤ ਦਾ ਕੱਪੜਾ ਉਦਯੋਗ ਨਿਰਯਾਤ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਲੱਗਭਗ 50 ਪ੍ਰਤੀਸ਼ਤ ਟੈਕਸਟਾਈਲ ਨਿਰਯਾਤ ਦੇ ਕੰਮ ਆਉਂਦਾ ਹੈ ਜਿਸਦਾ 60 ਪ੍ਰਤੀਸ਼ਤ ਸਿਰਫ਼ ਅਮਰੀਕਾ ਅਤੇ ਯੂਰਪੀ ਸੰਘ ਨੂੰ ਹੀ ਨਿਰਯਾਤ ਕੀਤਾ ਜਾਂਦਾ ਹੈ। ਕੱਪੜਾ ਉਦਯੋਗ ਤੋਂ ਇਲਾਵਾ ਜੇਕਰ ਨੌਕਰੀਆਂ ਦੀ ਕਮੀ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਸੂਚਨਾ ਤਕਨੀਕ ਉਦਯੋਗ ਵਿੱਚ ਹੁਣ ਤੱਕ 4 ਲੱਖ ਲੋਕ ਨੌਕਰੀਆਂ ਤੋਂ ਹੱਥ ਧੋ ਚੁੱਕੇ ਹਨ, ਮੁੰਬਈ ਵਿੱਚ ਰਬੜ ਉਦਯੋਗ ਵਿੱਚ 3000 ਲੋਕਾਂ ਦੀਆਂ ਨੌਕਰੀਆਂ ਖੋਹ ਲਈਆਂ ਗਈਆਂ ਹਨ, ਸੂਰਤ ਵਿੱਚ ਰਤਨ ਉਦਯੋਗ ਵਿੱਚ ਲੱਗਭਗ 1 ਲੱਖ ਲੋਕਾਂ ਦੀਆਂ ਨੌਕਰੀਆਂ ਖੋਹੀਆਂ ਗਈਆਂ ਹਨ। ਇਹਨਾਂ ਤੋਂ ਇਲਾਵਾ ਭਾਰਤ ਵਿੱਚ ਗੈਰ ਜੱਥੇਬੰਦ ਖੇਤਰ ਤਹਿਤ ਕਈ ਕਾਰਖ਼ਾਨੇ ਹਨ ਜੋ ਗਲੋਬਲ ਅਸੈਂਬਲੀ ਲਾਈਨ ਦਾ ਹੀ ਇੱਕ ਹਿੱਸਾ ਹਨ ਜਿੱਥੇ ਸਪੇਅਰ ਪਾਰਟਸ ਆਦਿ ਬਣਾਉਣ ਦਾ ਕੰਮ ਹੁੰਦਾ। ਅਜਿਹੇ ਛੋਟੇ-ਛੋਟੇ ਕਾਰਖਾਨਿਆਂ ਵਿੱਚ ਵੀ ਮਜ਼ਦੂਰ ਰੋਜ਼ਾਨਾ ਛਾਂਟੀਆਂ ਦਾ ਸਾਹਮਣੇ ਕਰ ਰਹੇ ਹਨ।

ਪੂੰਜੀਵਾਦੀ ਪ੍ਰਬੰਧ ਵਿੱਚ ਮੰਦੀ ਕੋਈ ਨਵਾਂ ਵਰਤਾਰਾ ਨਹੀਂ ਹੈ। ਪੂੰਜੀਵਾਦੀ ਅਰਥਚਾਰੇ ਸ਼ੁਰੂ ਤੋਂ ਹੀ ਇੱਕ ਤੋਂ ਬਾਅਦ ਦੂਜੀ ਮੰਦੀ ਦੀ ਘੁੰਮਣ ਘੇਰੀ ਵਿੱਚ ਫਸਦੇ ਆਏ ਹਨ ਪਰ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਮੌਜੂਦਾ ਮੰਦੀ ਦੇ ਪੱਧਰ, ਰਫ਼ਤਾਰ, ਸੰਘਣਾਪਣ ਅਤੇ ਫੈਲਾਅ ਦੇ ਲਿਹਾਜ ਨਾਲ਼ ਇਸਦੀ ਸਿਰਫ਼ 1930 ਦੀ ਮਹਾਂਮੰਦੀ ਨਾਲ਼ ਹੀ ਤੁਲਨਾ ਕੀਤੀ ਜਾ ਸਕਦੀ ਹੈ। ਇਸਤੋਂ ਇਲਾਵਾ ਬੇਰੁਜ਼ਗਾਰੀ ਵਿੱਚ ਹੋ ਰਿਹਾ ਵਾਧਾ ਵੀ ਪਹਿਲਾਂ ਦੀ ਕਿਸੇ ਹੋਰ ਮੰਦੀ ਵਿੱਚ ਏਨਾ ਤੇਜ਼ੀ ਨਾਲ਼ ਸਾਹਮਣੇ ਨਹੀਂ ਆਇਆ। ਸਿਰਫ਼ 1930 ਦੇ ਦਹਾਕੇ ਵਿੱਚ ਆਈ ਮਹਾਂਮੰਦੀ ਵਿੱਚ ਹੀ ਬੇਰੁਜ਼ਗਾਰੀ ਦੀ ਦਰ ਵਰਤਮਾਨ ਮੰਦੀ ਤੋਂ ਕਿਤੇ ਵੱਧ ਸੀ। ਇਸੇ ਕਾਰਨ ਕਈ ਅਰਥਸ਼ਾਸਤਰੀ ਮੌਜੂਦਾ ਮੰਦੀ ਦੀ ਤੁਲਨਾ 1930 ਦੇ ਦਹਾਕੇ ਦੀ ਮਹਾਂਮੰਦੀ ਨਾਲ਼ ਕਰ ਰਹੇ ਹਨ। *ਮੇਰਿਲ ਲਿੰਚ* ਦੇ ਸੀ.ਈ.ਓ. ਜੌਨ ਥੇਨ ਅਨੁਸਾਰ "ਇਹ ਮੰਦੀ 1987 ਜਾਂ 1998 ਜਾਂ 2001 ਜਿਹੀ ਬਿਲਕੁਲ ਵੀ ਨਹੀਂ ਹੈ। ਜਿਸ ਤਰ੍ਹਾਂ ਦੇ ਸੰਕਟ ਵਿੱਚੋਂ ਅਸੀਂ ਲੰਘ ਰਹੇ ਹਾਂ ਉਸ ਵਿੱਚ ਜਰੂਰੀ ਹੈ ਕਿ ਇੱਕ ਨਜ਼ਰ 1929 ਦੇ ਦੌਰ 'ਤੇ ਪਾਈ ਜਾਵੇ"। ਜੇਕਰ 1930 ਦੇ ਦਹਾਕੇ ਦੀ ਮਹਾਂਮੰਦੀ ਦੀ ਗੱਲ ਕਰੀਏ ਤਾਂ ਉਸਦਾ ਫ਼ੌਰੀ ਕਾਰਨ ਸੀ— ਸ਼ੇਅਰ ਮਾਰਕਿਟ ਦੀ 29 ਅਕਤੂਬਰ 1929 ਨੂੰ ਤਬਾਹੀ ਜਿਸ ਵਜੋਂ ਲੱਗਭਗ 40 ਬਿਲਿਅਨ ਡਾਲਰ ਸੁਆਹ ਹੋ ਗਿਆ। 9000 ਬੈਂਕ ਤਬਾਹ ਹੋ ਗਏ। ਕੁਝ ਕੁ ਜਿਹੜੇ ਬੈਂਕ ਮੰਦੀ ਦੀ ਚਪੇਟ ਚੋਂ ਬਚ ਗਏ ਸਨ ਉਹਨਾਂ ਨੇ ਨਵੇਂ ਕਰਜ਼ ਦੇਣਾ ਬੰਦ ਕਰ ਦਿੱਤਾ ਜਿਸ ਵਜੋਂ ਵਿਉਪਾਰ ਵਿੱਚ ਭਾਰੀ ਨੁਕਸਾਨ ਹੋਣ ਲੱਗ ਪਿਆ। ਬੇਰੁਜ਼ਗਾਰੀ ਦੀ ਦਰ 25 ਪ੍ਰਤੀਸ਼ਤ ਤੱਕ ਪਹੁੰਚ ਚੁੱਕੀ ਸੀ, ਲੱਗਭਗ 1 ਕਰੋੜ 30 ਲੱਖ ਲੋਕ ਬੇਰੁਜ਼ਗਾਰ ਹੋ ਗਏ। ਇੱਕ ਤਿਹਾਈ ਅਬਾਦੀ ਭਿਆਨਕ ਗਰੀਬੀ ਵਿੱਚ ਡੁੱਬ ਗਈ। ਉਦਯੋਗਿਕ ਉਤਪਾਦਨ ਵਿੱਚ 1929 ਤੋਂ ਲੈ ਕੇ 1932 ਵਿਚਕਾਰ 45 ਪ੍ਰਤੀਸ਼ਤ ਦੀ ਕਮੀ ਦਰਜ ਕੀਤੀ ਗਈ। ਰਿਹਾਇਸ਼ ਉਸਾਰੀ ਵਿੱਚ ਲੱਗਭਗ 80 ਪ੍ਰਤੀਸ਼ਤ ਦੀ ਕਮੀ ਆਈ। ਇਸ ਮਹਾਂਮੰਦੀ ਦਾ ਅਸਰ ਨਾ ਸਿਰਫ਼ ਅਮਰੀਕਾ 'ਤੇ ਪਿਆ ਸਗੋਂ ਆਸਟ੍ਰੇਲੀਆ, ਕਨੇਡਾ, ਫਰਾਂਸ, ਜਰਮਨੀ, ਲਾਤਿਨੀ ਅਮਰੀਕਾ, ਨੀਦਰਲੈਂਡ, ਬ੍ਰਿਟੇਨ ਆਦਿ ਉੱਤੇ ਵੀ ਪਿਆ।

ਮੌਜੂਦਾ ਮੰਦੀ ਵਿੱਚ ਵੀ 1930 ਦੇ ਦਹਾਕੇ ਦੀ ਮਹਾਂਮੰਦੀ ਜਿਹੀਆਂ ਕੁਝ ਸਮਾਨਤਾਵਾਂ ਨਜ਼ਰ ਆਉਣ ਕਰਕੇ ਪੂੰਜੀਵਾਦੀ ਪ੍ਰਬੰਧ ਦੇ ਪਹਿਰੇਦਾਰਾਂ ਦੀ ਨੀਂਦ ਹਰਾਮ ਹੋ ਗਈ ਹੈ। ਇਸੇ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਅਰਥਚਾਰਿਆਂ ਨੂੰ ਮੰਦੀ ਤੋਂ ਬਚਾਉਣ ਲਈ ਕਈ ਜੁਗਾੜ ਲਾ ਰਹੀਆਂ ਹਨ। ਅਮਰੀਕਾ, ਰੂਸ, ਬ੍ਰਿਟੇਨ, ਬੇਲਜਿਅਮ, ਆਈਸਲੈਂਡ, ਫਰਾਂਸ ਨੇ ਆਪਣੇ-ਆਪਣੇ ਅਰਥਚਾਰਿਆਂ ਵਿੱਚ ਕ੍ਰਮਵਾਰ 990, 200, 876, 50, 16, 864, 300 ਬਿਲਿਅਨ ਡਾਲਰ ਦੇ ਬੇਲਆਉਟ ਪੈਕੇਜ ਪਾ ਦਿੱਤੇ ਹਨ। ਪਰ ਢਾਂਚੇ ਦੇ ਪੈਰੋਕਾਰ ਵੀ ਇਸ ਸੱਚਾਈ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਇਸ ਤਰ੍ਹਾਂ ਦੇ ਨੁਸਖੇ ਸਿਰਫ਼ 'ਪੇਨ ਕਿਲਰ' ਦਾ ਕੰਮ ਕਰਦੇ ਹਨ, ਉਹਨਾਂ ਵਿੱਚ ਰੋਗ ਨੂੰ ਜੜ ਤੋਂ ਖਤਮ ਕਰਨ ਦੀ ਤਾਕਤ ਨਹੀਂ ਹੈ। ਇੱਕ ਖਤਰਾ ਜੋ ਢਾਂਚੇ ਦੇ ਚਾਕਰਾਂ ਦੇ ਪੈਰਾਂ ਵਿੱਚ ਕੰਡੇ ਵਾਂਗ ਚੁੱਭ ਰਿਹਾ ਹੈ ਉਹ ਹੈ ਵੱਧਦੀ ਬੇਰੁਜ਼ਗਾਰੀ ਅਤੇ ਗਰੀਬੀ ਵਜੋਂ ਲੋਕਾਂ ਦਾ ਗੁੱਸਾ ਫੁੱਟ ਪੈਣ ਦੀ ਸੰਭਾਵਨਾ। ਇਸ ਖਤਰੇ ਨਾਲ਼ ਸਾਰੇ ਹਾਕਮਾਂ ਵਿੱਚ ਘਬਰਾਹਟ ਸਾਫ਼ ਦਿਖਾਈ ਦੇ ਲੱਗ ਪਈ ਹੈ। ਇਸਦਾ ਇੱਕ ਉਦਾਹਰਣ ਕੌਮਾਂਤਰੀ ਕਿਰਤ ਸੰਗਠਨ (ਆਈ.ਐਲ.ਓ.) ਦੇ ਡਾਇਰੈਕਟਰ ਜੇਨੇਰਲ ਜੁਆਨ ਸੋਮਾਵਿਆ ਦਾ ਬਿਆਨ ਹੈ ਜਿਸ ਵਿੱਚ ਉਹਨਾਂ ਨੇ ਸਵੀਕਾਰ ਕੀਤਾ ਹੈ ਕਿ ਅੱਜ ਕੌਮਾਂਤਰੀ ਪੱਧਰ 'ਤੇ ਸੰਸਾਰ ਵਿਆਪੀ ਸਮਾਜਿਕ ਸੰਕਟ ਨਾਲ਼ ਨਜਿੱਠਣ ਲਈ ਜ਼ਰੂਰੀ ਹੈ ਕਿ ਉਦਪਾਦਕ ਨਿਵੇਸ਼ ਨੂੰ ਹੱਲਾਸ਼ੇਰੀ ਦਿੱਤੀ ਜਾਵੇ।

ਪਿੱਛੇ ਜਿਹੇ ਹੀ ਹੋਏ ਜੀ-20 ਸਿਖ਼ਰ ਸਮੇਲਨ ਵਿੱਚ ਮੰਦੀ ਦਾ ਮੁੱਦਾ ਪੂਰੀ ਤਰ੍ਹਾਂ ਛਾਇਆ ਰਿਹਾ। ਅਮਰੀਕਾ ਅਤੇ ਯੂਰਪੀ ਸੰਘ ਨੇ ਮਿਲ ਕੇ ਸੰਸਾਰ ਅਰਥਚਾਰੇ ਲਈ ਇੱਕ ਬੇਲ ਆਊਟ ਪੈਕੇਜ ਐਲਾਨ ਕੀਤਾ। ਇਸ ਵਿੱਚ ਚੀਨ ਦੀ ਮਦਦ ਲਈ ਗਈ। ਮੁਦਰਾ ਦੀ ਤਰਲਤਾ ਘੱਟ ਜਾਣ ਕਾਰਨ ਜਿਸ ਸੰਕਟ ਦਾ ਸ਼ਿਕਾਰ ਸੰਸਾਰ ਅਰਥਚਾਰਾ ਹੈ ਉਸਨੂੰ ਫੌਰੀ ਤੌਰ 'ਤੇ ਦੂਰ ਕਰਨ ਦੀ ਤਾਕਤ ਵੀ ਅਮਰੀਕਾ ਅਤੇ ਯੂਰਪੀ ਸੰਘ ਵਿੱਚ ਨਹੀਂ ਹੈ। ਇਹ ਤਾਕਤ ਸਿਰਫ਼ ਚੀਨ ਕੋਲ ਹੈ ਜਿਸ ਕੋਲ ਆਪਣੇ ਜ਼ਬਰਦਸਤ ਵਿਦੇਸ਼ੀ ਵਪਾਰ ਵਜੋਂ ਵੱਡਾ ਮੁਦਰਾ ਭੰਡਾਰ ਹੈ। ਇਸ ਮੁਦਰਾ ਭੰਡਾਰ ਦੇ ਦਮ 'ਤੇ ਪੱਛਮੀ ਪੂੰਜੀਵਾਦ ਦੀ ਕਿਸ਼ਤੀ ਥੋੜੀ ਦੇਰ ਲਈ ਘੁੰਮਣ ਘੇਰੀ 'ਚੋਂ ਕੱਢਣ ਲਈ (ਕਿਉਂਕਿ ਕੁਝ ਸਮੇਂ

(ਬਾਕੀ ਹਿੱਸਾ ਸਫ਼ਾ 16 'ਤੇ)

ਸਵਿਸ ਬੈਂਕਾਂ ਵਿੱਚ ਪਿਆ 72 ਲੱਖ ਕਰੋੜ ਰੁਪਇਆ ਤਾਂ ਲੋਕਾਂ ਦੀ ਲੁੱਟ ਦਾ ਛੋਟਾ ਜਿਹਾ ਹਿੱਸਾ ਹੀ ਹੈ

● ਕਪਿਲ ਸਵਾਮੀ

ਬੀਤੀਆਂ ਲੋਕ ਸਭਾ ਚੋਣਾਂ ਦੌਰਾਨ ਵਿਦੇਸ਼ਾਂ 'ਚ ਭਾਰਤ ਦੇ 72 ਲੱਖ ਕਰੋੜ ਰੁਪਏ ਜਮਾ ਹੋਣ ਦੇ ਖੁਲਾਸੇ ਨੇ ਚੋਣਾਂ 'ਤੇ ਭਾਂਵੇਂ ਕੋਈ ਅਸਰ ਨਾ ਪਾਇਆ ਹੋਵੇ, ਪਰ ਇਹ ਕਈ ਪੱਖਾਂ ਨੂੰ ਸਾਹਮਣੇ ਲਿਆਉਣ ਵਾਲਾ ਅੰਕੜਾ ਹੈ। ਵੈਸੇ ਵੀ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਰਾਸ਼ੀ ਭਾਂਵੇਂ ਬਹੁਤ ਵੱਡੀ ਲੱਗ ਰਹੀ ਹੋਵੇ ਪਰ ਅਸਲ ਵਿੱਚ ਇਹ ਭਾਰਤ ਦੇ ਧਨਾਢਾਂ ਦੇ ਬੇਹਿਸਾਬ ਕਾਲੇ ਧਨ ਦਾ ਇੱਕ ਛੋਟਾ ਜਿਹਾ ਹਿੱਸਾ ਹੀ ਹੈ। ਪਰ ਤਾਂ ਵੀ ਇਸ ਛੋਟੀ ਜਿਹੀ ਰਾਸ਼ੀ ਨੂੰ ਜੇਕਰ ਦੇਸ਼ ਵਿੱਚ ਆਮ ਲੋਕਾਂ ਦੇ ਬੁਨਿਆਦੀ ਕੰਮਾਂ ਵਿੱਚ ਲਗਾਉਣ ਦੀ ਕਲਪਨਾ ਕੀਤੀ ਜਾਵੇ ਤਾਂ ਕੀ-ਕੀ ਹੋ ਸਕਦਾ ਹੈ ਇਸ ਦੀ ਕੋਸ਼ਿਸ਼ ਇੱਕ ਕਾਲਪਨਿਕ ਚਾਰਟ ਦੇ ਸਹਾਰੇ ਕੀਤੀ ਗਈ ਹੈ। (ਵੇਖੋ ਚਾਰਟ)

ਉਂਝ ਤਾਂ ਪੂੰਜੀਵਾਦੀ ਅਰਥਚਾਰੇ ਦੀ ਨੀਂਹ ਹੀ ਕਿਰਤ ਦੀ ਕਾਨੂੰਨੀ ਲੁੱਟ ਉੱਤੇ ਤਿਆਰ ਕੀਤੀ ਜਾਂਦੀ ਹੈ। ਭਾਵ ਪੂੰਜੀਵਾਦੀ ਢਾਂਚੇ ਵਿੱਚ ਕਿਰਤ ਕਰਨ ਵਾਲੇ ਹਿੱਸਾ ਕਾਨੂੰਨਨ ਪੂੰਜੀਪਤੀ ਦੇ ਮੁਕਾਬਲੇ ਬੇਹੱਦ ਛੋਟਾ ਹੁੰਦਾ ਹੈ। ਪਰ ਪੂੰਜੀਪਤੀਆਂ ਦਾ ਢਿੱਡ ਇਸ ਕਾਨੂੰਨੀ ਲੁੱਟ ਨਾਲ਼ ਵੀ ਨਹੀਂ ਭਰਦਾ। ਸੋ, ਉਹ ਪੂੰਜੀਵਾਦ ਦੇ ਸੁਭਾਵਿਕ ਲੱਛਣ ਦਾ ਸਹਾਰਾ ਲੈ ਕੇ ਗੈਰਕਾਨੂੰਨੀ ਢੰਗ ਨਾਲ਼ ਵੀ ਧਨ-ਦੌਲਤ ਜਮਾ ਕਰਦੇ ਰਹਿੰਦੇ ਹਨ। ਲੋਕਾਂ ਲਈ ਸਦਾਚਾਰ, ਇਮਾਨਦਾਰੀ ਅਤੇ ਨੈਤਿਕਤਾ ਦੇ ਉਪਦੇਸ਼ ਦੇ ਕੇ ਖੁਦ ਹਰ ਤਰਾਂ ਦੇ ਭ੍ਰਿਸ਼ਟਾਚਾਰ ਰਾਹੀਂ ਕਾਲ਼ੇ ਧਨ ਦੇ ਅੰਬਾਰ ਲਾਏ ਜਾਂਦੇ ਹਨ ਅਤੇ ਜਾਇਦਾਦਾਂ ਦਾ ਸਾਮਰਾਜ ਖੜ੍ਹਾ ਕੀਤਾ ਜਾਂਦਾ ਹੈ।

ਸਾਡੇ ਦੇਸ਼ ਵਿੱਚ ਸ਼ੁਰੂ ਤੋਂ ਹੀ ਅਰਥਚਾਰੇ ਵਿੱਚ ਕਾਲ਼ੇ ਧਨ ਦਾ ਵੱਡਾ ਹਿੱਸਾ ਰਿਹਾ ਹੈ। 1970 ਦੇ ਦਹਾਕੇ ਵਿੱਚ ਇਹ ਗੱਲ ਜ਼ੋਰ-ਸ਼ੋਰ ਨਾਲ਼ ਉੱਠੀ ਸੀ ਕਿ ਸਾਡੇ ਦੇਸ਼ ਦੇ ਕਾਲ਼ੇ ਧਨ ਦਾ ਅਰਥਚਾਰਾ ਕਾਨੂੰਨੀ ਅਰਥਚਾਰੇ ਦੇ ਲੱਗਭਗ ਬਰਾਬਰ ਹੋ ਗਿਆ ਹੈ। 90 ਦੇ ਦਹਾਕੇ ਤੱਕ ਆਉਂਦੇ-ਆਉਂਦੇ ਸਰਕਾਰ ਮੰਨਣ ਲੱਗੀ ਕਿ ਹੁਣ ਕਾਲ਼ਾ ਧਨ ਅਰਥਚਾਰੇ ਤੋਂ ਕਾਫ਼ੀ ਜਿਆਦਾ ਹੋ ਗਿਆ ਹੈ। 1991 ਤੋਂ ਬਾਅਦ ਲਾਗੂ ਨਵਉਦਾਰਵਾਦ ਨੀਤੀਆਂ ਨੇ ਤਾਂ ਪੂੰਜੀਪਤੀਆਂ ਨੂੰ ਕਾਨੂੰਨੀ ਅਤੇ ਗੈਰਕਾਨੂੰਨੀ ਦੋਨਾਂ ਤਰ੍ਹਾਂ ਦੀ ਕਮਾਈ ਕਰਨ ਦੀ ਖੁੱਲੀ ਛੁੱਟੀ ਦੇ ਦਿੱਤੀ। ਇੱਥੋਂ ਭਾਰਤੀ ਧਨਾਢਾਂ ਦੀ ਧਨ-ਦੌਲਤ ਵਿੱਚ ਗੁਣਾਤਮਕ ਵਾਧਾ ਹੋਣਾ ਸ਼ੁਰੂ ਹੋ ਗਿਆ। ਇਸ ਦੌਰਾਨ ਕੁਝ ਲੋਕਾਂ ਕੋਲ਼ ਧਨ ਦਾ ਸੰਗ੍ਰਹਿ ਪਹਿਲਾਂ ਦੇ ਮੁਕਾਬਲੇ ਕਿਤੇ ਤੇਜ਼ੀ ਨਾਲ਼ ਹੋਣ ਲੱਗਾ। ਉੱਥੇ ਦੂਜੇ ਪਾਸੇ ਆਮ ਲੋਕਾਂ ਦੀ ਅਸਲ ਕਮਾਈ ਲਗਾਤਾਰ ਘੱਟਦੀ ਗਈ ਅਤੇ ਉਹ ਹੋਰ ਵੀ ਕੰਗਾਲ ਹੁੰਦੇ ਗਏ।

ਜੇ ਕੁਝ ਸਮੇਂ ਲਈ ਗੈਰਕਾਨੂੰਨੀ ਧਨ ਨੂੰ ਵੱਖ ਕਰਕੇ ਸਿਰਫ਼ ਕਾਨੂੰਨੀ ਅਰਥਚਾਰੇ ਦੇ ਅਧਾਰ 'ਤੇ ਅਮੀਰ-ਗਰੀਬ ਵਿਚਕਾਰ ਪਾੜੇ ਦਾ ਅਧਿਐਨ ਕਰੀਏ ਤਾਂ ਤਸਵੀਰ ਕੁਝ ਇੰਝ ਉਭਰੇਗੀ।

'ਮਾਰਗਨ ਸਟੇਨਲੇ' ਦੇ ਨਿਰਦੇਸ਼ਕ ਚੇਤਨ ਆਹਿਆ ਮੁਤਾਬਕ—"ਪਿਛਲੇ ਚਾਰ ਵਰ੍ਹਿਆਂ ਦੌਰਾਨ ਭਾਰਤ ਵਿੱਚ ਇੱਕ ਖਰਬ ਡਾਲਰ ਤੋਂ ਜਿਆਦਾ ਦੌਲਤ ਦਾ ਵਾਧਾ ਹੋਇਆ ਹੈ, ਭਾਵ ਭਾਰਤ ਦੇ ਕੁਲ ਘਰੇਲੂ ਉਤਪਾਦ ਦੇ ਸੌ ਫੀਸਦੀ ਤੋਂ ਵੀ ਜਿਆਦਾ! ਅਤੇ ਇਸਦਾ ਬਹੁਤ ਵੱਡਾ ਹਿੱਸਾ ਅਬਾਦੀ ਦੇ ਬਹੁਤ ਹੀ ਛੋਟੇ ਹਿੱਸੇ ਦੇ ਹੱਥਾਂ ਵਿੱਚ ਗਿਆ ਹੈ।" ਉਹਨਾਂ ਅਨੁਸਾਰ, "ਪਿਛਲੇ ਕੁਝ ਵਰ੍ਹਿਆਂ ਦੌਰਾਨ ਵਿਸ਼ਵੀਕਰਨ ਅਤੇ ਪੂੰਜੀਵਾਦ ਦੇ ਉਭਾਰ ਵਜੋਂ ਗੈਰਬਰਾਬਰੀ ਦਾ ਫਾਸਲਾ ਲਗਾਤਾਰ ਚੌੜਾ ਹੁੰਦਾ ਚਲਾ ਗਿਆ ਹੈ...।" ਇੱਕ ਅਧਿਐਨ ਮੁਤਾਬਿਕ, ਦੇਸ਼ ਦੀ ਉੱਪਰਲੀ ਦਸ ਫੀਸਦੀ ਅਬਾਦੀ ਕੋਲ ਦੇਸ਼ ਦੀ ਕੁਲ ਜਾਇਦਾਦ ਦਾ 85 ਪ੍ਰਤੀਸ਼ਤ ਇਕੱਠਾ ਹੋ ਗਿਆ ਹੈ ਜਦ ਕਿ ਨਿਚਲੀ 60 ਪ੍ਰਤੀਸ਼ਤ ਅਬਾਦੀ ਕੋਲ ਸਿਰਫ਼ 2 ਪ੍ਰਤੀਸ਼ਤ ਹੈ। ਦੇਸ਼ ਵਿੱਚ 0.01 ਪ੍ਰਤੀਸ਼ਤ ਵਿਅਕਤੀ ਅਜਿਹੇ ਹਨ ਜਿਹਨਾਂ ਦੀ ਆਮਦਨ ਪੂਰੇ ਦੇਸ਼ ਦੀ ਔਸਤ ਆਮਦਨ ਨਾਲੋਂ ਦੋ ਸੋ ਗੁਣਾ ਵੱਧ ਹੋ ਚੁੱਕੀ ਹੈ। ਦੇਸ਼ ਦੀ ਉੱਪਰਲੀ ਤਿੰਨ ਫ਼ੀਸਦੀ ਅਤੇ ਨਿਚਲੀ 40 ਫੀਸਦੀ ਅਬਾਦੀ ਦੀ ਆਮਦਨ ਵਿਚਲਾ ਫ਼ਰਕ ਅੱਜ ਸੱਠ ਗੁਣਾ ਹੋ ਚੁੱਕਾ ਹੈ। ਆਮਦਨ ਕਰ ਰਿਟਰਨਾਂ ਦੇ ਅਧਾਰ 'ਤੇ ਆਪਣੇ ਖੋਜ ਪੱਤਰ ਵਿੱਚ ਅਭਿਜੀਤ ਬੈਨਰਜੀ ਅਤੇ ਥਾਮਸ ਪਿਕੇਰੀ ਨੇ ਦੱਸਿਆ ਹੈ ਕਿ ਭਾਰਤ ਦੇ ਸਭ ਤੋਂ ਅਮੀਰ 0.01 ਪ੍ਰਤੀਸ਼ਤ ਲੋਕਾਂ ਦੀ ਆਮਦਨ ਪੂਰੀ ਆਮਦਨ ਤੋਂ 150 ਤੋਂ 200 ਗੁਣਾ ਜਿਆਦਾ ਸੀ। 1980 ਦੇ ਦਹਾਕੇ ਦੇ ਸ਼ੁਰੂ ਵਿੱਚ ਇਹ ਘੱਟ ਕੇ 50 ਗੁਣਾ ਤੋਂ ਘੱਟ ਰਹਿ ਗਈ ਸੀ। 1990 ਦੇ ਦਹਾਕੇ ਦੇ ਅੰਤ ਤੱਕ ਇਹ ਫੇਰ ਤੋਂ ਵੱਧ ਕੇ 150 ਤੋਂ 200 ਗੁਣਾ ਜਿਆਦਾ ਹੋ ਗਈ। ਬੈਨਰਜੀ ਅਤੇ ਪਿਕੇਰੀ ਅਨੁਸਾਰ, 1980 ਅਤੇ 1990 ਦੇ ਦਹਾਕੇ ਦੌਰਾਨ ਕੁੱਲ ਅਬਾਦੀ ਦੇ ਉੱਪਰੀ ਹਿੱਸੇ ਨੇ ਦੇਸ਼ ਦੀ ਕੁਲ ਆਮਦਨ ਵਿੱਚ ਆਪਣਾ ਹਿੱਸਾ ਬਹੁਤ ਜਿਆਦਾ ਵਧਾ ਲਿਆ। 1980 ਦੇ ਦਹਾਕੇ ਵਿੱਚ ਜਿੱਥੇ ਇਸ 1 ਫੀਸਦੀ ਅਬਾਦੀ ਵਿੱਚੋਂ ਹਰ ਕਿਸੇ ਨੂੰ ਲਾਭ ਹੋਇਆ ਸੀ, ਉੱਥੇ 1990 ਦੇ ਦਹਾਕੇ ਵਿੱਚ ਸਭ ਤੋਂ ਉੱਪਰ ਦੇ 0.1 ਫੀਸਦੀ ਲੋਕਾਂ (ਭਾਵ ਲੱਗਭਗ 11 ਲੱਖ) ਨੇ ਹੀ ਜਿਆਦਾ ਲਾਭ ਬਟੋਰਿਆ।

ਇਸ ਗੱਲ ਦਾ ਸਹਿਜ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦੇਸ਼ ਵਿੱਚ ਆਮ ਲੋਕਾਂ ਦੀ ਮਿਹਨਤ ਦੀ ਕਮਾਈ ਗੈਰਕਾਨੂੰਨੀ ਢੰਗ ਨਾਲ਼ ਲੁੱਟ ਕੇ ਜਮਾ ਕੀਤੀ ਗਈ ਧਨ-ਦੌਲਤ ਤੋਂ ਕਿਤੇ ਜਿਆਦਾ ਹੋਵੇਗੀ। ਅਸਲ ਵਿੱਚ 72 ਲੱਖ ਕਰੋੜ ਤਾਂ ਇਸ ਲੁੱਟ ਦੇ ਵਿਸ਼ਾਲ ਸਾਗਰ ਵਿੱਚ ਤੈਰਦੇ ਇੱਕ ਬਰਫ਼ ਦੇ ਟੁਕੜੇ ਦਾ ਉੱਪਰੀ ਸਿਰਾ ਹੀ ਹੈ। ਸਪੱਸ਼ਟ ਤੌਰ 'ਤੇ ਕਾਲ਼ੇ ਧਨ ਦੀ ਅਸਲ ਮਾਤਰਾ ਇਸਤੋਂ ਕਈ ਗੁਣਾ ਜਿਆਦਾ ਹੋਣੀ ਚਾਹੀਦੀ ਹੈ।

ਇਹ ਗੱਲ ਇਸ ਤੋਂ ਵੀ ਸਮਝੀ ਜਾਂਦੀ ਹੈ ਕਿ ਇਸ ਦੇਸ਼ ਦੇ ਧਨਾਢਾਂ ਦਾ ਬੇਹੱਦ ਮਾਮੂਲੀ ਹਿੱਸਾ ਵਿਦੇਸ਼ਾਂ ਵਿੱਚ ਪੈਸਾ ਜਮਾ ਕਰਾਉਂਦਾ ਹੈ। ਨਹੀਂ ਤਾਂ ਜਿਆਦਾਤਰ ਅਮੀਰਾਂ ਦਾ ਪੈਸਾ

ਸਵਿਸ ਬੈਂਕਾਂ 'ਚ ਜਮਾਂ ਕਾਲ਼ੇ ਧਨ ਨਾਲ਼ ਕੀ-ਕੀ ਕੀਤਾ ਜਾ ਸਕਦਾ ਹੈ

(ਭਾਰਤ ਵਿੱਚ ਲੱਗਭਗ 6 ਲੱਖ ਪਿੰਡ, 10 ਹਜ਼ਾਰ ਬਲਾਕ, 600 ਜਿਲ੍ਹੇ ਹਨ)

• ਹਰ ਪਿੰਡ ਵਿੱਚ ਇੱਕ ਪ੍ਰਾਈਮਰੀ ਸਕੂਲ	6 ਲੱਖ ✳ 10 ਲੱਖ ਰੁਪਏ	= 60 ਹਜ਼ਾਰ ਕਰੋੜ
• ਹਰ 6 ਪਿੰਡਾਂ 'ਤੇ ਇੱਕ ਹਾਈ ਸਕੂਲ	1 ਲੱਖ ✳ 1 ਕਰੋੜ ਰੁਪਏ	= 1 ਲੱਖ ਕਰੋੜ
• ਹਰ ਬਲਾਕ ਵਿੱਚ ਇੱਕ ਕਾਲਜ	10 ਹਜ਼ਾਰ ✳ 10 ਕਰੋੜ ਰੁਪਏ	= 1 ਲੱਖ ਕਰੋੜ
• ਹਰ ਜਿਲ੍ਹੇ ਵਿੱਚ ਇੱਕ ਮੈਡੀਕਲ ਕਾਲਜ	600 ✳ 100 ਕਰੋੜ ਰੁਪਏ	= 60 ਹਜ਼ਾਰ ਕਰੋੜ
• ਹਰ ਜਿਲ੍ਹੇ ਵਿੱਚ 5 ਉੱਚ ਸਿੱਖਿਆ ਸੰਸਥਾਵਾਂ	600 ✳ 500 ਕਰੋੜ ਰੁਪਏ	= 3 ਲੱਖ ਕਰੋੜ
(ਇੰਜੀਨੀਅਰਿੰਗ, ਮੈਨੇਜਮੈਂਟ, ਖੇਤੀ, ਆਈ.ਟੀ., ਵਿਗਿਆਨ ਅਤੇ ਖੋਜ ਕੇਂਦਰ)		
• ਹਰ ਬਲਾਕ ਵਿੱਚ ਮਿਊਜ਼ਿਕ, ਡ੍ਰਾਮਾ-ਪੇਂਟਿੰਗ		
ਲਈ ਸਿੱਖਿਆ ਕੇਂਦਰ	10 ਹਜ਼ਾਰ ✳ 1 ਕਰੋੜ ਰੁਪਏ	= 10 ਹਜ਼ਾਰ ਕਰੋੜ
• ਹਰ ਪਿੰਡ ਵਿੱਚ ਮੁਢਲਾ ਇਲਾਜ ਕੇਂਦਰ	6 ਲੱਖ ✳ 20 ਹਜ਼ਾਰ ਰੁਪਏ	= 1 ਲੱਖ 20 ਹਜ਼ਾਰ ਕਰੋੜ
• ਹਰ ਛੇ ਪਿੰਡਾਂ 'ਤੇ ਇੱਕ ਜੱਚਾ-ਬੱਚਾ ਸਿਹਤ		
ਇਲਾਜ ਕੇਂਦਰ	1 ਲੱਖ ✳ 1 ਕਰੋੜ ਰੁਪਏ	= 1 ਲੱਖ ਕਰੋੜ
• ਹਰ ਬਲਾਕ ਵਿੱਚ ਇੱਕ ਆਧੁਨਿਕ ਹਸਪਤਾਲ	10 ਹਜ਼ਾਰ ✳ 10 ਕਰੋੜ ਰੁਪਏ	= 1 ਲੱਖ ਕਰੋੜ
• ਹਰ ਜਿਲ੍ਹੇ ਵਿੱਚ ਇੱਕ ਪੂਰਣ ਇਲਾਜ ਕੇਂਦਰ	600 ✳ 100 ਕਰੋੜ ਰੁਪਏ	= 60 ਹਜ਼ਾਰ ਕਰੋੜ
• ਹਰ ਬਲਾਕ ਵਿੱਚ ਅਜਿਹਾ ਹੀ ਛੋਟਾ ਕੰਪਲੈਕਸ	10 ਹਜ਼ਾਰ ✳ 2 ਕਰੋੜ	= 20 ਹਜ਼ਾਰ ਕਰੋੜ
• ਸਾਰੇ ਪਿੰਡਾਂ ਵਿੱਚ ਪਾਣੀ, ਸੜਕ, ਬਿਜਲੀ,		
ਕਮਿਊਨਿਟੀ ਹਾਲ ਆਦਿ	6 ਲੱਖ ✳ 1 ਕਰੋੜ ਰੁਪਏ	= 6 ਲੱਖ ਕਰੋੜ
• ਸਿੰਚਾਈ, ਖੇਤੀ ਔਜ਼ਾਰ, ਜੈਵਿਕ ਖਾਦ, ਜੈਵਿਕ ਕੀਟਨਾਸ਼ਕ, ਬੀਜਾਂ ਦਾ ਵਿਕਾਸੀਕਰਨ ਆਦਿ		=2 ਲੱਖ ਕਰੋੜ
• ਝੁੱਗੀਆਂ ਦੀ ਜਗ੍ਹਾ ਪੱਕੇ ਮਕਾਨ, ਪਾਣੀ, ਸੜਕ, ਟ੍ਰਾਂਸਪੋਰਟ ਪ੍ਰਬੰਧ ਅਤੇ ਸਾਰੀਆਂ ਤਰ੍ਹਾਂ ਦੀਆਂ ਨਾਗਰਿਕ ਸੁਵਿਧਾਵਾਂ		
50 ਲੱਖ ਤੋਂ ਉੱਪਰ ਅਬਾਦੀ	10 ਸ਼ਹਿਰ ✳ 10 ਹਜ਼ਾਰ ਕਰੋੜ ਰੁਪਏ	=1 ਲੱਖ ਕਰੋੜ
10 ਲੱਖ ਤੋਂ 50 ਲੱਖ ਦੀ ਅਬਾਦੀ	50 ਸ਼ਹਿਰ ✳ 1 ਹਜ਼ਾਰ ਕਰੋੜ	=50 ਹਜ਼ਾਰ ਕਰੋੜ
2 ਹਜ਼ਾਰ ਛੋਟੇ ਸ਼ਹਿਰ	2 ਹਜ਼ਾਰ ✳ 100 ਕਰੋੜ	=2 ਲੱਖ ਕਰੋੜ
• 1 ਕਰੋੜ ਨਵੇਂ ਫਲੈਟ	1 ਕੋਰੜ ✳ 5 ਲੱਖ ਰੁਪਏ	=5 ਲੱਖ ਕਰੋੜ
• ਪੁਰਾਣੇ ਮਕਾਨਾਂ ਦੀ ਮੁਰੰਮਤ	1 ਲੱਖ ਕਰੋੜ ਰੁਪਏ	=1 ਲੱਖ ਕਰੋੜ
• ਹਰ ਬਲਾਕ ਵਿੱਚ ਇੱਕ ਰੈਨ ਬਸੇਰਾ	10 ਹਜ਼ਾਰ ✳ 1 ਕਰੋੜ ਰੁਪਏ	=10 ਹਜ਼ਾਰ ਕਰੋੜ
• ਹਰ ਬਲਾਕ ਵਿੱਚ ਇੱਕ ਬਿਰਧ ਆਸ਼ਰਮ	10 ਹਜ਼ਾਰ ✳ 1 ਕਰੋੜ ਰੁਪਏ	=10 ਹਜ਼ਾਰ ਕਰੋੜ
• ਹਰ ਬਲਾਕ ਵਿੱਚ ਸਮਾਜਿਕ ਸੁਰੱਖਿਆ ਘਰ	10 ਹਜ਼ਾਰ ✳ 1 ਕਰੋੜ ਰੁਪਏ	=10 ਹਜ਼ਾਰ ਕਰੋੜ
• ਖਾਣ ਮਜ਼ਦੂਰਾਂ ਲਈ ਮਕਾਨ		=10 ਹਜ਼ਾਰ ਕਰੋੜ
• ਹੋਰਨਾਂ ਉਦਯੋਗਾਂ ਦੇ ਮਜ਼ਦੂਰਾਂ ਲਈ ਮਕਾਨ		=20 ਹਜ਼ਾਰ ਕਰੋੜ
• ਮਛੇਰਿਆਂ ਲਈ ਮਕਾਨ ਅਤੇ ਹੋਰ ਸਾਧਨ		=10 ਹਜ਼ਾਰ ਕਰੋੜ
• ਸੈਰ ਸਪਾਟਾ ਕੇਂਦਰ 'ਤੇ ਨਿਵਾਸ ਸਥਾਨ		=10 ਹਜ਼ਾਰ ਕਰੋੜ
• ਹਰ ਤਰ੍ਹਾਂ ਦਾ ਬਿਜਲੀ ਉਤਪਾਦਨ		
(ਪ੍ਰਮਾਣੂ ਬਿਜਲੀ ਨੂੰ ਛੱਡ ਕੇ)	50 ਹਜ਼ਾਰ ਮੈਗਾਵਾਟ ✳ 10 ਕਰੋੜ	=2.5 ਲੱਖ ਕਰੋੜ
• ਟ੍ਰਾਂਸਪੋਰਟ ਪ੍ਰਬੰਧ		
ਨਵੀਂ ਪੱਕੀ ਸੜਕ	6 ਲੱਖ ਕਿ.ਮੀ ✳ 10 ਲੱਖ ਰੁਪਏ ਪ੍ਰਤੀ ਕਿ.ਮੀ	=50 ਹਜ਼ਾਰ ਕਰੋੜ
ਨਵੀਂ ਰੇਂਜ ਲਾਈਨ	1 ਲੱਖ ਕਿ.ਮੀ ✳ 1 ਕਰੋੜ ਰੁਪਏ ਪ੍ਰਤੀ ਕਿ.ਮੀ.	=1 ਲੱਖ ਕਰੋੜ

ਕੁਲ ਮਿਲਾ ਕੇ 32 ਲੱਖ 60 ਹਜ਼ਾਰ ਕਰੋੜ ਰੁਪਏ। ਬਚੀ ਰਾਸ਼ੀ 39 ਲੱਖ 40 ਹਜ਼ਾਰ ਕਰੋੜ ਰੁਪਏ।

(ਬੰਗਾਲੀ ਮੈਗਜ਼ੀਨ 'ਅਨੀਕ' 'ਚੋਂ ਧੰਨਵਾਦ ਸਹਿਤ)

ਦੇਸ਼ ਵਿੱਚ ਵੱਖ-ਵੱਖ ਤਰ੍ਹਾਂ "ਸੁਰੱਖਿਅਤ" ਕਰ ਦਿੱਤਾ ਜਾਂਦਾ ਹੈ। ਕਾਫ਼ੀ ਵਰ੍ਹੇ ਪਹਿਲਾਂ ਕਾਂਗਰਸ ਦੇ ਕੇਂਦਰੀ ਮੰਤਰੀ ਸੁਖਰਾਮ ਦੇ ਘਰੋਂ ਬੋਰਿਆਂ ਵਿੱਚ ਨੋਟਾਂ ਦੀਆਂ ਗੱਠੀਆਂ ਮਿਲਣ ਦੀ ਗੱਲ ਤੁਹਾਨੂੰ ਯਾਦ ਹੀ ਹੋਵੇਗੀ। ਵੈਸੇ ਆਮਤੌਰ 'ਤੇ ਕਾਲਾ ਧਨ ਨਕਦੀ ਦੀ ਬਜਾਇ ਜਾਇਦਾਦ ਦੇ ਰੂਪ ਵਿੱਚ ਜਿਆਦਾ ਰੱਖਿਆ ਜਾਂਦਾ ਹੈ। ਪੂੰਜੀਪਤੀਆਂ, ਨੌਕਰਸ਼ਾਹਾਂ, ਸਰਕਾਰੀ ਅਧਿਕਾਰੀਆਂ, ਪ੍ਰਬੰਧਕਾਂ, ਪੇਸ਼ੇਵਰ ਲੋਕਾਂ (ਵੱਡੇ ਡਾਕਟਰਾਂ, ਵਕੀਲਾਂ) ਤੋਂ ਲੈ ਕੇ ਸਰਕਾਰੀ ਕਰਮਚਾਰੀਆਂ ਤੱਕ ਕਾਲ਼ੇ ਧਨ ਦਾ ਫੈਲਾਅ ਹੋ ਚੁੱਕਿਆ ਹੈ। ਆਪਣੇ ਪਰਿਵਾਰ, ਰਿਸ਼ਤੇਦਾਰਾਂ, ਦੂਰ-ਦਰਾਜ ਦੇ ਰਿਸ਼ਤੇਦਾਰਾਂ ਦੇ ਨਾਂ 'ਤੇ ਜਾਇਦਾਦ ਖਰੀਦਣਾ ਕਾਫ਼ੀ ਮਸ਼ਹੂਰ ਤਰੀਕਾ ਹੈ। ਅੱਜ ਕੱਲ ਵਿੱਚ-ਵਿੱਚ ਨੂੰ ਕਿਸੇ ਆਮ ਸਰਕਾਰੀ ਚਪੜਾਸੀ, ਕਰਮਚਾਰੀ ਦੇ ਕੁਝ ਵਰ੍ਹਿਆਂ ਵਿੱਚ ਕਰੋੜਾਂ ਦਾ ਮਾਲਕ ਬਣਨ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਪਰ ਅਸਲ ਵਿੱਚ ਇਹ ਛੋਟੇ ਮੋਹਰੇ ਹੁੰਦੇ ਹਨ। ਇਸ ਖੇਡ ਦੇ ਵੱਡੇ ਮੋਹਰੇ ਤਾਂ ਉਸੇ ਕਾਲ਼ੇ ਧਨ ਦੀ ਬਦੌਲਤ (ਬਾਕੀ ਸਫ਼ਾ 29 'ਤੇ)

ਦਵਾਈ ਕੰਪਨੀਆਂ ਤੇ ਡਾਕਟਰਾਂ ਦਾ ਗੱਠਜੋੜ

ਲੋਕਾਂ ਦੀ ਸਿਹਤ ਨਾਲ਼ ਖਿਲਵਾੜ

● ਡਾ. ਅਮ੍ਰਿਤਪਾਲ

ਪਿਛਲੇ ਦਿਨੀਂ ਅਖ਼ਬਾਰਾਂ ਵਿੱਚ ਪੀ. ਜੀ. ਆਈ. ਚੰਡੀਗੜ੍ਹ ਦੇ ਦਿਲ ਦੇ ਰੋਗਾਂ ਦੇ ਵਿਭਾਗ ਦੇ ਸਾਬਕਾ ਮੁਖੀ ਤੇ ਸਰਜਨ ਪ੍ਰੋ. ਆਰ. ਐੱਸ ਧਾਲੀਵਾਲ ਨੂੰ ਇੱਕ ਦਵਾਈਆਂ ਦੀ ਦੁਕਾਨ ਦੇ ਮਾਲਕ ਨਾਲ਼ ਰਲ ਕੇ ਮਰੀਜਾਂ ਨੂੰ ਘਟੀਆ ਕਿਸਮ ਦੇ ਵਾਲਵ ਲਗਾਉਣ ਦੇ ਦੋਸ਼ ਵਿੱਚ ਪੰਜ ਸਾਲ਼ ਦੀ ਕੈਦ ਦੀ ਸਜ਼ਾ ਸੁਣਾਈ ਜਾਣ ਦੀ ਖ਼ਬਰ ਕਾਫ਼ੀ ਸੁਰਖੀਆਂ ਵਿੱਚ ਰਹੀ। ਇਸ ਤਰ੍ਹਾਂ ਦੇ ਇੱਕਾ-ਦੁੱਕਾ ਮਾਮਲੇ ਜਿਹਨਾਂ ਵਿੱਚ ਡਾਕਟਰਾਂ ਤੇ ਦਵਾਈਆਂ ਦੀਆਂ ਦੁਕਾਨਾਂ ਨਾਲ਼ ਮਿਲ ਕੇ ਮਰੀਜ਼ਾਂ ਦੀ ਲੁੱਟ ਕਰਨ ਦੇ ਦੋਸ਼ ਲੱਗਦੇ ਹਨ, ਅਕਸਰ ਹੀ ਆਮ ਲੋਕਾਂ ਦੀ ਨਜ਼ਰ ਵਿੱਚ ਆਉਂਦੇ ਰਹਿੰਦੇ ਹਨ। ਇਸ ਤਰ੍ਹਾਂ ਦਾ ਹੀ ਇੱਕ ਵਾਕਿਆ ਅਮਰੀਕਾ ਦੀ ਮਸ਼ਹੂਰ ਹਾਰਵਰਡ ਯੂਨੀਵਰਸਿਟੀ ਵਿਚਲੇ ਫਾਰਮੇਸੀ ਕਾਲਜ ਵਿੱਚ ਹੋਇਆ ਹੈ ਜਿੱਥੇ ਵਿਦਿਆਰਥੀਆਂ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਕਾਰਨ ਕਾਲਜ ਦੇ ਸਾਰੇ ਪ੍ਰੋਫੈਸਰਾਂ ਨੂੰ ਵਿਦਿਆਰਥੀਆਂ ਸਾਹਮਣੇ ਆਪਣੇ ਅਲੱਗ-ਅਲੱਗ ਦਵਾ-ਕੰਪਨੀਆਂ ਨਾਲ਼ ਰਿਸ਼ਤਿਆਂ ਦਾ ਖੁਲਾਸਾ ਕਰਨਾ ਪਿਆ, ਜਿਸ ਦੌਰਾਨ ਇੱਕ ਪ੍ਰੋਫੈਸਰ ਨੇ 47 ਵੱਖ-ਵੱਖ ਕੰਪਨੀਆਂ ਨਾਲ਼ ਆਪਣੇ ਰਿਸ਼ਤੇ ਹੋਣ ਬਾਰੇ ਮੰਨਿਆ।

ਹੁਣੇ-ਹੁਣੇ ਹੀ 'ਭਾਰਤ ਵਿੱਚ ਸਿਹਤ ਅਤੇ ਵਿਕਾਸ' ਉੱਤੇ ਇੱਕ ਕਮਿਸ਼ਨ ਦੀ ਰਿਪੋਰਟ ਤੋਂ ਸਾਹਮਣੇ ਆਇਆ ਕਿ ਅਗਸਤ 1997 ਵਿੱਚ ਸਥਾਪਨਾ ਤੋਂ ਬਾਅਦ ਹੁਣ ਤੱਕ ਦਵਾਈਆਂ ਦੀ ਕੀਮਤ ਮਿਥਣ ਵਾਲ਼ੀ ਅਥਾਰਟੀ (ਨੈਸ਼ਨਲ ਫਾਰਮਸਿਊਟੀਕਲ ਪਰਾਈਸਿੰਗ ਅਥਾਰਟੀ,) ਕੋਲ਼ ਦਵਾ-ਕੰਪਨੀਆਂ ਦੁਆਰਾ ਜ਼ਿਆਦਾ ਕੀਮਤ ਵਸੂਲਣ ਦੇ 614 ਮਾਮਲੇ ਦਰਜ ਹੋਏ ਹਨ ਜਿਹਨਾਂ ਅਨੁਸਾਰ 1954.53 ਕਰੋੜ ਰੁਪਏ ਲੋਕਾਂ ਦੀ ਜੇਬ ਵਿੱਚੋਂ ਵਾਧੂ ਵਸੂਲੇ ਗਏ, ਜਿਸ ਵਿੱਚੋਂ ਸਿਰਫ਼ 140.87 ਕਰੋੜ ਰੁਪਏ ਹੀ ਅਜੇ ਤੱਕ ਵਾਪਸ ਲਏ ਜਾ ਸਕੇ ਹਨ ਤੇ ਬਾਕੀ ਮਾਮਲੇ ਹਾਲੇ ਅਦਾਲਤਾਂ ਦੀ ਚਾਰ-ਦੀਵਾਰੀ ਦੇ ਚੱਕਰ ਲਗਾ ਰਹੇ ਹਨ।

ਪਰ ਇਹ ਤਿੰਨ ਗੱਲਾਂ ਤਾਂ ਸਮੁੰਦਰ ਵਿੱਚ ਡੁੱਬੇ ਭ੍ਰਿਸ਼ਟਾਚਾਰ ਤੇ ਲੁੱਟ ਦੇ ਪਹਾੜ ਦਾ ਸਿਰਫ਼ ਟੀਸੀ ਵਾਲ਼ਾ ਹਿੱਸਾ ਮਾਤਰ ਹਨ ਜੋ ਕਿ ਹਰ ਸਾਲ ਹੋਰ ਵੱਡਾ-ਹੋਰ ਵੱਡਾ ਹੁੰਦਾ ਜਾਂਦਾ ਹੈ।

ਭਾਰਤ ਜਿਹੇ ਗਰੀਬ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਆਮ ਲੋਕ ਸਿਹਤ ਨਾਲ਼ ਸਬੰਧਿਤ ਖਰਚੇ ਦਾ 90 ਫੀਸਦੀ ਹਿੱਸਾ ਦਵਾਈਆਂ ਖਰੀਦਣ 'ਤੇ ਖਰਚ ਕਰਦੇ ਹਨ, ਇਸ ਤਰ੍ਹਾਂ ਇੱਕ ਆਮ ਆਦਮੀ ਨੂੰ ਸਿਹਤ ਸਹੂਲਤ ਮਿਲ ਪਾਉਂਦੀ ਹੈ ਜਾਂ ਨਹੀਂ, ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਦਵਾਈ ਖਰੀਦ ਪਾਉਂਦਾ ਹੈ ਜਾਂ ਨਹੀਂ। ਇੱਥੇ ਹੀ ਇੱਕ ਹੋਰ ਤੱਥ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਉਹ ਇਹ ਕਿ ਇੱਕ ਸਰਵੇ ਅਨੁਸਾਰ ਵਿਕਾਸਸ਼ੀਲ ਦੇਸ਼ਾਂ ਵਿੱਚ 50 ਫੀਸਦੀ ਦਵਾਈਆਂ ਅਣ-ਉਚਿਤ ਤਰੀਕੇ ਨਾਲ਼ ਮਰੀਜ਼ਾਂ ਨੂੰ ਲਿਖੀਆਂ ਜਾਂਦੀਆਂ ਹਨ ਜਾਂ ਆਮ ਲੋਕ ਕੰਪਨੀਆਂ ਦੇ ਪ੍ਰਚਾਰ ਦੇ ਪ੍ਰਭਾਵ ਹੇਠ ਆ ਕੇ ਆਪਣੇ ਆਪ ਖਰੀਦ ਲੈਂਦੇ ਹਨ। ਇਸ ਦੀ ਉਘੜਵੀ ਮਿਸਾਲ ਹੈ, 2005 ਵਿੱਚ ਸਿਹਤ ਨਾਲ਼ ਸਬੰਧਿਤ ਰਾਸ਼ਟਰੀ ਕਮਿਸ਼ਨ (ਨੈਸ਼ਨਲ ਕਮਿਸ਼ਨ ਆਨ ਮੈਕਰੋਇਕਨਾਮਿਕ ਐਂਡ ਹੈਲਥ) ਵੱਲੋਂ ਜਾਰੀ ਕੀਤੀ ਦਵਾਈਆਂ ਦੀ ਸੂਚੀ ਹੈ ਜਿਸ ਅਨੁਸਾਰ ਭਾਰਤ ਵਿੱਚ ਵਿਕਣ ਵਾਲ਼ੇ ਦਵਾਈਆਂ ਦੇ 25 ਮੁੱਖ ਬਰਾਡਾਂ ਵਿੱਚੋਂ 10 ਗੈਰ-ਵਿਗਿਆਨਕ ਜਾਂ ਗੈਰ-ਜ਼ਰੂਰੀ ਜਾਂ ਇੱਥੋਂ ਤੱਕ ਕਿ ਕੁਝ ਨੁਕਸਾਨਦਾਇਕ ਵੀ ਹਨ। ਵੇਖੋ ਸਾਰਣੀ।

ਰੈਂਕ	ਬਰਾਂਡ	ਉਤਪਾਦਕ	ਹੈੱਡ ਕੁਆਟਰ
1	ਬੀਕਾਸੂਲ	ਫਾਈਜ਼ਰ	ਅਮਰੀਕਾ
3	ਕੋਰੈਕਸ	ਫਾਈਜ਼ਰ	ਅਮਰੀਕਾ
9	ਲਿਵ-52	ਹਿਮਾਲਿਆ	ਭਾਰਤ
11	ਡੈਕਸੋਰੇਂਜ	ਫਰੈਂਕੋ ਇੰਡੀਅਨ	ਭਾਰਤ-ਫ਼ਰਾਂਸ
12	ਡਾਈਜਿਨ	ਐਬਟੱਟ	ਅਮਰੀਕਾ
17	ਕੋਬੀਫਲੇਮ	ਐਵੰਟੀਜ਼	ਫ਼ਰਾਂਸ
20	ਪੋਲੀਬਿਓਨ	ਈ.ਮਰਕ	ਜਰਮਨੀ
21	ਗਲੂਕੋਨ-ਡੀ	ਹੈਂਜ਼	ਅਮਰੀਕਾ
22	ਈਵਿਓਨ	ਈ.ਮਰਕ	ਜਰਮਨੀ
25	ਰੀਵਾਈਟਲ	ਰਨਬੈਕਸੀ	ਭਾਰਤ

ਦਵਾਈਆਂ ਵਿੱਚੋਂ ਵੱਧ ਤੋਂ ਵੱਧ ਮੁਨਾਫ਼ੇ ਕਮਾਉਣ ਲਈ ਦਵਾ-ਕੰਪਨੀਆਂ ਕਈ ਤਰ੍ਹਾਂ ਦੇ ਹੱਥ ਕੰਡੇ ਅਪਣਾਉਂਦੀਆਂ ਹਨ ਜਿਸ ਵਿੱਚ ਡਾਕਟਰਾਂ ਨੂੰ ਤੋਹਫਿਆਂ ਤੋਂ ਲੈ ਕੇ ਨਵੀਆਂ-ਨਵੀਆਂ ਬਿਮਾਰੀਆਂ ਪੈਦਾ ਕਰਨਾ ਸ਼ਾਮਿਲ ਹੈ। ਅਮੀਰ ਮੁਲਕਾਂ ਵਿੱਚ ਕੰਪਨੀਆਂ ਦੇ ਪ੍ਰਚਾਰ ਤਰੀਕਿਆਂ ਤੇ ਕੁਝ ਨਕੇਲ ਕਸੀ ਜਾਣ ਨਾਲ਼ ਮੁਨਾਫਿਆਂ ਦੀ ਬਾਂਦਰ-ਵੰਡ ਲਈ ਸੰਘਰਸ਼, ਵਿਕਾਸਸ਼ੀਲ ਦੇਸ਼ਾਂ ਵਿੱਚ ਵੱਧ ਭਿਆਨਕ ਰੂਪ ਵਿੱਚ ਸਾਹਮਣੇ ਆਉਣ ਲੱਗਾ ਹੈ ਜਿਥੇ ਸਿਰਫ਼ 1/6 ਦੇਸ਼ਾਂ ਵਿੱਚ ਹੀ ਦਵਾਈਆਂ 'ਤੇ ਕੰਟਰੋਲ ਲਈ ਕੋਈ ਸਰਕਾਰੀ ਸੰਸਥਾਨ ਜਾਂ ਕਾਨੂੰਨ ਹੈ ਅਤੇ ਜਿਥੇ ਇਸ ਤਰ੍ਹਾਂ ਦਾ ਕੋਈ ਸੰਸਥਾਨ ਜਾਂ ਕਾਨੂੰਨ ਹੈ ਵੀ, ਉੱਥੇ ਵੀ ਇਹ ਸੰਸਥਾਨ ਜਾਂ ਕਾਨੂੰਨ ਦਵਾ-ਕੰਪਨੀਆਂ ਨੂੰ ਨੱਥ ਪਾਉਣ ਵਿੱਚ ਵੱਧ ਜਾਂ ਘੱਟ ਨਾਕਾਮ ਰਹਿੰਦੇ ਹਨ। ਮੁਨਾਫ਼ਾ ਕਮਾਉਣ ਲਈ ਇਹ ਕੰਪਨੀਆਂ ਕਿਸ ਹੱਦ ਤੱਕ ਜਾ ਸਕਦੀਆਂ ਹਨ, ਉਸ ਦਾ ਅੰਦਾਜਾ ਇਸ ਤੱਥ ਤੋਂ ਸਹਿਜੇ ਹੀ ਹੋ ਜਾਂਦਾ ਹੈ—2006 ਦੇ ਸਾਲ ਦੌਰਾਨ ਚੀਨ ਵਿੱਚ ਸਰਕਾਰ ਵੱਲੋਂ ਵੱਢੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਕਾਰਨ ਦਵਾਈਆਂ ਦੇ ਖੇਤਰ ਵਿੱਚ ਵਾਧਾ ਦਰ 20.5

ਫੀਸਦੀ ਤੋਂ ਘੱਟ ਕੇ 12.5 ਫੀਸਦੀ ਰਹਿ ਗਈ ਸੀ, ਕਿਉਂਕਿ ਕੰਪਨੀਆਂ ਦੇ ਡਾਕਟਰਾਂ ਕੋਲ ਜਾ ਕੇ ਪ੍ਰਚਾਰ ਕਰਨ ਤੇ ਕਾਫ਼ੀ ਸਖਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ।

ਹੁਣ ਦਵਾ-ਕੰਪਨੀਆਂ ਤੇ ਡਾਕਟਰਾਂ ਦੇ ਰਿਸ਼ਤੇ ਬਾਰੇ ਕੁਝ ਵਿਸਥਾਰ ਵਿੱਚ ਗੱਲ ਹੋ ਜਾਵੇ। ਕਿਉਂਕਿ ਦਵਾਈਆਂ ਦੇ ਖੇਤਰ ਵਿੱਚ, ਸਿੱਧਾ ਗਾਹਕ (ਮਰੀਜ਼) ਤੱਕ ਇਸ਼ਤਿਹਾਰ ਰਾਹੀਂ ਵਿਕਰੀ ਨਹੀਂ ਵਧਾਈ ਜਾ ਸਕਦੀ (ਭਾਵੇਂ ਕਿ ਕੁਝ ਹੱਦ ਤੱਕ ਇਸ ਤਰ੍ਹਾਂ ਕੀਤਾ ਵੀ ਜਾਂਦਾ ਹੈ ਪਰ ਇਸ ਦਾ ਦਾਇਰਾ ਕਾਫ਼ੀ ਸੀਮਿਤ ਹੈ), ਇਸ ਲਈ ਦਵਾਈਆਂ ਦੀ ਵਿਕਰੀ ਵਧਾਉਣ ਲਈ ਡਾਕਟਰਾਂ ਤੱਕ ਪ੍ਰਚਾਰ ਤੇ ਡਾਕਟਰਾਂ ਦੁਆਰਾ ਵੱਧ ਤੋਂ ਵੱਧ ਦਵਾਈਆਂ ਲਿਖਵਾਉਣਾ ਦਵਾਈਆਂ ਦੀ ਵਿਕਰੀ ਵਧਾਉਣ ਦਾ ਇੱਕ ਪ੍ਰਮੁੱਖ ਜਰੀਆ ਬਣ ਜਾਂਦਾ ਹੈ। ਡਾਕਟਰਾਂ ਨੂੰ ਅੱਗੇ ਦੋ ਵਰਗਾਂ ਵਿੱਚ ਰੱਖਿਆ ਜਾ ਸਕਦਾ ਹੈ – ਪਹਿਲੇ ਵਰਗ ਵਿੱਚ ਪ੍ਰਾਈਵੇਟ ਕੰਮ ਕਰਦੇ ਡਾਕਟਰ, ਸਰਕਾਰੀ ਹਸਪਤਾਲਾਂ ਤੇ ਮੈਡੀਕਲ ਕਾਲਜਾਂ ਦੇ ਡਾਕਟਰ ਆਉਂਦੇ ਹਨ ਜਿਹੜੇ ਸਿੱਧਾ-ਸਿੱਧਾ ਵਿਕਰੀ ਵਧਾ ਸਕਦੇ ਹਨ ਅਤੇ ਦੂਜੇ ਵਰਗ ਵਿੱਚ ਅਜਿਹੇ ਡਾਕਟਰ-ਪ੍ਰੋਫੈਸਰ ਆਉਂਦੇ ਹਨ ਜਿਹੜੇ ਮਹੱਤਵਪੂਰਨ ਪਦਾਂ 'ਤੇ ਹੁੰਦੇ ਹੋਏ ਨਿਰਧਾਰਿਤ ਕਰਦੇ ਹਨ ਕਿ ਕਿਹੜੀ ਦਵਾਈ ਕਿਸ-ਕਿਸ ਬਿਮਾਰੀ ਲਈ ਦਿੱਤੀ ਜਾ ਸਕਦੀ ਹੈ, ਕਿੰਨੀ ਦੇਰ ਲਈ ਤੇ ਕਿੰਨੀ ਮਾਤਰਾ ਵਿੱਚ ਦਿੱਤੀ ਜਾ ਸਕਦੀ ਹੈ ਤੇ ਕਿਸ-ਕਿਸ ਬਿਮਾਰੀ ਲਈ ਦਵਾਈਆਂ ਦੁਆਰਾ ਇਲਾਜ ਜ਼ਰੂਰੀ ਹੈ ਅਤੇ ਵੱਖ-ਵੱਖ ਵਿਸ਼ਿਆਂ ਨਾਲ਼ ਸਬੰਧਿਤ ਖੋਜ ਕਾਰਜਾਂ ਵਿੱਚ ਸ਼ਾਮਿਲ ਹੁੰਦੇ ਹਨ ਅਤੇ ਵੱਖ-ਵੱਖ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਦੇ ਲੇਖਕ ਹੁੰਦੇ ਹਨ।

ਪਹਿਲੀ ਕਿਸਮ ਦੇ ਡਾਕਟਰਾਂ ਤੱਕ ਪਹੁੰਚ ਕਰਨ ਲਈ ਦਵਾ-ਕੰਪਨੀਆਂ 'ਮੈਡੀਕਲ ਰੀਪ੍ਰਜ਼ੈਂਟੇਟਿਵ (ਨੁਮਾਇੰਦੇ)' (M.R.) ਦੀ ਇੱਕ ਵੱਡੀ ਫੌਜ ਭਰਤੀ ਕਰਦੀਆਂ ਹਨ। ਇੱਕਲੇ ਅਮਰੀਕਾ ਵਿੱਚ ਇਹਨਾਂ ਦੀ ਗਿਣਤੀ 90,000 ਦੇ ਲਗਭਗ ਹੈ, ਭਾਰਤ ਤੇ ਹੋਰ ਦੇਸ਼ਾਂ ਵਿੱਚ ਇਹਨਾਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੋਣ ਦਾ ਅੰਦਾਜ਼ਾ ਹੈ। ਇਹ ਐਮ. ਆਰ. ਹਰ ਉਸ ਡਾਕਟਰ ਤੱਕ, ਜੋ ਕਿਸੇ ਨਾ ਕਿਸੇ ਤਰੀਕੇ ਨਾਲ਼ ਦਵਾਈ ਦੀ ਵਿਕਰੀ ਵਧਾ ਸਕਦਾ ਹੈ, ਤੱਕ ਪਹੁੰਚ ਕਰਦੇ ਹਨ। ਡਾਕਟਰਾਂ ਨੂੰ ਮਿਲਣ ਦਾ ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਉਹ ਡਾਕਟਰਾਂ ਨੂੰ ਨਵੀਆਂ ਦਵਾਈਆਂ ਬਾਰੇ ਤੇ ਨਵੀਆਂ ਖੋਜਾਂ ਬਾਰੇ ਜਾਣੂ ਕਰਵਾਉਂਦੇ ਹਨ ਤੇ ਪੜ੍ਹਨ-ਸਮੱਗਰੀ ਮੁਹੱਈਆ ਕਰਵਾਉਂਦੇ ਹਨ।

ਇੱਕ ਕਸ਼ਮੀਰੀ ਅਖਬਾਰ ਅਨੁਸਾਰ – "ਦਵਾ-ਕੰਪਨੀਆਂ ਦੇ ਨੁਮਾਇੰਦੇ ਜਿਹਨਾਂ ਦੀਆਂ ਦਵਾਈਆਂ ਦੇ ਲਾਭਦਾਇਕ ਅਸਰ ਬਾਰੇ ਕੁਝ ਵੀ ਪੱਕਾ ਨਹੀਂ ਹੁੰਦਾ ਹੈ, ਡਾਕਟਰਾਂ ਨੂੰ ਕੈਸ਼, ਫਰਿਜ਼, ਟੀ. ਵੀ., ਲੈਪਟੌਪ, ਮੋਬਾਇਲ ਫੋਨ, ਫੋਨ ਦੇ ਬਿਲ, ਕਾਰਾਂ, ਬੱਚਿਆ ਦੀ ਟਿਊਸ਼ਨ ਫੀਸ ਤੇ ਹੋਰ ਬਹੁਤ ਕੁਝ ਆਫ਼ਰ ਕਰਦੇ ਹਨ।"

ਮੁੰਬਈ ਦੇ ਡਾਕਟਰ ਅਨੁਸਾਰ – ਦਵਾ-ਕੰਪਨੀਆਂ ਦੀ ਸਕੀਮ ਸਿੱਧੀ ਹੈ, 1000 ਸੈਂਪਲ ਵੇਚਣ ਤੇ ਮੋਟੋਰੋਲਾ ਮੋਬਾਇਲ ਸੈੱਟ, 5000 ਸੈਂਪਲ ਵੇਚਣ ਤੇ ਏਅਰ ਕੂਲਰ ਅਤੇ 10,000 ਸੈਂਪਲ 'ਤੇ ਮੋਟਰਸਾਈਕਲ।

ਆਗਾ ਖਾਨ ਯੂਨੀਵਰਸਿਟੀ, ਪਾਕਿਸਤਾਨ ਵਿੱਚ ਮਾਨਸਿਕ ਰੋਗਾਂ ਦੇ ਵਿਭਾਗ ਦੇ ਮੁਖੀ, ਪ੍ਰੋ. ਮੁਰਾਦ ਐੱਮ. ਖਾਨ ਅਨੁਸਾਰ – ਇੱਕ ਕੰਪਨੀ ਦੀ ਮਹਿੰਗੀ ਦਵਾਈ 200 ਮਰੀਜ਼ਾਂ ਨੂੰ ਲਿਖਣ 'ਤੇ ਤੁਹਾਨੂੰ ਇੱਕ ਨਵੀਂ ਨਕੋਰ ਕਾਰ ਇਨਾਮ ਵਿੱਚ ਮਿਲੇਗੀ। ਪ੍ਰੋ. ਖਾਨ, ਇੱਕ ਹੋਰ ਜ਼ਿਕਰ ਵੀ ਕਰਦੇ ਹਨ – ਅਕਤੂਬਰ 2004 ਵਿੱਚ ਲਿਉਂਡਬੈੱਕ (Lundbeck) ਕੰਪਨੀ ਨੇ ਯਾਦਸ਼ਕਤੀ ਘੱਟ ਹੋਣ ਦੀ ਇੱਕ ਬਿਮਾਰੀ (Alzheimer's disease) ਲਈ ਆਪਣੀ ਦਵਾਈ ਨੂੰ ਲਾਂਚ ਕਰਨ ਲਈ 70 ਪਾਕਿਸਤਾਨੀ ਡਾਕਟਰਾਂ ਨੂੰ ਬੈਂਕਾਕ ਦੇ ਪੰਜ-ਤਾਰਾਂ ਹੋਟਲ ਵਿੱਚ ਪਾਰਟੀਆਂ ਦਿੱਤੀਆਂ। ਉਹ ਅੱਗੇ ਲਿਖਦੇ ਹਨ – ਕੰਪਨੀ ਇਹ ਖਰਚਾ ਕਿਥੋਂ ਵਸੂਲ ਕਰੇਗੀ ? ਦਵਾਈ ਦੀ ਵਿਕਰੀ ਵਧਾ ਕੇ, ਵਿਕਰੀ ਕੌਣ ਵਧਾਏਗਾ ? ਉਹ ਡਾਕਟਰ ਜਿਹੜੇ ਬੈਂਕਾਕ ਗਏ ਸਨ, ਜੇਬ ਕਿਸ ਦੀ ਖਾਲੀ ਹੋਵੇਗੀ ? ਮਰੀਜ਼ਾਂ ਤੇ ਉਹਨਾਂ ਪਰਿਵਾਰਾਂ ਦੀ, ਬਿਲਕੁਲ ਸਪੱਸ਼ਟ ਤੌਰ 'ਤੇ।"

ਕੀਨੀਆਂ ਦੇ ਮੈਡੀਕਲ ਵਿਦਿਆਰਥੀ, ਰੈਮਰੂਨ ਪੇਜ ਅਨੁਸਾਰ – ਕੁਝ ਮੈਡੀਕਲ ਵਿਦਿਆਰਥੀਆਂ ਦੇ ਚਿੱਟੇ ਕੋਟ ਵੀ ਕੰਪਨੀ ਦੇ ਲੋਗੋ ਵਾਲੇ ਹਨ..... ਇਹ ਤਾਂ ਹੱਦ ਹੀ ਹੋ ਗਈ ਹੈ.....।

ਇਸ ਤੋਂ ਇਲਾਵਾ ਦਵਾ-ਕੰਪਨੀਆਂ ਦੇ ਸੇਲਜਮੈਨ (ਐਮ. ਆਰ.) ਵੱਖ-ਵੱਖ ਧਾਰਮਿਕ-ਸਮਾਜਿਕ ਤਿਉਹਾਰਾਂ ਦੇ ਮੌਕੇ 'ਤੇ, ਨਵੇਂ ਸਾਲ ਦੇ ਮੌਕੇ 'ਤੇ, ਡਾਕਟਰਾਂ ਅਤੇ ਉਹਨਾਂ ਦੇ ਬੱਚਿਆ ਦੇ ਜਨਮ-ਦਿਨਾਂ 'ਤੇ ਤੋਹਫੇ ਦੇਣ ਦਾ ਬਾਖੂਬੀ ਪ੍ਰਬੰਧ ਕਰਦੇ ਹਨ। ਪਿਛਲੇ ਇੱਕ-ਡੇਢ ਦਹਾਕੇ ਤੋਂ ਸੀ. ਐਮ. ਈ. ਐੱਸ. (CMES), ਇੱਕ ਤਰ੍ਹਾਂ ਦੇ ਅਕਾਦਮਿਕ ਪ੍ਰੋਗਰਾਮ ਜਿਹਨਾਂ ਦਾ ਮਕਸਦ ਨਵੀਨਤਮ ਖੋਜਾਂ ਤੇ ਦਵਾਈਆਂ ਬਾਰੇ ਡਾਕਟਰਾਂ ਨੂੰ ਸਿੱਖਿਅਤ ਕਰਨਾ ਹੁੰਦਾ ਹੈ – ਦੇ ਨਾਮ ਹੇਠ ਕੰਪਨੀਆਂ ਵੱਲੋਂ ਪਾਰਟੀਆਂ ਤੇ ਖਾਣੇ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਪਾਰਟੀਆਂ ਦੋ-ਤਿੰਨ ਘੰਟੇ ਦੇ ਪ੍ਰੋਗਰਾਮ ਤੋਂ ਲੈ ਕੇ ਤਿੰਨ-ਚਾਰ ਦਿਨਾਂ ਦੀਆਂ ਕਾਨਫਰੰਸਾਂ ਦੇ ਰੂਪ ਵਿੱਚ ਹੁੰਦੀਆਂ ਹਨ। ਇਹਨਾਂ ਦਾ ਲਗਭਗ ਸਾਰਾ ਖਰਚਾ, ਇਥੋਂ ਤੱਕ ਕਿ ਡਾਕਟਰਾਂ ਦੇ ਆਉਣ-ਜਾਣ ਅਤੇ ਰਹਿਣ ਦਾ ਖਰਚਾ, ਵਿੱਚ ਹਵਾਈ ਸਫ਼ਰ ਦੀਆਂ ਟਿਕਟਾਂ ਵੀ ਸ਼ਾਮਿਲ ਹੋ ਸਕਦੀਆਂ ਹਨ, ਸਭ ਕੁਝ ਕੰਪਨੀਆਂ ਦੁਆਰਾ ਸਪਾਂਸਰ ਕੀਤਾ ਜਾਂਦਾ ਹੈ। ਇਹਨਾਂ ਕਾਨਫਰੰਸਾ ਦੌਰਾਨ ਬੁਲਾਰੇ ਆਮ ਤੌਰ 'ਤੇ ਕੰਪਨੀ ਦੁਆਰਾ ਤਿਆਰ ਕੀਤਾ ਭਾਸ਼ਣ ਹੀ ਪੜ੍ਹਦੇ ਹਨ ਅਤੇ ਕੰਪਨੀ ਦੀ ਦਵਾਈ ਦੇ ਬਰਾਂਡ ਦੇ ਨਾਮ ਦੀ ਖਾਸ ਤੌਰ 'ਤੇ ਚਰਚਾ ਕਰਦੇ ਹਨ।

ਹੁਣ ਗੱਲ ਵੱਡੀਆਂ ਮੱਛੀਆਂ ਤੇ ਮਗਰਮੱਛਾਂ ਦੀ, ਭਾਵ ਦੂਜੇ ਵਰਗ ਦੇ ਡਾਕਟਰਾਂ ਦੀ ਵੀ ਹੋ ਜਾਵੇ। ਹੁਣੇ-ਹੁਣੇ ਅਮਰੀਕੀ ਸੈਨੇਟਰ ਚਾਰਲਸ ਗਰਮਲੀ ਨੇ ਦਵਾ-ਕੰਪਨੀਆਂ ਅਤੇ ਡਾਕਟਰਾਂ ਦੇ ਆਰਥਿਕ ਰਿਸ਼ਤਿਆਂ ਬਾਰੇ ਇੱਕ ਰਿਪੋਰਟ ਪੇਸ਼ ਕੀਤੀ ਜਿਸ ਵਿਚ ਕਈ ਹੈਰਾਨੀਜਨਕ ਖੁਲਾਸੇ ਪੇਸ਼ ਕੀਤੇ ਗਏ ਹਨ। ਇਹ ਰਿਪੋਰਟ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ 'ਤੇ ਅਧਾਰਿਤ ਹੈ ਤੇ ਛੇਤੀ ਹੀ ਉਹ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰਾਂ 'ਤੇ ਅਧਾਰਿਤ ਰਿਪੋਰਟ ਵੀ ਪੇਸ਼ ਕਰਨ ਜਾ ਰਹੇ ਹਨ।

ਇਸ ਰਿਪੋਰਟ ਅਨੁਸਾਰ – ਹਾਰਵਰਡ ਮੈਡੀਕਲ ਸਕੂਲ ਦੇ ਮਾਨਸਿਕ ਰੋਗਾਂ ਦੇ ਪ੍ਰੋਫੈਸਰ ਡਾ. ਜੋਸਫ਼ ਐੱਲ. ਲੀਡਰਮੈਨ ਨੂੰ ਇੱਕ ਕੰਪਨੀ ਵੱਲੋਂ 1.6 ਮਿਲੀਅਨ ਡਾਲਰ ਦੀ ਅਦਾਇਗੀ ਸਾਲ 2006-2007 ਦੇ ਦਰਮਿਆਨ ਕੀਤੀ। ਹੱਦ ਉਦੋਂ ਹੋ ਗਈ

ਜਦੋਂ ਹਸਪਤਾਲ ਦੇ ਮੁਖੀ ਨੇ ਉਪਰੋਕਤ ਡਾਕਟਰ ਨੂੰ ਹਮਦਰਦੀ ਭਰੇ ਇਹ ਸ਼ਬਦ ਇਸ ਖੁਲਾਸੇ ਤੋਂ ਬਾਅਦ ਲਿਖ ਭੇਜੇ, "ਸਾਨੂੰ ਪਤਾ ਹੈ ਕਿ ਇਹਨਾਂ ਡਾਕਟਰਾਂ ਤੇ ਉਹਨਾਂ ਦੇ ਪਰਿਵਾਰਾਂ ਲਈ ਔਖਾ ਸਮਾਂ ਹੈ, ਤੇ ਸਾਡੀ ਉਹਨਾਂ ਨਾਲ਼ ਦਿਲੀ ਹਮਦਰਦੀ ਹੈ।"

ਇਸ ਤਰ੍ਹਾਂ ਹੀ ਡਾ. ਐਲਨ ਸਾਟਜ਼ਬਰਗ ਦਾ ਕੇਸ ਹੈ। ਸਟੈਨਫੋਰਡ ਯੂਨੀਵਰਸਿਟੀ ਦੇ ਇਸ ਪ੍ਰੋਫੈਸਰ ਦਾ ਕਨਸੈਪਟ ਥੀਰੈਪਟਿਕਸ (Concept Therapeatics) ਨਾਂ ਦੀ ਕੰਪਨੀ ਵਿੱਚ 60 ਲੱਖ ਡਾਲਰ ਦਾ ਹਿੱਸਾ ਹੈ ਤੇ ਇਹ ਕੰਪਨੀ ਗਰਭਪਾਤ ਵਿੱਚ ਕੰਮ ਆਉਣ ਵਾਲੀ ਇੱਕ ਦਵਾਈ – ਮਿਫੀਪਰਿਸਟੋਨ (Mifepristone) ਨੂੰ ਉਦਾਸੀ ਰੋਗਾਂ ਦੇ ਇਲਾਜ ਲਈ ਟੈਸਟ ਕਰ ਰਹੀ ਹੈ। ਡਾਕਟਰ ਸਾਹਿਬ ਵੀ ਮਾਨਸਿਕ ਸਿਹਤ ਦੇ ਰਾਸ਼ਟਰੀ ਸੰਸਥਾਨ ਵਿੱਚ ਇਸੇ ਦਵਾਈ ਤੇ ਟੈਸਟ ਕਰ ਰਹੇ ਸਨ ਤੇ ਉਹਨਾਂ ਕਈ ਪਰਚੇ ਵੀ ਲਿਖੇ। ਖੁਲਾਸਾ ਹੋਣ ਤੇ ਉਹਨਾਂ ਨੂੰ ਅਸਤੀਫਾ ਦੇਣਾ ਪਿਆ।

ਇਸ ਤਰ੍ਹਾਂ ਦੇ ਕਈ ਹੋਰ ਖੁਲਾਸੇ ਵੀ ਇਸ ਰਿਪੋਰਟ ਵਿੱਚ ਕੀਤੇ ਗਏ ਹਨ। ਪਰ ਸਿਰਫ਼ ਇਹੀ ਇੱਕ ਤਰੀਕਾ ਨਹੀਂ ਜਿਸ ਨਾਲ਼ ਕੰਪਨੀਆਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਲੋਕਾਂ ਦੀ ਜੇਬ 'ਤੇ ਡਾਕਾ ਮਾਰਦੀਆਂ ਹਨ, ਹੋਰ ਵੀ ਬਹੁਤ ਸਾਰੇ ਤਰੀਕੇ ਅਜਮਾਏ ਜਾਂਦੇ ਹਨ। –

ਕਿਸੇ ਵੀ ਦਵਾਈ ਨੂੰ ਆਮ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਉਸ ਦੀਆਂ ਬਹੁਤ ਸਾਰੀਆਂ ਪਰਖਾਂ ਕੀਤੀਆਂ ਜਾਂਦੀਆਂ ਹਨ ਅਤੇ ਪਰਖ-ਰਿਪੋਰਟਾਂ ਵਿੱਚ ਦਵਾਈ ਦਾ ਲਾਭਦਾਇਕ ਅਸਰ ਸਿੱਧ ਹੋਣ 'ਤੇ ਹੀ ਦਵਾਈ ਆਮ ਵਰਤੋਂ ਲਈ ਜਾਰੀ ਕੀਤੀ ਜਾਂਦੀ ਹੈ। ਪਰ ਕੰਪਨੀਆਂ ਉਲਟ ਨਤੀਜੇ ਦਿਖਾਉਣ ਵਾਲੀਆਂ ਰਿਪੋਰਟਾਂ ਨੂੰ ਪ੍ਰਕਾਸ਼ਿਤ ਹੀ ਨਹੀਂ ਹੋਣ ਦਿੰਦੀਆਂ ਅਤੇ ਦਵਾਈ ਨੂੰ ਪ੍ਰਵਾਨਗੀ ਮਿਲ ਜਾਂਦੀ ਹੈ। ਇਸ ਦੀ ਇੱਕ ਲਾਮਿਸਾਲ ਉਦਾਹਰਣ ਹੈ – ਗਲੈਕਸੋ ਸਮਿਥਕਲਾਈਨ (ਜੀ. ਐਸ. ਕੇ.) ਕੰਪਨੀ ਦੀ ਦਵਾਈ ਪੈਕਸਿਲ (Paxil)। ਇਸ ਕੰਪਨੀ ਨੇ 74 ਪਰਖ ਰਿਪੋਰਟਾਂ ਵਿਚੋਂ ਨਾਕਾਰਤਮਕ ਨਤੀਜੇ ਦਿਖਾਉਂਦੀਆਂ 37 ਵਿਚੋਂ 33 ਰਿਪੋਰਟਾਂ ਬਾਹਰ ਹੀ ਨਹੀਂ ਆਉਣ ਦਿੱਤੀਆਂ। ਫਰਾਡ ਦੀ ਪੋਲ ਖੁੱਲ੍ਹਣ ਅਤੇ ਮੁਕੱਦਮੇਬਾਜ਼ੀ ਹੋਣ 'ਤੇ ਜੀ. ਐਸ. ਕੇ. ਨੇ 25 ਲੱਖ ਡਾਲਰ ਦਾ ਹਰਜਾਨਾ ਭਰਨਾ ਮੰਨ ਲਿਆ, ਪਰ ਉਸ ਸਮੇਂ ਤੱਕ ਇਹੀ ਦਵਾਈ 2.7 ਅਰਬ ਡਾਲਰ ਕਮਾ ਚੁੱਕੀ ਸੀ।

ਇੱਕ ਦਵਾਈ ਆਮ ਤੌਰ 'ਤੇ ਇੱਕ ਖਾਸ ਬਿਮਾਰੀ 'ਤੇ ਖਾਸ ਕਿਸਮ ਦੇ ਮਰੀਜਾਂ ਲਈ ਵਰਤਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਪਰ ਕੰਪਨੀਆਂ ਇਸ ਤੋਂ ਬਾਅਦ ਹੋਰ ਬਿਮਾਰੀਆਂ ਲਈ ਵਰਤੋਂ ਕਰਨ ਲਈ ਰਿਪੋਰਟਾਂ ਪੇਸ਼ ਕਰਦੀਆਂ ਰਹਿੰਦੀਆਂ ਹਨ ਅਤੇ ਦਵਾਈ ਨੂੰ ਪ੍ਰਮੋਟ ਕਰਨਾ ਜਾਰੀ ਰੱਖਦੀਆਂ ਹਨ, ਸੁਭਾਵਕ ਹੈ ਕਿ ਇਹ ਸਾਰਾ ਕੁਝ ਮਸ਼ਹੂਰ ਤੇ ਰੁਤਬੇ ਵਾਲੇ ਡਾਕਟਰਾਂ ਦੀ ਮੱਦਦ ਬਿਨਾ ਨਹੀਂ ਹੁੰਦਾ ਹੈ। ਇਸ ਪਰਾਕਰਮ ਦੀ ਉਦਾਹਰਣ ਨਿਊਯਾਰਕ ਟਾਈਮਜ਼ ਦੀ ਪੱਤਰਕਾਰ ਮੈਲੋਡੀ ਪੀਟਰਸਨ ਨੇ ਪੇਸ਼ ਕੀਤੀ ਹੈ – ਦਵਾਈ ਦਾ ਨਾਂ ਹੈ – 'ਨਿਊਰੋਨਟਿਨ' ਤੇ ਕੰਪਨੀ ਹੈ ਫਾਈਜ਼ਰ (Pfizer)। ਸ਼ੁਰੂ ਵਿੱਚ ਇਸ ਦਵਾਈ ਨੂੰ ਮਿਰਗੀ ਦੀ ਇੱਕ ਖਾਸ ਕਿਸਮ ਲਈ ਪ੍ਰਵਾਨਗੀ ਮਿਲੀ ਪਰ ਕੰਪਨੀ ਨੇ 'ਰੁਤਬੇ ਵਾਲੇ ਡਾਕਟਰਾਂ' ਨਾਲ ਮਿਲ ਕੇ ਇਸ ਨੂੰ ਸਿਰਦਰਦ ਤੋਂ ਲੈ ਕੇ ਮੂਡ ਦੀਆਂ ਮਾਨਸਿਕ ਬਿਮਾਰੀਆਂ ਤੱਕ ਦੇ ਇਲਾਜ ਲਈ ਪ੍ਰਮੋਟ ਕੀਤਾ ਅਤੇ 2003 ਤੱਕ 2.7 ਅਰਬ ਡਾਲਰ ਕਮਾਏ। ਪੋਲ ਖੁੱਲ੍ਹਣ 'ਤੇ 43 ਕਰੋੜ ਡਾਲਰ ਹਰਜਾਨਾ ਭਰਿਆ ਤੇ ਬਾਕੀ ਮੁਨਾਫਾ ਕੰਪਨੀ ਦੇ ਖਾਤੇ ਵਿੱਚ।

ਇੱਕ ਹੋਰ ਤਰੀਕਾ ਲੱਭਿਆ ਗਿਆ ਹੈ ਮੁਨਾਫਾ ਕਮਾਉਣ ਦਾ – ਉਹ ਇਹ ਕਿ ਕਿਸੇ ਆਮ ਪਾਏ ਜਾਣ ਵਾਲੇ ਸੁਭਾਅ ਦੇ ਲੱਛਣ ਨੂੰ ਜਾਂ ਛੋਟੀ-ਮੋਟੀ ਬਿਮਾਰੀ ਨੂੰ ਬਹੁਤ ਖਤਰਨਾਕ ਜਾਂ ਭਿਆਨਕ ਬਣਾ ਕੇ ਪੇਸ਼ ਕਰੋ ਤੇ ਲੋਕਾਂ ਨੂੰ ਇਸ ਦਾ ਇਲਾਜ ਕਰਵਾਉਣ ਲਈ ਪ੍ਰੇਰਿਤ ਕਰੋ, ਕਿਉਂਕਿ ਇਸ ਤਰ੍ਹਾਂ ਦੀਆਂ 'ਬਿਮਾਰੀਆਂ' ਲੋਕਾਂ ਦੇ ਵੱਡੇ ਹਿੱਸੇ ਵਿੱਚ ਪਾਈਆਂ ਜਾਂਦੀਆਂ ਹਨ, ਇਸ ਲਈ ਵਿਕਰੀ ਵੀ ਚੋਖੀ ਹੁੰਦੀ ਹੈ ਤੇ ਮੁਨਾਫਾ ਵੀ ਚੋਖਾ। 1980 ਤੱਕ ਸੰਗ ਜਾਂ ਸ਼ਰਮੀਲਾਪਣ ਕਿਸੇ ਕਿਸਮ ਦੀ ਬਿਮਾਰੀ ਨਹੀਂ ਸੀ, 1980 ਵਿਚ ਸੰਗ-ਸ਼ਰਮੀਲਾਪਣ ਨੇ ਡੀ. ਐਸ. ਐਮ.-3 (DSM-3) 'ਮਾਨਸਿਕ ਰੋਗਾਂ ਦੀ ਲਿਸਟ' ਵਿੱਚ 'ਸ਼ੋਸ਼ਲ ਫੋਬੀਆ' ਦੇ ਨਾਂ ਤੇ ਐਂਟਰੀ ਮਾਰੀ ਤੇ 1994 ਵਿੱਚ ਡੀ. ਐਸ. ਐਮ.-4 (DSM-4) ਵਿੱਚ ਇਹ ਇੱਕ 'ਸੋਸ਼ਲ ਐਂਗਜਾਈਟੀ ਡਿਸਆਰਡਰ' ਨਾਂ ਦੀ ਭਿਆਨਕ ਬਿਮਾਰੀ ਬਣ ਗਈ ਜਿਸ ਦਾ ਇਲਾਜ ਕਰਵਾਉਣਾ ਬਹੁਤ ਹੀ ਜ਼ਰੂਰੀ ਹੈ ਤੇ ਉਹ ਵੀ ਦਵਾਈਆਂ ਨਾਲ਼, ਨਾ ਕਿ ਹੋਰ ਕਿਸੇ ਤਰੀਕੇ ਨਾਲ਼। 1999 ਵਿੱਚ ਜੀ.ਐਸ.ਕੇ. ਕੰਪਨੀ ਨੇ ਆਪਣੀ ਦਵਾਈ 'ਪੈਕਸਿਲ' ਨੂੰ ਇਸ ਭਿਆਨਕ ਬਿਮਾਰੀ ਦਾ ਇਲਾਜ ਕਰਨ ਲਈ ਪ੍ਰਵਾਨਗੀ ਦਿਵਾ ਲਈ। ਬਹੁਤ ਹੀ ਜਬਰਦਸ਼ਤ ਤਰੀਕੇ ਨਾਲ਼ ਪ੍ਰਚਾਰ ਕੀਤਾ ਗਿਆ ਤੇ ਦਵਾਈ ਚੱਲ ਨਿਕਲੀ। ਇਸ ਤੋਂ ਬਾਅਦ 'ਪੈਕਸਿਲ' ਦੇ ਡਾਇਰੈਕਟਰ – ਬੈਰੀ ਬਰਾਂਡ ਨੇ ਕਿਹਾ – "ਹਰੇਕ ਵਪਾਰੀ ਦਾ ਸੁਪਨਾ ਹੁੰਦਾ ਹੈ ਇੱਕ ਅਣਜਾਣ ਤੇ ਨਵੀਂ ਮੰਡੀ ਨੂੰ ਲੱਭਣਾ ਤੇ ਵਿਕਸਿਤ ਕਰਨਾ। 'ਸੋਸ਼ਲ ਐਂਗਜਾਈਟੀ ਡਿਸਆਰਡਰ' ਦੇ ਸਬੰਧ ਵਿੱਚ ਅਸੀਂ ਇਹੀ ਕਰਨ ਵਿੱਚ ਕਾਮਯਾਬ ਰਹੇ।"

ਇਸ ਤੋਂ ਬਿਨਾਂ ਕਈ ਵਾਰੀ ਕੁਝ ਦਵਾਈਆਂ ਵਿਕਸਿਤ ਦੇਸ਼ਾਂ ਵਿੱਚ ਕੁਝ ਸਮੇਂ ਤੋਂ ਬਾਅਦ ਨਾਕਾਰਤਮਕ ਪ੍ਰਭਾਵ ਪਤਾ ਲੱਗਣ 'ਤੇ ਮਾਰਕੀਟ ਵਿਚੋਂ ਵਾਪਸ ਲੈ ਲਈਆਂ ਜਾਂਦੀਆਂ ਹਨ, ਪਰ ਕੰਪਨੀਆਂ ਇਹਨਾਂ ਦਵਾਈਆਂ ਨੂੰ ਲੈ ਕੇ ਵਿਕਾਸਸ਼ੀਲ ਤੇ ਗਰੀਬ ਦੇਸ਼ਾਂ ਵਿੱਚ ਪਹੁੰਚ ਜਾਂਦੀਆਂ ਹਨ ਅਤੇ ਧੜੱਲੇ ਨਾਲ਼ ਵੇਚਦੀਆਂ ਹਨ ਕਿਉਂਕਿ ਇਥੇ ਨਿਯੰਤਰਣ ਕਰਨ ਲਈ ਸੰਸਥਾਨ ਤੇ ਕਾਨੂੰਨ ਦੀ ਘਾਟ ਹੁੰਦੀ ਹੈ।

ਆਖਰ ਵਿੱਚ ਪੇਟੈਂਟ ਦਾ ਘਾਲ਼ਾ-ਮਾਲ਼ਾ। ਕੋਈ ਵੀ ਕੰਪਨੀ ਜਦੋਂ ਕਿਸੇ ਨਵੀਂ ਦਵਾਈ ਨੂੰ ਵਿਕਸਿਤ ਕਰਦੀ ਹੈ, ਤਾਂ ਉਹ ਦਵਾਈ ਨੂੰ ਪੇਟੈਂਟ ਕਰਵਾ ਲੈਂਦੀ ਹੈ ਭਾਵ ਕਿ ਕੁਝ ਮਿਥੇ ਸਮੇਂ ਲਈ, ਜੋ ਕਿ ਆਮ ਤੌਰ 'ਤੇ 10-20 ਸਾਲਾਂ ਹੁੰਦਾ ਹੈ, ਇਸ ਦਵਾਈ ਦਾ ਅਧਿਕਾਰ ਉਸੇ ਕੰਪਨੀ ਕੋਲ ਰਹਿੰਦਾ ਹੈ, ਭਾਵੇਂ ਇਸ ਦਾ ਕਾਰਨ ਖੋਜ ਕਾਰਜ ਤੇ ਹੋਇਆ ਖਰਚਾ ਦੱਸਿਆ ਜਾਂਦਾ ਹੈ, ਪਰ ਅਸਲ ਵਿੱਚ ਇਜ਼ਾਰੇਦਾਰੀ ਨਾਲ਼ ਮੁਨਾਫੇ ਦੀ ਪ੍ਰਤੀਸ਼ਤ ਵਧਾਉਣ ਦੀ ਇੱਕ ਚਾਲ ਤੋਂ ਵੱਧ ਕੁਝ ਨਹੀਂ। ਵਿਸ਼ਵ ਸਿਹਤ ਸੰਸਥਾ (WHO) ਅਨੁਸਾਰ ਪੇਟੈਂਟ ਕੀਤੀਆਂ ਦਵਾਈਆਂ ਆਮ ਰਿਟੇਲ ਕੀਮਤਾਂ ਤੋਂ 20-100 ਗੁਣਾ ਜ਼ਿਆਦਾ ਕੀਮਤਾਂ 'ਤੇ

ਵੇਚੀਆਂ ਜਾਂਦੀਆਂ ਹਨ।

ਆਮ ਤੌਰ 'ਤੇ ਇਹ ਵੱਡੀਆਂ ਕੰਪਨੀਆਂ ਦਾਅਵਾ ਕਰਦੀਆਂ ਹਨ ਕਿ ਇੱਕ ਨਵੀਂ ਦਵਾਈ ਦੀ ਖੋਜ ਕਰਨ ਲਈ ਲਗਭਗ 50 ਕਰੋੜ ਡਾਲਰ ਦਾ ਖਰਚਾ ਆਉਂਦਾ ਹੈ।

ਦਵਾ-ਉਦਯੋਗ ਦੇ ਇੱਕ ਮਸ਼ਹੂਰ ਜਾਣਕਾਰ, ਪੈਰਿਲ ਗੁਜ਼ਨਰ ਅਨੁਸਾਰ- ਇਹ ਅੰਕੜਾ ਹੀ ਬੋਗਸ ਹੈ। ਉਸ ਅਨੁਸਾਰ ਖੋਜ-ਕਾਰਜਾਂ 'ਤੇ ਹੋਣ ਵਾਲੇ ਖਰਚੇ ਦਾ 40 ਫੀਸਦੀ ਹਿੱਸਾ ਸਿਰਫ਼ ਪੁਰਾਣੀਆਂ ਮੌਜੂਦ ਦਵਾਈਆਂ ਵਿੱਚ ਛੋਟੇ-ਮੋਟੇ ਬਦਲਾਅ ਕਰਕੇ ਉਸ ਨੂੰ ਨਵੀਂ ਦਵਾਈ ਦੇ ਰੂਪ ਵਿੱਚ ਪੇਸ਼ ਕਰਨ ਵਿੱਚ ਆਉਂਦਾ ਹੈ, ਨਾ ਕਿ ਕਿਸੇ ਕਿਸਮ ਦੀ ਨਵੀਂ ਦਵਾਈ ਲੱਭਣ 'ਤੇ। ਇਸ ਤੋਂ ਬਾਅਦ ਇੱਕ ਵੱਡਾ ਹਿੱਸਾ (*ਟੋਰਾਂਟੋ ਸਟਾਰ* ਅਖਬਾਰ ਅਨੁਸਾਰ 19 ਅਰਬ ਡਾਲਰ) ਇਸ ਅਖੌਤੀ 'ਨਵੀਂ ਦਵਾਈ' ਨੂੰ ਲੋਕਾਂ ਵਿੱਚ ਪ੍ਰਚਲਿਤ ਕਰਨ ਲਈ ਖਰਚ ਹੁੰਦਾ ਹੈ ਤਾਂ ਕਿ ਉਹ ਭਰੋਸਾ ਕਰਨ ਲੱਗ ਪੈਣ ਇਹ 'ਨਵੀਂ ਲੱਭਤ' ਪੁਰਾਣੀ ਦਵਾਈ ਨਾਲੋਂ ਬੇਹਤਰ ਹੈ। ਇਸ ਲਈ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, 90,000 ਦੇ ਕਰੀਬ ਐਮ. ਆਰ. ਦੀ ਫੌਜ ਹੈ ਜਿਹਨਾਂ ਦੀ ਤਨਖਾਹ ਤੇ ਭੱਤੇ ਵੀ ਗਾਹਕ (ਮਰੀਜ਼) ਦੇ ਸਿਰ ਟੁੱਟਦੀ ਹੈ ਹਾਲਾਂਕਿ ਇਹ ਬਿਲਕੁਲ ਹੀ ਗੈਰ-ਜ਼ਰੂਰੀ ਹਿੱਸਾ ਹੈ।

50 ਕਰੋੜ ਡਾਲਰ ਦਾ ਤੀਜਾ ਵੱਡਾ ਹਿੱਸਾ ਕਿਥੇ ਖਰਚ ਹੁੰਦਾ ਹੈ, ਉਸ ਦਾ ਪਤਾ ਕੰਪਨੀਆਂ ਦੇ ਮੈਨੇਜਿੰਗ ਡਾਇਰੈਕਟਰ ਤੇ ਹੋਰ ਟਾਪ ਕਲਾਸ ਦੇ ਅਫ਼ਸਰਾਂ ਦੀ ਤਨਖਾਹਾਂ ਦੇਖ ਕੇ ਪਤਾ ਚੱਲ ਜਾਂਦਾ ਹੈ। —

ਫਾਈਜ਼ਰ (Pfizer) ਦੇ ਸੀ.ਈ.ਓ. , ਹੈਂਕ ਮੈਕਕਿਨਲ ਦੀ ਤਨਖਾਹ 2.8 ਕਰੋੜ ਡਾਲਰ ਸਾਲਾਨਾ ਤੇ 3.06 ਕਰੋੜ ਦੇ ਹੋਰ ਭੱਤੇ ਤੇ ਸਟੋਕ ਓਪਸ਼ਨਜ।

ਮਰਕ (Merck) ਦੇ ਸੀ.ਈ.ਓ. , ਰੇਮੰਡ ਗਿਲਮਾਰਟਿਨ ਦੀ ਤਨਖਾਹ 1.95 ਕਰੋੜ ਡਾਲਰ ਤੇ 4.8 ਕਰੋੜ ਡਾਲਰ ਦੇ ਹੋਰ ਭੱਤੇ ਤੇ ਸਟੋਕ ਓਪਸ਼ਨਜ।

ਬਰਿਸਟਲ ਮੇਅਰ (Bristol Mayor Squibb) ਦੇ ਸੀ.ਈ.ਓ. , ਪੀ. ਆਰ. ਡੋਲਨ ਦੀ ਤਨਖਾਹ 85 ਲੱਖ ਡਾਲਰ ਸਾਲਾਨਾ ਤੇ 34 ਲੱਖ ਡਾਲਰ ਦੇ ਹੋਰ ਭੱਤੇ।

ਜੀ. ਐਸ. ਕੇ. (GSK) ਦੇ ਸੀ.ਈ.ਓ. ਜੀਨ ਪਿਅਰ ਗਾਰਨੀਅਰ ਦੀ ਤਨਖਾਹ 1.18 ਕਰੋੜ ਡਾਲਰ।

ਇਹਨਾਂ ਵੱਡੇ ਮਗਰਮੱਛਾਂ ਦੀ ਤਨਖਾਹ ਵਿੱਚ ਕੁਝ ਕੁ ਹਜ਼ਾਰ ਹੋਰ ਬਹੁਤ ਉੱਚ ਤਨਖਾਹ ਪਾਉਣ ਵਾਲੇ ਐਗਜੀਕਿਊਟਿਵ ਅਫ਼ਸਰਾਂ ਦੀ ਤਨਖਾਹ ਵੀ ਜੋੜ ਲਵੋ, ਤਾਂ ਆਪਣੇ ਆਪ ਸਮਝ ਆ ਜਾਵੇਗਾ ਕਿ ਕਿਉਂ ਖੋਜ-ਕਾਰਜਾਂ 'ਤੇ ਇੰਨਾ ਖਰਚ ਆਉਂਦਾ ਹੈ।

ਇੱਕ ਗੱਲ ਹੋਰ, ਕੀ ਦਵਾ-ਕੰਪਨੀਆਂ ਸੱਚ-ਮੁੱਚ ਹੀ ਕੋਈ ਖੋਜ-ਕਾਰਜ ਕਰਦੀਆਂ ਹਨ ਤੇ ਮਨੁੱਖਤਾ ਦੀ ਬੇਹਤਰੀ ਲਈ ਨਵੀਂਆਂ ਦਵਾਈਆਂ ਦੀ ਖੋਜ ਕਰਦੀਆਂ ਹਨ ? ਇਸ ਸਵਾਲ ਦਾ ਜਵਾਬ ਇੱਕ ਵਾਰ ਫਿਰ ਨਾਂਹ ਵਿੱਚ ਮਿਲਦਾ ਹੈ। ਕਿਵੇਂ, ਇਹਨਾਂ ਤੱਥਾਂ ਵੱਲ ਧਿਆਨ ਮਾਰੋ। —

ਫਰੈਂਚ ਮੈਗਜ਼ੀਨ, ਜਰਨਲ ਲਾ ਰੀਵਿਊ ਪ੍ਰੈਸਕਰੀਰ ਦੁਆਰਾ ਅਪ੍ਰੈਲ 2004 ਵਿੱਚ ਕੀਤੇ ਸਰਵੇ ਅਨੁਸਾਰ 1981 ਤੋਂ 2004 ਤੱਕ ਲੱਭੇ ਗਏ 3096 ਨਵੇਂ ਦਵਾ-ਉਤਪਾਦਾਂ ਵਿੱਚੋਂ 68 ਫੀਸਦੀ ਵਿੱਚ ਪੁਰਾਣੀਆਂ ਦਵਾਈਆਂ ਦੇ ਮੁਕਾਬਲੇ ਕੁਝ ਵੀ ਨਵਾਂ ਨਹੀਂ ਸੀ।

ਬ੍ਰਿਟਿਸ਼ ਮੈਡੀਕਲ ਜਰਨਲ (ਬੀ. ਐਮ. ਜੇ.) ਦੀ ਇੱਕ ਰਿਪੋਰਟ ਅਨੁਸਾਰ, ਇਸੇ ਸਮੇਂ ਦੌਰਾਨ ਕੈਨੇਡਾ ਵਿੱਚ ਪੇਟੈਂਟ ਕਰਵਾਈਆਂ ਗਈਆਂ ਦਵਾਈਆਂ ਵਿਚੋਂ ਸਿਰਫ਼ 5 ਫੀਸਦੀ ਹੀ ਕੋਈ ਨਵੀਂ ਲੱਭਤ ਅਖਵਾ ਸਕਦੀਆਂ ਸਨ।

ਅਮਰੀਕੀ ਖੁਰਾਕ ਤੇ ਦਵਾਈਆਂ ਨਾਲ਼ ਸਬੰਧਿਤ ਵਿਭਾਗ ਵੱਲੋਂ 1989-2000 ਦੇ ਸਮੇਂ ਵਿਚਕਾਰ ਪ੍ਰਵਾਨਗੀ ਦਿੱਤੀਆਂ ਗਈਆਂ 1000 ਤੋਂ ਵੱਧ ਦਵਾਈਆਂ ਵਿਚੋਂ ਤਿੰਨ-ਚੌਥਾਈ ਦਾ ਪਹਿਲਾਂ ਹੀ ਮੌਜੂਦ ਦਵਾਈਆਂ ਦੇ ਮੁਕਾਬਲੇ ਕੁਝ ਵੀ ਜ਼ਿਆਦਾ ਲਾਭ ਨਹੀਂ ਸੀ।

ਸਾਲ 1975 ਤੋਂ 1997 ਦੇ ਵਿਚਕਾਰ, ਪੇਟੈਂਟ ਕਰਵਾਈਆਂ ਗਈਆਂ 1233 ਨਵੀਆਂ ਦਵਾਈਆਂ ਵਿੱਚ ਸਿਰਫ਼ 13 ਅਜਿਹੀਆਂ ਸਨ ਜਿਹੜੀ ਭੂ-ਮੱਧ ਦੇ ਰੇਖਾ ਦੇ ਇਰਦ-ਗਿਰਦ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਮਲੇਰੀਆ, ਵੱਖ-ਵੱਖ ਤਰ੍ਹਾਂ ਦੇ ਵਾਇਰਲ ਬੁਖਾਰ ਤੇ ਗਰੀਬ ਦੇਸ਼ਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਵਰਤੀਆਂ ਜਾਣੀਆਂ ਸਨ, ਹਾਲਾਂਕਿ ਵਿਸ਼ਵ ਭਰ 'ਚ ਹੋਣ ਵਾਲੀਆਂ ਮੌਤਾਂ ਦਾ ਵੱਡਾ ਹਿੱਸਾ ਇਹਨਾਂ ਬਿਮਾਰੀਆਂ ਕਾਰਨ ਹੁੰਦਾ ਹੈ।

ਇਹਨਾਂ ਤੱਥਾਂ ਤੋਂ ਸਾਫ਼ ਜ਼ਾਹਿਰ ਹੈ ਕਿ ਖੋਜ-ਕਾਰਜ ਵੀ ਉਹਨਾਂ ਦਵਾਈਆਂ ਲਈ ਹੁੰਦਾ ਹੈ ਜਿਹਨਾਂ ਦੇ ਵੇਚਣ ਨਾਲ਼ ਵੱਧ ਮੁਨਾਫ਼ਾ ਹੋ ਸਕਦਾ ਹੈ ਭਾਵ, ਉੱਚੇ ਵਰਗ ਤੇ ਉੱਚ ਮੱਧ ਵਰਗ ਦੀਆਂ ਬਿਮਾਰੀਆਂ, ਜਿਵੇਂ ਮੋਟਾਪਾ (ਜੋ ਕਿ ਇੱਕ ਬਿਮਾਰੀ ਹੈ ਹੀ ਨਹੀਂ ਜੇ ਸਭ ਲੋਕ ਆਪਣੇ ਹਿੱਸੇ ਦਾ ਕੰਮ ਕਰਨ), ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੀਆਂ ਬਿਮਾਰੀਆਂ (ਇਹਨਾਂ ਦਾ ਇੱਕ ਵੱਡਾ ਕਾਰਨ ਇੱਕ ਵਾਰ ਫਿਰ ਵਿਹਲੇ ਰਹਿਣਾ ਤੇ ਵਾਧੂ ਖਾਣਾ ਹੈ), ਦੇ ਇਲਾਜ ਲਈ ਨਵੀਆਂ-ਨਵੀਆਂ ਵੰਨਗੀਆਂ ਪੇਸ਼ ਕਰਦੇ ਰਹਿਣਾ ਹੈ, ਇਸ ਤੋਂ ਵੱਧ ਅੱਜ ਦਾ ਖੋਜ-ਕਾਰਜ ਵੀ ਕੁਝ ਨਹੀਂ ਹੈ।

ਇਸ ਸਭ ਦੇ ਵਿਚਕਾਰ ਕੁਝ ਭਲੀਆਂ ਤੇ ਭੋਲੀਆਂ ਆਤਮਾਵਾਂ ਵੀ ਹਨ ਅਤੇ ਕੁਝ ਸਾਮਰਾਜਵਾਦ ਦੀਆਂ ਚਾਕਰ ਐਨ. ਜੀ. ਓ. (NGO) ਜਿਹੜੀਆਂ ਕਿ ਕੰਪਨੀਆਂ ਦੁਆਰਾ ਲੋਕਾਂ ਦੀ ਲੁੱਟ ਘੱਟ ਕਰਨ (ਨਾ ਕਿ ਖਤਮ ਕਰਨ) ਲਈ ਸਮੇਂ-ਸਮੇਂ 'ਤੇ ਸਰਕਾਰਾਂ ਤੇ ਦਵਾ-ਕੰਪਨੀਆਂ ਨੂੰ ਸੁਝਾਅ ਦਿੰਦੀਆਂ ਰਹਿੰਦੀਆਂ ਹਨ ਅਤੇ ਆਸ ਕਰਦੀਆਂ ਹਨ ਸਭ ਠੀਕ ਹੋ ਜਾਵੇਗਾ ਤੇ ਫਿਰ ਸੌਂ ਜਾਂਦੀਆਂ ਹਨ, ਕਿਸੇ ਵੱਡੇ ਘਪਲੇ ਦੇ ਬਾਹਰ ਆਉਣ 'ਤੇ ਦੁਬਾਰਾ ਜਾਗਣ ਲਈ ਅਤੇ ਪੁਰਾਣੇ ਸੁਝਾਵਾਂ ਦੀ ਨਵੇਂ ਸਿਰਿਉਂ ਜੁਗਾਲੀ ਕਰਨ ਲਈ ਉੱਠ ਖੜੀਆਂ ਹੁੰਦੀਆਂ ਹਨ।

ਇਹਨਾਂ ਦੇ ਸੁਝਾਅ ਕੁਝ ਇਸ ਪ੍ਰਕਾਰ ਦੇ ਹੁੰਦੇ ਹਨ—

ਸਰਕਾਰ ਸਖਤ ਕਾਨੂੰਨ ਬਣਾਏ ਤੇ ਲਾਗੂ ਕਰੇ, ਪਰ ਜਿਹੜੇ ਪੱਛਮੀ ਦੇਸ਼ਾਂ ਵਿੱਚ ਸਖਤ ਕਾਨੂੰਨ ਹਨ ਉੱਥੇ ਕਿਹੜਾ ਇਹ ਲੁੱਟ ਖਤਮ ਹੋ ਗਈ ਹੈ ਤੇ ਨਾਲ਼ੇ ਪੱਛਮੀ ਦੇਸ਼ਾਂ ਤੇ ਵਿਕਾਸਸ਼ੀਲ ਦੇਸ਼ਾਂ ਦੇ ਸਮਾਜ ਤੇ ਲੋਕਾਂ ਦੇ ਵਿਦਿਅਕ ਤੇ ਸੱਭਿਆਚਾਰਕ ਪੱਧਰ 'ਚ ਜ਼ਮੀਨ-ਅਸਮਾਨ ਦਾ ਅੰਤਰ ਹੈ।

ਡਾਕਟਰਾਂ ਦੁਆਰਾ ਤੋਹਫੇ ਲੈਣ 'ਤੇ ਪਾਬੰਦੀ ਲਾਈ

ਜਾਵੇ, ਪਰ ਇਹ ਤਾਂ ਪਹਿਲਾਂ ਹੀ ਇੱਕ ਤਰ੍ਹਾਂ ਨਾਲ ਗੈਰ-ਕਾਨੂੰਨੀ ਹੈ ਅਤੇ ਪਾਬੰਦੀ ਹੋਣ ਦੇ ਬਾਵਜੂਦ ਰਿਸ਼ਵਤਖੋਰੀ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ, ਫਿਰ ਇੱਥੇ ਕੀ ਗਰੰਟੀ ਹੈ ਕਿ ਪਾਬੰਦੀ ਨਾਲ਼ ਕੁਝ ਸੌਰ ਜਾਵੇਗਾ।

ਸਰਕਾਰ ਵਿਦਿਅਕ ਸੰਸਥਾਵਾਂ ਵਿਚਲੇ ਖੋਜ-ਕਾਰਜਾਂ ਉੱਪਰ ਦਵਾ-ਕੰਪਨੀਆਂ ਦਾ ਅਸਰ ਖਤਮ ਕਰਨ ਲਈ ਅਤੇ ਡਾਕਟਰਾਂ ਦੀ ਲਗਾਤਾਰ ਸਿੱਖਿਆ ਲਈ ਗਰਾਂਟਾਂ ਦਾ ਪ੍ਰਬੰਧ ਕਰੇ, ਪਰ ਭਲਿਓ ਲੋਕੋ ਜੇ ਸਰਕਾਰ ਨੇ ਇਹੀ ਕਰਨਾ ਹੋਵੇ ਤਾਂ ਸਭ ਕਾਸੇ ਦਾ ਨਿੱਜੀਕਰਨ ਕਿਉਂ ਕਰੇ।

ਅਤੇ ਇਹੋ-ਜਿਹੇ ਹੀ ਸੁਝਾਅ ਲੱਗਦੇ ਹੱਥ ਦਵਾ-ਕੰਪਨੀਆਂ ਦੇ ਮਾਲਕਾਂ ਨੂੰ ਵੀ ਦੇ ਛੱਡਦੇ ਹਨ ਕਿ ਉਹ ਪ੍ਰਚਾਰ ਲਈ ਗਲਤ ਤਰੀਕੇ ਨਾ ਵਰਤਣ, ਡਾਕਟਰਾਂ ਨੂੰ ਤੋਹਫੇ ਨਾ ਦੇਣ, ਆਪਣਾ ਸਮਾਜਿਕ ਫਰਜ਼ ਸਮਝਣ, ਸੱਚੀ ਜਾਣਕਾਰੀ ਮੁਹੱਈਆ ਕਰਵਾਉਣ, ਆਪਣੇ ਲਈ 'ਕੋਡ ਆਫ਼ ਕੰਡਕਟ' ਬਣਾਉਣ ਆਦਿ। ਇਹਨਾਂ ਸਾਰੇ ਠੰਡੇ, ਗਲੇ-ਸੜੇ ਸੁਝਾਵਾਂ ਲਈ, ਐਂਡਰਿਊ ਚੇਟਲੇ, ਜੋ ਕਿ ਹੈਲਥ ਐਕਸ਼ਨ ਇੰਟਰਨੈਸ਼ਨਲ ਨਾਲ਼ ਸਬੰਧਿਤ ਹੈ, ਠੀਕ ਹੀ ਲਿਖਿਆ ਹੈ— "ਜੇ ਕੋਈ ਇਹ ਸਲਾਹ ਦੇਵੇ ਕਿ ਅਪਰਾਧ ਕਰਨ ਵਾਲੇ ਹੀ ਇਕ ਜੱਜਾਂ ਦੀ ਕਮੇਟੀ ਬਣ ਜਾਣ, ਆਪਣੇ ਸਾਥੀਆਂ ਤੇ ਦੋਸਤਾਂ ਨੂੰ ਕੇਸ ਦੀ ਸੁਣਵਾਈ ਲਈ ਵਕੀਲ ਤੇ ਜਿਊਰੀ ਦੇ ਤੌਰ ਨਿਯੁਕਤ ਕਰਨ ਅਤੇ ਫੈਸਲਾ ਸੁਣਾਉਣ, ਤਾਂ ਅਸੀਂ ਇਸ ਨੂੰ ਇੱਕ ਅਜਿਹੇ ਹਾਸੋਹੀਣੇ ਖਿਆਲ ਦੇ ਤੌਰ ਰੱਦ ਕਰ ਦੇਵਾਂਗੇ ਜਿਸ ਲਈ ਕੋਈ ਸ਼ਬਦ ਨਹੀਂ। ਪਰ, ਦਵਾ ਕੰਪਨੀਆਂ ਦਵਾਈਆਂ ਦੇ ਅਨੁਚਿਤ ਪ੍ਰਚਾਰ ਦੀ ਸਮੱਸਿਆ ਲਈ ਇਹੋ ਜਿਹੇ ਹੱਲ ਹੀ ਪੇਸ਼ ਕਰ ਰਹੀਆਂ ਹਨ।"

ਜਦੋਂ ਤੱਕ ਇਹ ਮੁਨਾਫਾ ਅਧਾਰਿਤ ਢਾਂਚਾ ਬਣਿਆ ਰਹੇਗਾ, ਉਸ ਸਮੇਂ ਤੱਕ ਹਰ ਤਰ੍ਹਾਂ ਦਾ ਉਤਪਾਦਨ, ਦਵਾਈਆਂ ਦੇ ਉਤਪਾਦਨ ਸਮੇਤ, ਮਨੁੱਖੀ ਲੋੜਾ ਨੂੰ ਧਿਆਨ ਵਿੱਚ ਰੱਖ ਹੋਣ ਦੀ ਥਾਂ ਮੁਨਾਫੇ ਤੇ ਹੋਰ ਵੱਧ ਮੁਨਾਫੇ ਲਈ ਹੁੰਦਾ ਰਹੇਗਾ। ਲੋਕ ਬੁਖਾਰ, ਟੱਟੀਆਂ-ਉਲਟੀਆਂ ਤੇ ਮਲੇਰੀਏ ਨਾਲ ਮਰਦੇ ਰਹਿਣਗੇ, ਪਰ ਮੋਟਾਪਾ ਘਟਾਉਣ ਲਈ ਹਰ ਸਾਲ ਨਵੀਂ ਤੋਂ ਨਵੀਂ ਵੰਨਗੀ ਦੀ ਦਵਾਈ ਵੀ ਮਾਰਕਿਟ ਵਿੱਚ ਆਉਂਦੀ ਰਹੇਗੀ, ਦਵਾ-ਕੰਪਨੀਆਂ ਡਾਕਟਰਾਂ ਨਾਲ ਰਲ ਕੇ ਲੋਕਾਂ ਦੀਆਂ ਜੇਬਾਂ 'ਤੇ ਡਾਕੇ ਮਾਰਦੀਆਂ ਰਹਿਣਗੀਆਂ, ਮ੍ਰਿਤ ਆਤਮਾਵਾਂ ਮੁਰਦਾ ਹੀ ਰਹਿਣਗੀਆਂ ਤੇ ਹੋਰ ਗਲ-ਸੜ ਕੇ ਬਦਬੂ ਮਾਰਨਗੀਆਂ, ਭੋਲ਼ੀਆਂ ਆਤਮਾਵਾਂ ਇਸਦੀਆਂ ਆਪਣੀ ਵੀਣਾ ਤੇ ਉਦਾਸ ਧੁਨਾਂ ਛੇੜਦੀਆਂ ਰਹਿਣਗੀਆਂ। ਇਸ ਲਈ ਜ਼ਰੂਰੀ ਹੈ ਕਿ ਜਾਗਦੀਆਂ ਆਤਮਾਵਾਂ ਵਾਲੇ ਲੋਕ ਅੱਗੇ ਆਉਣ ਅਤੇ ਬਦਬੂਦਾਰ ਮਾਹੌਲ 'ਚੋਂ ਬਾਹਰ ਨਿਕਲ ਕੇ ਇੱਕ ਨਵੇਂ ਸਮਾਜ ਦੀ ਉਸਾਰੀ ਲਈ ਸ਼ੁਰੂਆਤ ਕਰਨ ਤਾਂ ਕਿ ਅੱਗੇ ਤੋਂ ਹਰ ਸਾਲ 1.05 ਕਰੋੜ ਲੋਕ ਸਿਰਫ਼ ਦਵਾਈ ਨਾ ਮਿਲਣ ਕਰਕੇ ਹੀ ਨਾ ਮਰ ਜਾਣ। ☐

ਮੰਦੀ ਨੇ ਖੋਹੇ ਲੱਖਾਂ ਰੁਜ਼ਗਾਰ

(ਸਫ਼ਾ 9 ਦਾ ਬਾਕੀ)

ਲਈ ਇਹ ਸੰਭਵ ਹੈ) ਚੀਨ ਵੀ ਸੰਸਾਰ ਪੱਧਰ 'ਤੇ ਵੱਧ ਚੌਧਰ ਅਤੇ ਤਾਕਤ ਦੀ ਮੰਗ ਕਰ ਰਿਹਾ ਹੈ। ਅਮਰੀਕਾ ਅਤੇ ਯੂਰਪੀ ਸੰਘ ਨੂੰ ਆਪਣੀ ਤਾਨਾਸ਼ਾਹੀ ਟੁੱਟਣ ਦਾ ਖਤਰਾ ਨਜ਼ਰ ਆ ਰਿਹਾ ਹੈ ਇਸ ਲਈ ਫਿਲਹਾਲ ਅਮਰੀਕਾ ਅਤੇ ਯੂਰਪੀ ਸੰਘ ਨੇ ਆਪਣੇ ਮਤਭੇਦਾਂ ਨੂੰ ਪਾਸੇ ਰੱਖਣ 'ਤੇ ਸਹਿਮਤੀ ਜਤਾਈ ਹੈ। ਓਬਾਮਾ ਜੀ-20 ਸੰਮੇਲਨ ਤੋਂ ਬਾਅਦ ਸਟਰਟਗਾਰਡ ਵਿੱਚ ਟਾਊਨ ਹਾਲ ਮੀਟਿੰਗ ਵਿੱਚ ਆਪਣੇ ਭਾਸ਼ਣ ਵਿੱਚ ਯੂਰਪ ਅਤੇ ਅਮਰੀਕਾ ਦੀ ਪਰੰਪਰਾਗਤ ਯਾਰੀ ਦਾ ਜ਼ਿਕਰ ਕਰਦੇ ਕਰਦੇ ਭਾਵਨਾਵਾਂ ਵਿੱਚ ਵਹਿ ਗਏ ਸਨ। ਪਰ ਅਜਿਹੀਆਂ ਸਾਰੀਆਂ ਸਾਮਰਾਜਵਾਦੀ ਯਾਰੀਆਂ ਕੱਚੀਆਂ ਹੋਇਆ ਕਰਦੀਆਂ ਹਨ। ਸੰਸਾਰ ਇਸ ਸਮੇਂ ਜਿਸ ਉਥਲ-ਪੁਥਲ 'ਚੋਂ ਲੰਘ ਰਿਹਾ ਹੈ ਉਸ 'ਚੋਂ ਨਿਕਲ ਸਕਣ ਦਾ ਰਸਤਾ ਫ਼ਿਲਹਾਲ ਸੰਸਾਰ ਪੂੰਜੀਵਾਦ ਨੂੰ ਨਜ਼ਰ ਨਹੀਂ ਆ ਰਿਹਾ ਹੈ। ਉਸਦੇ ਲਈ ਰਾਹਤ ਦਾ ਗੱਲ ਸਿਰਫ਼ ਏਨੀ ਹੈ ਕਿ ਸੰਸਾਰ ਭਰ ਵਿੱਚ ਇਨਕਲਾਬੀ ਤਾਕਤਾਂ ਖਿੰਡਾਅ ਦਾ ਸ਼ਿਕਾਰ ਹਨ। ਅਜਿਹੇ ਸਮੇਂ ਵਿੱਚ ਇਹ ਆਰਥਿਕ ਮੰਦੀ ਜੇਕਰ ਸਮਾਜਿਕ ਉਥਲ-ਪੁਥਲ ਨੂੰ ਜਨਮ ਦੇਵੇਗੀ ਤਾਂ ਸੰਸਾਰ ਪੂੰਜੀਵਾਦ ਉਸ 'ਤੇ ਕਾਬੂ ਪਾ ਲਵੇਗਾ। ਪਰ ਜੇਕਰ, ਕੋਈ ਜੱਥੇਬੰਦ, ਤਾਕਤਵਰ ਅਤੇ ਸਮਝਦਾਰ ਇਨਕਲਾਬੀ ਲਹਿਰ ਕਿਸੇ ਸੰਭਾਵਨਾਸਪੰਨ ਦੇਸ਼ ਵਿੱਚ ਮੌਜੂਦ ਹੁੰਦੀ, ਤਾਂ ਤਸਵੀਰ ਕਾਫ਼ੀ ਜਬਰਦਸਤ ਪਾਸਾ ਵੀ ਬਦਲ ਸਕਦੀ ਸੀ।

ਸੰਸਾਰ ਵਿੱਤੀ ਮੰਡੀ ਨੇ ਇੱਕ ਅਜਿਹਾ ਜਾਲ ਬੁਣ ਲਿਆ ਹੈ ਜਿਸ 'ਚੋਂ ਨਿਕਲਣ ਦਾ ਰਾਹ ਪੂੰਜੀਵਾਦੀ ਪ੍ਰਬੰਧ ਦੇ ਵਫ਼ਾਦਾਰਾਂ ਨੂੰ ਸਮਝ ਨਹੀਂ ਆ ਰਿਹਾ ਹੈ। ਆਰਥਿਕ ਸੰਕਟ ਪੂੰਜੀਵਾਦ ਦੀ ਲਾਇਲਾਜ ਬਿਮਾਰੀ ਹੈ ਜਿਸਤੋਂ ਛੁਟਕਾਰਾ ਪਾਉਣ ਦਾ ਸਿਰਫ਼ ਇੱਕ ਹੀ ਰਾਹ ਹੈ ਕਿ ਬਦਲਵੇਂ ਪ੍ਰਬੰਧ ਬਾਰੇ ਗੰਭੀਰਤਾ ਨਾਲ਼ ਸੋਚਿਆ ਜਾਵੇ ਅਤੇ ਤਿਆਰੀਆਂ ਵਿੱਚ ਜੁਟਿਆ ਜਾਵੇ। ☐

ਹਾਲੀਵੁੱਡ ਦਾ ਮਸੀਹੀ ਸੰਦੇਸ਼

(ਸਫ਼ਾ 17 ਦਾ ਬਾਕੀ)

ਵਿਗਿਆਨ ਨੂੰ ਇੱਕ ਲੋਟੂ ਹਥਿਆਰ ਦੇ ਰੂਪ ਵਿੱਚ ਵਰਤ ਰਿਹਾ ਹੈ। ਜਦੋਂ ਤੱਕ ਸਮਾਜ ਜਮਾਤਾਂ ਵਿੱਚ ਵੰਡਿਆ ਹੈ, ਮਨੁੱਖ ਦੁਆਰਾ ਮਨੁੱਖ ਦੀ ਲੁੱਟ ਹੈ, ਉਦੋਂ ਤੱਕ ਵਿਗਿਆਨ ਵੀ ਹਾਕਮ ਜਮਾਤਾਂ ਦੇ ਹਿੱਤਾਂ ਲਈ ਵਰਤਿਆ ਜਾਂਦਾ ਰਹੇਗਾ। ਵਿਗਿਆਨ ਆਪਣੇ ਸਿਰਜਕ ਰੂਪ ਵਿੱਚ ਤਦ ਹੀ ਸਾਹਮਣੇ ਆ ਸਕੇਗਾ, ਜਦ ਇੱਕ ਬਹੁਤ ਵੱਡਾ ਲੋਕ-ਇਨਕਲਾਬ ਹੋਵੇਗਾ ਅਤੇ ਜਮਾਤੀ ਵਿਰੋਧਤਾਈਆਂ ਦਾ ਰੂਪ ਬਦਲੇਗਾ। ਸਮਾਜ ਵਿਗਿਆਨ ਦੇ ਨਾਲ਼ ਕੁਦਰਤੀ ਵਿਗਿਆਨ ਨੂੰ ਗਤੀਹੀਣ ਸਿੱਧ ਕਰਨ ਦੀ ਅਸਫਲ ਕੋਸ਼ਿਸ਼ ਕਰਨ ਵਾਲ਼ੀ ਪੂੰਜੀਵਾਦੀ ਸੱਭਿਅਤਾ ਮਰਨ ਕਿਨਾਰੇ ਹੈ। ਇਸ ਲਈ ਇਹ ਵਿਗਿਆਨ ਨੂੰ ਗੁਲਾਮ ਬਣਾ ਕੇ ਖੁਦ ਨੂੰ ਲੰਮੀ ਉਮਰ ਦਾ ਟੀਕਾ ਲਗਾਉਣ ਦੀ ਅਸਫਲ ਕੋਸ਼ਿਸ਼ ਕਰ ਰਹੀ ਹੈ। ਜੇਕਰ ਮਾਨਵਤਾ ਨੇ ਅੱਗੇ ਵਧਣਾ ਹੈ ਤਾਂ ਵਿਗਿਆਨ ਨੂੰ ਇਹਨਾਂ ਸਾਰੇ ਬੰਧਨਾਂ ਤੋਂ ਆਜ਼ਾਦ ਕਰਵਾਉਣਾ ਹੋਵੇਗਾ ਜਿਨ੍ਹਾਂ ਵਿੱਚ ਜਮਾਤੀ ਤੁਅੱਸਬਾਂ ਅਤੇ ਸਰਕਾਰੀ ਦਾਬਿਆਂ ਨੇ ਉਸਨੂੰ ਬੰਨ੍ਹ ਰੱਖਿਆ ਹੈ। ☐

ਹਾਲੀਵੁਡ ਦਾ ਮਸੀਹੀ ਸੰਦੇਸ਼

'ਕੁਦਰਤ ਨਾਲ਼ ਛੇੜਛਾੜ ਨਾ ਕਰੋ'

• ਦ੍ਰਿਸ਼ਟੀ

ਮਨੁੱਖੀ ਸੱਭਿਅਤਾ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਮਨੁੱਖ ਵਿਗਿਆਨ ਦੀ ਸਹਾਇਤਾ ਨਾਲ਼ ਤਰੱਕੀ ਕਰਦਾ ਰਿਹਾ ਹੈ। ਵਿਗਿਆਨ ਦੇ ਹਥਿਆਰ ਨਾਲ਼ ਲੈਸ ਹੋ ਕੇ ਮਨੁੱਖ ਨੇ ਆਪਣੇ ਆਪ ਨੂੰ ਅਜ਼ਾਦ ਕਰਕੇ ਆਪਣੀ ਅਗਿਆਨਤਾ ਨੂੰ ਦੂਰ ਕੀਤਾ ਹੈ ਅਤੇ ਅੱਜ ਵੀ ਮਨੁੱਖ ਵਿਗਿਆਨ ਦੀ ਮਸ਼ਾਲ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਅਗਿਆਤ ਡਰ ਦੀਆਂ ਸੁਰੰਗਾਂ ਦੇ ਗੂੜ੍ਹੇ ਹਨ੍ਹੇਰੇ ਨੂੰ ਚੀਰਦੇ ਹੋਏ ਭਵਿੱਖ ਦੇ ਰਸਤੇ 'ਤੇ ਅੱਗੇ ਵਧ ਰਿਹਾ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਹਾਲੀਵੁਡ ਦੇ ਫਿਲਮ ਨਿਰਦੇਸ਼ਕਾਂ ਦੁਆਰਾ ਬਣਾਈਆਂ ਜਾ ਰਹੀਆਂ ਫਿਲਮਾਂ ਵਿੱਚ ਵਿਗਿਆਨ ਦੇ ਸਿਰਜਣਕਾਰੀ ਰੂਪ ਦੀ ਥਾਂ ਉਸਦੇ ਤਬਾਹਕੁਨ ਰੂਪ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਮਨੁੱਖ ਦੇ ਹੱਥਾਂ ਵਿੱਚ ਵਿਗਿਆਨ ਦੇ ਹਥਿਆਰ ਨੂੰ ਇਕ ਰਾਹ ਦਿਖਾਵੇ ਦੀ ਥਾਂ ਇੱਕ ਆਤਮਘਾਤੀ ਹਥਿਆਰ ਦੇ ਰੂਪ ਵਿੱਚ ਵਿਖਾਇਆ ਜਾ ਰਿਹਾ ਹੈ।

ਤਰ੍ਹਾਂ-ਤਰ੍ਹਾਂ ਦੇ ਅਲੋਪ ਹੋ ਚੁੱਕੇ ਜਾਂ ਹਾਲੇ ਵੀ ਹੋਂਦ ਰੱਖਦੇ ਜੀਵ-ਜੰਤੂਆਂ ਉਪਰ ਵਿਗਿਆਨਕ ਪ੍ਰਯੋਗਾਂ ਦੇ ਮਾਰੂ ਨਤੀਜਿਆਂ ਦੇ ਮਾਧਿਅਮ ਰਾਹੀਂ ਵਿਗਿਆਨ ਦੇ ਤਬਾਹਕੁਨ ਰੂਪ ਨੂੰ ਪੇਸ਼ ਕੀਤਾ ਜਾ ਰਿਹਾ ਹੈ। 'ਡੀਪ ਬਲਿਊ ਸੀ' (ਮੌਤ ਦਾ ਸਮੁੰਦਰ) ਵਿੱਚ ਪਾਰਕਿਸਨ ਬਿਮਾਰੀ ਦੇ ਇਲਾਜ ਲਈ ਸ਼ਾਰਕ ਮੱਛੀ ਦੇ ਦਿਮਾਗ ਵਿੱਚੋਂ ਥੋੜ੍ਹਾ ਪ੍ਰੋਟੀਨ ਕੱਢਣ ਤੇ ਉਸਦਾ ਬਦਹਵਾਸ ਹੋ ਕੇ ਪ੍ਰਯੋਗ ਕਰਨ ਵਾਲ਼ਿਆਂ ਲਈ ਹੀ ਕਾਲ ਬਣ ਜਾਣਾ, 'ਐਨਾਕੋਂਡਾ' ਅਤੇ 'ਕਿੰਗ ਕੋਬਰਾ' ਵਿੱਚ ਸੱਪਾਂ ਨਾਲ਼ ਛੇੜਖਾਨੀ ਕਰਨ 'ਤੇ ਉਹਨਾਂ ਦਾ ਖਤਰਨਾਕ ਰੂਪ ਵਿੱਚ ਸਾਹਮਣੇ ਆਉਣਾ 'ਜੁਰਾਸਿਕ ਪਾਰਕ' ਅਤੇ 'ਲੌਸਟ ਵਰਲਡ' ਵਿੱਚ ਪ੍ਰਯੋਗਾਂ ਤੋਂ ਬਾਅਦ 'ਡਾਇਨਾਸੋਰ' ਦਾ ਮੁੜ ਪੈਦਾ ਹੋ ਕੇ ਵਿਨਾਸ਼ ਮਚਾਉਣਾ, 'ਬੈਟਸ' ਵਿੱਚ ਵਿਗਿਆਨਕ ਪ੍ਰਯੋਗਾਂ ਕਾਰਨ ਖਤਰਨਾਕ ਹੋ ਗਏ ਚਮਗਿੱਦੜਾਂ ਦਾ ਮਨੁੱਖਾਂ ਉਪਰ ਹਮਲਾ ਕਰਨਾ, 'ਗੌਡਜ਼ਿਲਾ' ਵਿੱਚ ਪ੍ਰਮਾਣੂ ਕਿਰਣਾਂ ਕਾਰਨ ਕਿਰਲੀ ਪ੍ਰਜਾਤੀ ਦੇ ਇਕ ਜੀਵ ਦਾ ਦਿਓਕੱਦ ਰੂਪ ਧਾਰਕੇ ਨਿਊਯਾਰਕ ਸ਼ਹਿਰ ਵਿੱਚ ਕਹਿਰ ਮਚਾਉਣਾ ਇਸਦੇ ਕੁਝ ਉਦਾਹਰਣ ਹਨ।

ਇਹਨਾਂ ਸਾਰੀਆਂ ਫਿਲਮਾਂ ਵਿੱਚ ਵਿਗਿਆਨ ਦੇ ਨਾਲ਼ ਕਲਪਨਾ ਦਾ ਘਾਲਮੇਲ ਕਰਕੇ ਦਿਖਾਇਆ ਜਾਂਦਾ ਹੈ ਕਿ ਕੁਦਰਤ ਦੇ ਨਿਯਮਾਂ ਨਾਲ਼ ਛੇੜਖਾਨੀ ਕਰਨ ਨਾਲ਼ ਤਬਾਹਕੁੰਨ ਦੈਂਤ ਪੈਦਾ ਹੋ ਜਾਂਦੇ ਹਨ। ਇਹਨਾਂ ਦਾ ਸੰਦੇਸ਼ ਕੁਝ ਅਜਿਹਾ ਹੀ ਹੁੰਦਾ ਹੈ ਜਿਵੇਂ ਕਿ ਇੱਕ ਪਾਸੇ ਤਾਂ ਪੂੰਜੀਵਾਦੀ ਭੁੱਖ ਦੇ ਨਤੀਜੇ ਦੇ ਤੌਰ 'ਤੇ ਭਿਆਨਕ ਮਾਰੂ ਸਮੱਰਥਾ ਵਾਲ਼ੇ ਪਰਮਾਣੂ ਹਥਿਆਰ ਬਣਾਏ ਜਾਂਦੇ ਹਨ ਅਤੇ ਫਿਰ ਉਹਨਾਂ ਦਾ ਉਦਾਹਰਣ ਦੇ ਕੇ ਵਿਗਿਆਨ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਵਿਗਿਆਨ ਦਾ ਗਲਤ ਪ੍ਰਯੋਗ ਕੌਣ ਅਤੇ ਕਿਸ ਲਈ ਕਰ ਰਿਹਾ ਹੈ, ਇਸ ਉੱਪਰ ਪਰਦਾ ਪਾਇਆ ਜਾਂਦਾ ਹੈ। ਇਹ ਅਚਾਨਕ ਹੀ ਨਹੀਂ ਹੈ ਕਿ-'ਜੁਰਾਸਿਕ ਪਾਰਕ', ਦੀ 'ਲੌਸਟ ਵਰਲ਼ਡ', 'ਐਨਾਕੋਂਡਾ', 'ਕਿੰਗ ਕੋਬਰਾ', 'ਡੀਪ ਬਲਿਊ ਸੀ', 'ਬੈਟਸ' —ਇਹਨਾਂ ਸਾਰੀਆਂ ਫਿਲਮਾਂ ਵਿੱਚ ਵਿਗਿਆਨ ਦੀ ਨਾਂਹ-ਪੱਖੀ ਭੂਮਿਕਾ ਹੈ ਹਾਂ-ਪੱਖੀ ਨਹੀਂ। ਇਹਨਾਂ ਸਾਰੀਆਂ ਫਿਲਮਾਂ ਵਿੱਚ ਵਿਗਿਆਨਕ ਪ੍ਰਯੋਗ ਨਤੀਜੇ ਦੇ ਰੂਪ ਵਿੱਚ ਇੱਕ ਹੀ ਸੁਨੇਹਾ ਦੇ ਰਹੇ ਹਨ-'ਕੁਦਰਤ ਨਾਲ਼ ਛੇੜਛਾੜ ਨਾ ਕਰੋ।' ਪਰ ਇਹ ਸੰਦੇਸ਼ ਅਰੋਪਿਤ ਹੈ। ਕਿਉਂਕਿ ਕੁਦਰਤ ਨਾਲ਼ ਛੇੜਖਾਨੀ ਕਰਨ ਵਾਲ਼ੇ ਪੂੰਜੀਪਤੀ, ਵਪਾਰੀ, ਮਾਫੀਆ ਆਦਿ ਹੀ ਤਾਂ ਹਨ-ਮੰਡੀ ਅਤੇ ਪੂੰਜੀ ਦੇ ਮਾਲਕ। ਫਿਰ ਇਹ ਸ਼ੋਰ-ਸ਼ਰਾਬਾ ਕਿਉਂ ? ਆਖਿਰਕਾਰ ਅੱਜ ਵਿਗਿਆਨ ਉਹਨਾਂ ਦੇ ਹੱਥਾਂ ਵਿੱਚ ਮੁਨਾਫਾ ਕਮਾਉਣ ਦਾ ਇੱਕ ਹਥਿਆਰ ਬਣ ਗਿਆ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਸੰਸਾਰ-ਪੂੰਜੀਵਾਦ ਅੱਜ ਸੰਕਟ ਵਿੱਚ ਫਸਿਆ ਹੋਇਆ ਹੈ, ਉਸਦਾ ਭਵਿੱਖ ਹਨ੍ਹੇਰਾ ਹੈ। ਉਹ ਆਪਣੇ ਅੰਤ ਨੂੰ ਸਾਰੀ ਮਾਨਵਤਾ ਦਾ ਭਵਿੱਖ ਬਣਾ ਕੇ ਪੇਸ਼ ਕਰਦੇ ਹੋਏ ਵੱਖ-ਵੱਖ ਅੰਤ ਦੇ ਸਿਧਾਂਤ ਦੇ ਰਿਹਾ ਹੈ। ਵਿਗਿਆਨ ਦਾ ਅੰਤ ਹੋਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇਸ ਲਈ ਵਿਗਿਆਨ ਦੀ ਗੈਰ-ਵਿਗਿਆਨਕ ਪੇਸ਼ਕਾਰੀ ਹੋ ਰਹੀ ਹੈ। ਵਿਗਿਆਨ ਦਾ ਨਿਖੇਧ, ਉਤਸੁਕਤਾਵਾਂ ਦਾ ਨਿਖੇਧ ਅਤੇ ਅਖੀਰ ਵਿੱਚ ਜੀਵਨ ਦਾ ਹੀ ਨਿਖੇਧ ਕਰਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮੌਜੂਦਾ ਪਤਨਸ਼ੀਲ ਪਰਜੀਵੀ ਪੂੰਜੀਵਾਦੀ ਪ੍ਰਬੰਧ ਹੀ ਮਨੱਖੀ ਸੱਭਿਅਤਾ ਦਾ ਸਰਵ ਉੱਚ ਰੂਪ ਹੈ ; ਮਨੁੱਖੀ ਸੱਭਿਅਤਾ ਹੁਣ ਇਸ ਤੋਂ ਅੱਗੇ ਕਦਮ ਨਹੀਂ ਪੁੱਟ ਸਕਦੀ।

ਸਵਾਲ ਇਹ ਹੈ ਕਿ ਇਹਨਾਂ ਫਿਲਮਾਂ ਨੂੰ ਦਰਸ਼ਕ ਕਿਉਂ ਪਸੰਦ ਕਰ ਰਹੇ ਹਨ ? ਇਸ ਦਾ ਕਾਰਨ ਵਿਗਿਆਨ ਦੀਆਂ ਗੈਰ ਵਿਗਿਆਨਕ ਧਾਰਨਾਵਾਂ ਵਿੱਚ ਓਨਾਂ ਨਹੀਂ ਹੈ ਜਿੰਨਾ ਕਿ ਸਮਾਜ ਵਿੱਚ ਫੈਲੀ ਨਿਰਾਸ਼ਾ, ਕੋਈ ਬਦਲ ਨਾ ਲੱਭਣ, ਪੂੰਜੀ ਦੀ ਅੰਨ੍ਹੀ ਤਾਕਤ ਸਾਹਮਣੇ ਅਸਮੱਰਥਾ ਅਤੇ ਪੂੰਜੀ ਅਤੇ ਮੰਡੀ ਦੀਆਂ ਤਾਕਤਾਂ ਦੇ ਰਹੱਸ ਵਿੱਚ ਹੈ। ਅੱਜ ਵੀ ਬਹੁ-ਗਿਣਤੀ ਕਿਰਤੀ ਲੋਕਾਂ ਲਈ ਇਹ ਗੱਲ ਸੱਚ ਹੈ ਕਿ ਕਰਮ ਉਹ ਕਰਦੇ ਹਨ, ਫਲ ਕਿਸੇ ਅਦਿੱਖ ਸ਼ਕਤੀ ਦੇ ਹੱਥ ਹੈ। ਅਜਿਹੀ ਹੀ ਸੋਚ ਨੂੰ ਹੋਰ ਮਜ਼ਬੂਤੀ ਨਾਲ਼ ਦਿਮਾਗਾਂ ਵਿੱਚ ਬਿਠਾਉਣ ਲਈ ਅੱਜ ਹਾਲੀਵੁਡ ਵਿੱਚ ਭੂਤ-ਪ੍ਰੇਤ, ਰਹੱਸ, ਪਰਾ-ਮਨੋਵਿਗਿਆਨ ਉੱਤੇ ਵੀ ਖੂਬ ਫਿਲਮਾਂ ਬਣਾਈਆਂ ਜਾ ਰਹੀਆਂ ਹਨ। 'ਸਿਕਸਥ ਸੈਂਸ', 'ਦੀ ਬਲੇਅਰ ਵਿਚ ਪ੍ਰੋਜੈਕਟ', 'ਆਈ ਨੋ ਵਟ ਯੂ ਡਿਡ ਲਾਸਟ ਸਮਰ', 'ਸਕ੍ਰੀਮ-I', 'ਸਕ੍ਰੀਮ-II' ਅਤੇ 'ਈਵਲ ਡੈੱਡ', ਵਰਗੀਆਂ ਫਿਲਮਾਂ ਇਸ ਦੇ ਕੁਝ ਉਦਾਹਰਣ ਹਨ।

ਇਹ ਠੀਕ ਹੈ ਕਿ ਅੱਜ ਵਿਗਿਆਨ ਦੀ ਰਚਨਾਤਮਕ ਭੂਮਿਕਾ ਦੀ ਥਾਂ ਇਸਦੀ ਤਬਾਹਕੁੰਨ ਭੂਮਿਕਾ ਵੱਧ ਸਾਹਮਣੇ ਆ ਰਹੀ ਹੈ। ਪਰ ਇਹ ਗੱਲ ਮੌਜੂਦਾ ਜਮਾਤੀ ਸਮਾਜ ਨਾਲ਼ ਜੁੜੀ ਹੋਈ ਹੈ। ਵਿਗਿਆਨ ਅੱਜ ਸੱਤਾਧਾਰੀ ਪੂੰਜੀਪਤੀ ਵਰਗ ਦੇ ਹਿੱਤਾਂ ਦੀ ਸੇਵਾ ਵਿੱਚ ਹੈ, ਜੋ ਬਹੁ-ਗਿਣਤੀ ਕਿਰਤੀਆਂ ਤੋਂ ਵੱਧ ਤੋਂ ਵੱਧ ਮੁਨਾਫਾ ਨਿਚੋੜਨ ਅਤੇ ਉਸਦੇ ਉਪਰ ਹਕੂਮਤ ਕਰਨ ਲਈ

(ਬਾਕੀ ਸਫ਼ਾ 16 'ਤੇ)

ਗ੍ਰੀਸ ਦੇ ਮਜ਼ਦੂਰਾਂ ਵਲੋਂ ਵਿਦਿਆਰਥੀਆਂ ਦੇ ਨਾਂ ਇੱਕ ਖੁੱਲਾ ਖ਼ਤ

6 ਦਿਸੰਬਰ 2008 ਨੂੰ ਇੱਕ ਸਕੂਲੀ ਵਿਦਿਆਰਥੀ ਦੀ ਪੁਲਸ ਦੀ ਗੋਲੀ ਨਾਲ਼ ਮੌਤ ਹੋ ਜਾਣ 'ਤੇ ਸਾਰੇ ਗ੍ਰੀਸ ਵਿੱਚ ਦੰਗੇ ਭੜਕ ਉੱਠੇ। ਦੰਗਿਆਂ ਨੇ ਬਗਾਵਤ ਦਾ ਰੂਪ ਧਾਰਨ ਕਰ ਲਿਆ। ਸਕੂਲਾਂ-ਯੂਨੀਵਰਸਿਟੀਆਂ 'ਤੇ ਵਿਦਿਆਰਥੀਆਂ ਨੇ ਕਬਜ਼ੇ ਕਰ ਲਏ। ਵਿਦਿਆਰਥੀਆਂ-ਮਜ਼ਦੂਰਾਂ ਨੇ ਸਰਕਾਰੀ ਇਮਾਰਤਾਂ, ਰੇਡੀਓ ਤੇ ਦੂਰਦਰਸ਼ਨ ਕੇਂਦਰਾਂ ਅਤੇ ਪਾਰਟੀਆਂ-ਯੂਨੀਅਨਾਂ ਦੇ ਦਫ਼ਤਰਾਂ ਉੱਤੇ ਕਬਜ਼ੇ ਕਰ ਲਏ। ਹਜ਼ਾਰਾਂ ਦੀ ਸੰਖਿਆਂ ਵਿੱਚ ਲੋਕ ਜਗ੍ਹਾ-ਜਗ੍ਹਾ ਪੁਲਿਸ ਨਾਲ਼ ਭਿੜੇ। ਕ੍ਰਿਸਮਿਸ ਅਤੇ ਨਵੇਂ ਸਾਲ ਵਾਸਤੇ ਸਜੇ ਵਿਉਪਾਰਕ ਕੇਂਦਰਾਂ ਦਾ ਹਾਲ ਜੰਗ ਵਿੱਚ ਤਬਾਹ ਹੋਏ ਇਲਾਕਿਆਂ ਜਿਹਾ ਹੋ ਗਿਆ। ਥਾਣਿਆਂ ਨੂੰ ਅੱਗ ਲਗਾਈ ਗਈ ਅਤੇ ਅਮੀਰਜਾਦਿਆਂ ਦੇ ਵਿਆਪਕ ਪੱਧਰ 'ਤੇ ਸਮਾਨ ਖੋਹੇ ਗਏ। ਲੋਕਤੰਤਰ ਵਿੱਚ ਮਜ਼ਦੂਰਾਂ-ਕਿਰਤੀਆਂ ਖਿਲਾਫ਼ ਵਿਆਪਕ ਹਿੰਸਾ ਵਿੱਚ ਸਹਿਯੋਗੀ ਯੂਨੀਅਨਾਂ, ਰਾਜਨੀਤਕ ਪਾਰਟੀਆਂ, ਪਾਦਰੀਆਂ, ਪੱਤਰਕਾਰਾਂ ਅਤੇ ਕਾਰੋਬਾਰੀਆਂ ਨੇ ਜਮਹੂਰੀ ਕਾਨੂੰਨ-ਪ੍ਰਬੰਧ-ਸ਼ਾਂਤੀ-ਅਹਿੰਸਾ ਦਾ ਰੌਲਾ ਪਾਉਂਦੇ ਹੋਏ ਭਿਆਨਕ ਜ਼ਬਰ ਦਾ ਨਾਚ ਰਚਿਆ। 16 ਦਸੰਬਰ 08 ਨੂੰ ਜ਼ਾਰੀ ਕੀਤਾ ਗਿਆ 'ਐਥੇਂਸ ਵਿੱਚ ਮਜ਼ਦੂਰਾਂ ਦਾ ਵਿਦਿਆਰਥੀਆਂ ਦੇ ਨਾਂ ਇੱਕ ਖੁੱਲਾ ਖ਼ਤ' ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

ਉਮਰ ਦੇ ਫ਼ਰਕ ਅਤੇ ਆਮ ਦੂਰੀ ਗਲੀਆਂ ਵਿੱਚ ਤੁਹਾਡੇ ਨਾਲ਼ ਗੱਲ ਕਰਨਾ ਸਾਡੇ ਲਈ ਔਖਾ ਬਣਾ ਰਹੇ ਹਨ ਇਸ ਲਈ ਅਸੀਂ ਇਹ ਖ਼ਤ ਜਾਰੀ ਕਰ ਰਹੇ ਹਾਂ।

ਸਾਡੇ ਵਿੱਚੋਂ ਬਹੁਤੇ ਅਜੇ ਗੰਜੇ ਅਤੇ ਪੇਟੂ ਨਹੀਂ ਹੋਏ ਹਨ। ਅਸੀਂ 1990-91 ਦੀ ਲਹਿਰ ਦਾ ਹਿੱਸਾ ਹਾਂ। ਤੁਸੀਂ ਉਸ ਬਾਰੇ ਸੁਣਿਆ ਹੋਵੇਗਾ। ਉਦੋਂ ਅਸੀਂ ਆਪਣੇ ਸਕੂਲਾਂ 'ਤੇ 30-35 ਦਿਨ ਕਬਜ਼ਾ ਕੀਤਾ ਸੀ। ਉਸੇ ਦੌਰਾਨ ਸਰਕਾਰ ਨੇ ਇੱਕ ਅਧਿਆਪਕ ਨੂੰ ਮਾਰ ਦਿੱਤਾ ਸੀ ਕਿਉਂਕਿ ਅਧਿਆਪਕ ਨੇ ਸਾਡੀ ਚੌਂਕੀਦਾਰੀ ਕਰਨ ਦੀਂ ਸੌਂਪੀ ਗਈ ਭੂਮਿਕਾ ਤਿਆਗ ਦਿੱਤੀ ਸੀ ਅਤੇ ਸੀਮਾ ਪਾਰ ਕਰਕੇ ਸਾਡੇ ਸੰਘਰਸ਼ ਵਿੱਚ ਸ਼ਾਮਿਲ ਹੋ ਗਿਆ ਸੀ। ਅਧਿਆਪਕ ਦੀ ਮੌਤ 'ਤੇ ਸਾਡੇ ਨਾਲ਼ ਜੋ ਵਾਸਤਾ ਨਹੀਂ ਵੀ ਰੱਖਦੇ ਸਨ ਉਹ ਵੀ ਸੜਕਾਂ 'ਤੇ ਉੱਤਰ ਆਏ ਸਨ ਅਤੇ ਦੰਗੇ ਕੀਤੇ ਸਨ। ਉਦੋਂ ਹਾਲਾਂਕਿ ਅਸੀਂ ''ਥਾਣਿਆਂ ਨੂੰ ਅੱਗ ਲਗਾਓ...'' ਗਾਇਆ ਪਰ ਅਜਿਹਾ ਕਰਨ ਦਾ ਸੋਚਿਆ ਤੱਕ ਨਹੀਂ ਜਦੋਂ ਕਿ ਅੱਜ ਤੁਸੀਂ ਏਨੀ ਸਹਿਜਤਾ ਨਾਲ਼ ਥਾਣਿਆਂ ਨੂੰ ਫੂਕ ਰਹੇ ਹੋ।

ਤਾਂ, ਤੁਸੀਂ ਸਾਡੇ ਤੋਂ ਅੱਗੇ ਚਲੇ ਗਏ ਹੋਂ, ਜਿਹਾ ਕਿ ਇਤਿਹਾਸ ਵਿੱਚ ਸਦਾ ਹੁੰਦਾ ਹੈ। ਬੇਸ਼ੱਕ ਹਾਲਤ ਵਿੱਚ ਫ਼ਰਕ ਹੈ। ਨੱਬੇ ਦੇ ਦਹਾਕੇ ਦੌਰਾਨ ਨਿੱਜੀ ਸਫ਼ਲਤਾ ਦੀ ਸੰਭਾਵਨਾ ਨੂੰ ਪਰੋਸਿਆ ਗਿਆ ਅਤੇ ਸਾਡੇ ਵਿੱਚੋਂ ਕੁਝ ਨੇ ਉਸਨੂੰ ਡਕਾਰ ਲਿਆ। ਅੱਜ ਲੋਕ ਇਸ ਪੂਰੀ ਕਹਾਣੀ 'ਤੇ ਯਕੀਨ ਨਹੀਂ ਸਕਦੇ। ਤੁਹਾਡੇ ਵੱਡੇ ਭਰਾਵਾਂ ਨੇ 2006-07 ਵਿੱਚ ਵਿਦਿਆਰਥੀ ਲਹਿਰ ਦੌਰਾਨ ਸਾਨੂੰ ਇਹ ਦਿਖਾਇਆ ਅਤੇ ਤੁਸੀਂ ਤਾਂ ਸੁਣਾਉਣ ਵਾਲਿਆਂ ਦੇ ਮੂੰਹ 'ਤੇ ਉਹਨਾਂ ਦੀਆਂ ਪਰੀ ਕਹਾਣੀਆਂ ਨੂੰ ਥੁੱਕ ਰਹੇ ਹੋ।

ਇੱਥੋਂ ਤੱਕ ਚੰਗਾ ਹੈ। ਹੁਣ ਚੰਗੇ ਅਤੇ ਔਖੇ ਮਾਮਲੇ ਸ਼ੁਰੂ ਹੁੰਦੇ ਹਨ।

ਆਪਣੇ ਸੰਘਰਸ਼ਾਂ ਅਤੇ ਹਾਰਾਂ ਤੋਂ ਅਸੀਂ ਜੋ ਸਿੱਖਿਆ ਹੈ ਉਹ ਤੁਹਾਨੂੰ ਦੱਸਾਂਗੇ। ਹਾਰਾਂ ਦੀ ਗੱਲ ਇਸ ਲਈ ਕਿ ਜਦ ਤੱਕ ਸੰਸਾਰ ਸਾਡਾ ਨਹੀਂ ਹੋ ਜਾਂਦਾ ਉਦੋਂ ਤੱਕ ਅਸੀਂ ਸਦਾ ਹੀ ਹਾਰਾਂਗੇ। ਅਸੀਂ ਜੋ ਸਿੱਖਿਆ ਹੈ ਉਸਨੂੰ ਤੁਸੀਂ ਜਿਵੇਂ ਚਾਹੋ ਪ੍ਰਯੋਗ ਕਰ ਸਕਦੇ ਹੋ।

ਇਕੱਲੇ ਨਾ ਰਹੋ। ਸਾਨੂੰ ਬਲਾਓ, ਵੱਧ ਤੋਂ ਵੱਧ ਲੋਕਾਂ ਨੂੰ ਬਲਾਓ। ਸਾਨੂੰ ਨਹੀਂ ਪਤਾ ਕਿ ਇਹ ਤੁਸੀਂ ਕਿਵੇਂ ਕਰ ਸਕਦੇ ਹੋ, ਤੁਸੀਂ ਰਾਹ ਲੱਭ ਲਓਂਗੇ। ਤੁਸੀਂ ਪਹਿਲਾਂ ਹੀ ਆਪਣੇ ਸਕੂਲਾਂ 'ਤੇ ਕਬਜ਼ਾ ਕਰ ਲਿਆ ਹੈ ਅਤੇ ਤੁਸੀਂ ਸਾਨੂੰ ਦੱਸਿਆ ਹੈ ਕਿ ਇਸਦਾ ਮਹੱਤਵਪੂਰਨ ਕਾਰਨ ਇਹ ਹੈ ਕਿ ਤੁਹਾਨੂੰ ਤੁਹਾਡੇ ਸਕੂਲ ਚੰਗੇ ਨਹੀਂ ਲੱਗਦੇ। ਚੰਗੀ ਗੱਲ ਹੈ, ਕਿਉਂਕਿ ਤੁਸੀਂ ਉਹਨਾਂ 'ਤੇ ਕਬਜ਼ੇ ਕਰ ਹੀ ਲਏ ਹਨ ਤਾਂ ਉਹਨਾਂ ਦੀ ਭੂਮਿਕਾ ਬਦਲੋ। ਆਪਣੇ ਕਬਜ਼ੇ ਨੂੰ ਹੋਰਨਾਂ ਲੋਕਾਂ ਨਾਲ਼ ਸਾਂਝੇ ਕਰੋ। ਆਪਣੇ ਸਕੂਲਾਂ ਨੂੰ ਸਾਡੇ ਨਵੇਂ ਸਬੰਧਾਂ ਦੀ ਰਿਹਾਇਸ਼ ਲਈ ਪਹਿਲੀਆਂ ਇਮਾਰਤਾਂ ਬਣਾ ਦਿਓ। ਉਹਨਾਂ ਦਾ ਸਭ ਤੋਂ ਤਾਕਤਵਰ ਹਥਿਆਰ ਸਾਨੂੰ ਵੰਡਣਾ ਹੈ। ਜਿਵੇਂ ਉਹਨਾਂ ਦੇ ਥਾਣਿਆ ਉੱਤੇ ਹਮਲੇ ਕਰਨ ਤੋਂ ਤੁਸੀਂ ਨਹੀਂ ਡਰਦੇ ਕਿਉਂਕਿ ਤੁਸੀਂ ਇੱਕਜੁੱਟ ਹੁੰਦੇ ਹੋ, ਓਵੇਂ ਹੀ ਸਾਡੀ ਸਾਰਿਆਂ ਦੀ ਜਿੰਦਗੀ ਨੂੰ ਮਿਲ ਕੇ ਬਦਲਣ ਲਈ ਸਾਨੂੰ ਬੁਲਾਉਣ ਤੋਂ ਨਾ ਡਰੋ।

ਕਿਸੇ ਵੀ ਰਾਜਨੀਤਕ ਜੱਥੇਬੰਦੀ ਦੀ ਨਾ ਸੁਣੋ। ਜਿਸਦੀ ਤੁਹਾਨੂੰ ਜ਼ਰੂਰਤ ਹੈ ਉਹੀ ਕਰੋ। ਲੋਕਾਂ 'ਤੇ ਭਰੋਸਾ ਕਰੋ, ਅਮੂਰਤ-ਹਵਾਈ ਯੋਜਨਾਵਾਂ ਅਤੇ ਵਿਚਾਰਾਂ 'ਤੇ ਯਕੀਨ ਨਾ ਕਰੋ। ਲੋਕਾਂ ਨਾਲ਼ ਸਿੱਧੇ ਸਬੰਧਾਂ 'ਤੇ ਭਰੋਸਾ ਕਰੋ। ਆਪਣੇ ਮਿੱਤਰਾਂ 'ਤੇ ਯਕੀਨ ਕਰੋ ਅਤੇ ਆਪਣੇ ਸੰਘਰਸ਼ ਵਿੱਚ ਸ਼ਾਮਿਲ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਲੋਕ ਬਣਾਓ। ਉਹਨਾਂ ਦੀ ਨਾ ਸੁਣੋ ਜੋ ਕਹਿੰਦੇ ਹਨ ਕਿ ਤੁਸੀਂ ਸੰਘਰਸ਼ ਵਿੱਚ ਰਾਜਨੀਤਕ ਸਮੱਗਰੀ-ਸਾਰ ਨਹੀਂ ਜਿਸਨੂੰ ਪ੍ਰਾਪਤ ਕਰਨਾ ਚਾਹੀਦਾ ਹੈ। ਤੁਹਾਡਾ ਸੰਘਰਸ਼ ਹੀ ਸਾਰ ਹੈ। ਤੁਹਾਡੇ ਕੋਲ਼ ਤੁਹਾਡਾ ਸੰਘਰਸ਼ ਹੀ ਹੈ ਅਤੇ ਇਸ ਨੂੰ ਵਧਾਉਣਾ ਤੁਹਾਡੇ ਹੱਥਾਂ ਵਿੱਚ ਹੈ। ਇਹ ਤੁਹਾਡਾ ਸੰਘਰਸ਼ ਹੀ ਹੈ ਜੋ ਤੁਹਾਡੀ ਜਿੰਦਗੀ ਬਦਲ ਸਕਦਾ ਹੈ, ਭਾਵ ਤੁਹਾਨੂੰ ਅਤੇ ਸਾਥੀਆਂ ਨਾਲ਼ ਤੁਹਾਡੇ ਅਸਲ ਰਿਸ਼ਤਿਆਂ ਨੂੰ ਬਦਲ ਸਕਦਾ ਹੈ।

ਜਦੋਂ ਨਵੀਆਂ ਗੱਲਾਂ ਨਾਲ਼ ਵਾਹ ਪਏ ਤਾਂ ਅੱਗੇ ਵਧਣ ਤੋਂ ਨਾ ਡਰੋ। ਸਾਡੇ ਹਰੇਕ ਦੇ ਦਿਮਾਗ ਵਿੱਚ ਚੀਜਾਂ ਪਾਈਆਂ-ਛਾਪੀਆਂ-ਉਗਾਈਆਂ ਜਾਂਦੀਆਂ ਹਨ। ਉਮਰ ਨਾਲ਼ ਇਹ ਵਧਦੀਆਂ ਜਾਂਦੀਆਂ ਹਨ ਪਰ ਹਨ ਤੁਹਾਡੇ ਵਿੱਚ ਵੀ ਭਾਂਵੇਂ ਕਿ ਤੁਸੀਂ ਅਜੇ ਨੌਜਵਾਨ ਹੋ। ਇਸ ਤੱਥ ਦੀ ਮਹੱਤਤਾ ਨੂੰ ਨਾ ਭੁੱਲੋ।

1991 ਵਿੱਚ ਨਵੇਂ ਸੰਸਾਰ ਦੀ ਮਹਿਕ ਨਾਲ਼ ਸਾਡਾ ਵਾਹ ਪਿਆ ਸੀ ਅਤੇ, ਸਾਡੇ 'ਤੇ ਯਕੀਨ ਕਰੋ ਉਹ ਸੁਗੰਧ ਸਾਨੂੰ ਔਖੀ ਲੱਗੀ ਸੀ। ਅਸੀਂ ਸਿੱਖਿਆ ਹੋਇਆ ਸੀ ਕਿ ਹੱਦਾਂ ਜ਼ਰੂਰ ਹੀ ਹੋਣੀਆਂ ਚਾਹੀਦੀਆਂ ਹਨ। ਵਸਤਾਂ ਦੀ ਤਬਾਹੀ ਤੋਂ ਭੈਅਭੀਤ ਨਾ ਹੋਣਾ। ਲੋਕਾਂ ਦੁਆਰਾ ਭੰਡਾਰਾਂ ਨੂੰ ਲੁੱਟੇ ਲਏ ਜਾਣ ਤੋਂ ਨਾ ਡਰੋ ਇਹ ਸਭ ਅਸੀਂ ਬਣਾਉਂਦੇ ਹਾਂ, ਇਹ ਸਾਡੇ ਹਨ। ਸਾਡੇ ਵਾਂਗ ਤੁਹਾਡੀ ਪਾਲਣਾ ਰੋਜ਼ ਸਵੇਰੇ ਉੱਠ ਕੇ ਚੀਜਾਂ ਬਣਾਉਣ ਲਈ ਕੀਤੀ ਜਾ ਰਹੀ ਹੈ, ਚੀਜਾਂ ਜੋ ਫੇਰ ਤੁਹਾਡੀਆਂ ਨਹੀਂ ਹੋਣਗੀਆਂ। ਆਓ ਮਿਲ ਕੇ ਅਸੀਂ ਉਹਨਾਂ ਚੀਜ਼ਾਂ ਨੂੰ ਵਾਪਿਸ ਲਈਏ ਅਤੇ ਸਾਂਝਾ ਕਰੀਏ। ਉਂਝ ਵੀ ਜਿਵੇਂ ਕਿ ਅਸੀਂ ਆਪਣੇ ਦੋਸਤਾਂ ਅਤੇ ਆਪਣੇ ਪਿਆਰ ਨੂੰ ਆਪਸ ਵਿੱਚ ਸਾਂਝਾ ਕਰਦੇ ਹਾਂ।

ਇਸ ਖ਼ਤ ਨੂੰ ਜਲਦੀ ਵਿੱਚ ਲਿਖਣ ਲਈ ਅਸੀਂ ਮਾਫ਼ੀ ਚਾਹੁੰਦੇ ਹਾਂ ਪਰ ਅਸੀਂ ਕੰਮ ਦੌਰਾਨ ਸਾਹਬ ਤੋਂ ਲਕੋ ਕੇ ਲਿਖ ਰਹੇ ਹਾਂ। ਅਸੀਂ ਕੰਮ ਦੇ ਕੈਦੀ ਹਾਂ ਜਿਵੇਂ ਕਿ ਤੁਸੀਂ ਸਕੂਲ ਵਿੱਚ ਕੈਦੀ ਹੋ।

ਹੁਣ ਸਾਹਬ ਨੂੰ ਅਸੀਂ ਝੂਠ ਬੋਲਾਂਗੇ ਅਤੇ ਛੁੱਟੀ ਕਰਾਂਗੇ। ਆਪਣੇ ਹੱਥਾਂ ਵਿੱਚ ਪੱਥਰ ਲੈ ਕੇ ਤੁਹਾਨੂੰ ਮਿਲਣ ਸਿੰਟੱਮਾ ਚੌਂਕ ਪਹੁੰਚਾਂਗੇ।

(**'ਮਜ਼ੂਦਰ ਸਮਾਚਾਰ' ਚੋਂ ਧੰਨਵਾਦ ਸਹਿਤ**)

ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਨਮ ਦਿਨ (28 ਸਤੰਬਰ) 'ਤੇ

ਭਾਵਨਾ ਕਦੇ ਮਰਦੀ ਨਹੀਂ

● ਸ਼ਿਵ ਵਰਮਾ



ਉਹ ਜੁਲਾਈ, 1930 ਦਾ ਆਖਰੀ ਐਤਵਾਰ ਸੀ। ਭਗਤ ਸਿੰਘ ਲਾਹੌਰ ਸੈਂਟਰਲ ਜੇਲ੍ਹ ਵਿੱਚੋਂ ਸਾਨੂੰ ਮਿਲਣ ਬੋਸਟਰਲ ਜੇਲ੍ਹ ਆਏ ਸਨ। ਉਹ ਇਸ ਤਰਕ ਨਾਲ ਸਰਕਾਰ ਤੋਂ ਇਹ ਸੁਵਿਧਾ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ ਸਨ ਕਿ ਉਹਨਾਂ ਦੂਜੇ ਦੋਸ਼ੀਆਂ ਦੇ ਨਾਲ ਬਚਾਉ ਦੇ ਤਰੀਕਿਆਂ ਬਾਰੇ ਗੱਲਬਾਤ ਕਰਨੀ ਹੈ। ਤਾਂ ਉਸ ਦਿਨ ਅਸੀਂ ਕਿਸੇ ਰਾਜਨੀਤਿਕ ਵਿਸ਼ੇ ਬਾਰੇ ਗੱਲਬਾਤ ਕਰ ਰਹੇ ਸਾਂ ਕਿ ਗੱਲਾਂ ਦਾ ਰੁਖ਼ ਫੈਸਲੇ ਵੱਲੀਂ ਮੁੜ ਗਿਆ, ਜਿਸਦਾ ਸਾਨੂੰ ਸਭ ਨੂੰ ਬੇਸਬਰੀ ਨਾਲ ਇੰਤਜ਼ਾਰ ਸੀ। ਮਜ਼ਾਕ ਮਜ਼ਾਕ ਵਿੱਚ ਅਸੀਂ ਇੱਕ ਦੂਜੇ ਖਿਲਾਫ਼ ਫੈਸਲੇ ਸੁਣਾਉਣ ਲੱਗੇ, ਸਿਰਫ਼ ਰਾਜਗੁਰੂ ਅਤੇ ਭਗਤ ਸਿੰਘ ਨੂੰ ਇਹਨਾਂ ਫ਼ੈਸਲਿਆਂ ਤੋਂ ਬਰੀ ਰੱਖਿਆ ਗਿਆ। ਅਸੀਂ ਜਾਣਦੇ ਸਾਂ ਕਿ ਉਹਨਾਂ ਫ਼ਾਂਸੀ 'ਤੇ ਲਟਕਾਇਆ ਜਾਏਗਾ।

''ਅਤੇ ਰਾਜਗੁਰੂ ਤੇ ਮੇਰਾ ਫ਼ੈਸਲਾ? ਕੀ ਤੁਸੀਂ ਲੋਕ ਸਾਨੂੰ ਬਰੀ ਕਰ ਰਹੇ ਹੋ?'' ਮੁਸਕਰਾਉਂਦਿਆਂ ਹੋਇਆਂ ਭਗਤ ਸਿੰਘ ਨੇ ਪੁੱਛਿਆ।

ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ। ''ਅਸਲੀਅਤ ਕਬੂਲ ਕਰਦੇ ਡਰ ਲੱਗਦਾ ਹੈ? ਧੀਮੀ ਆਵਾਜ਼ ਵਿੱਚ ਉਹਨਾਂ ਨੇ ਪੁੱਛਿਆ, ਚੁੱਪ ਬਣੀ ਰਹੀ।

ਸਾਡੀ ਚੁੱਪ ਉੱਪਰ ਉਹਨਾਂ ਨੇ ਠਹਾਕਾ ਮਾਰਿਆ ਅਤੇ ਬੋਲੇ, ''ਸਾਨੂੰ ਗਰਦਨ ਤੋਂ ਫਾਂਸੀ ਦੇ ਫੰਦੇ 'ਤੇ ਉੱਦੋਂ ਤੱਕ ਲਟਕਾਇਆ ਜਾਵੇ ਜਦੋਂ ਤੱਕ ਕਿ ਅਸੀਂ ਮਰ ਨਾ ਜਾਈਏ। ਇਹ ਹੈ ਅਸਲੀਅਤ। ਮੈਂ ਇਸਨੂੰ ਜਾਣਦਾ ਹਾਂ। ਤੁਸੀਂ ਵੀ ਜਾਣਦੇ ਹੋ। ਫਿਰ ਇਸ ਵੱਲੋਂ ਅੱਖਾਂ ਕਿਉਂ ਬੰਦ ਕਰਦੇ ਹੋ?''

ਹੁਣ ਤੱਕ ਭਗਤ ਸਿੰਘ ਆਪਣੇ ਰੰਗ ਵਿੱਚ ਆ ਚੁੱਕੇ ਸਨ। ਉਹ ਬਹੁਤ ਹੀ ਧੀਮੀ ਆਵਾਜ ਵਿੱਚ ਬੋਲ ਰਹੇ ਸਨ। ਇਹ ਹੀ ਉਹਨਾਂ ਦਾ ਤਰੀਕਾ ਸੀ। ਸੁਨਣ ਵਾਲਿਆਂ ਨੂੰ ਲਗਦਾ ਸੀ ਕਿ ਉਹ ਉਹਨਾਂ ਨੂੰ ਫੁਸਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਚੀਖ ਕੇ ਬੋਲਣਾ ਉਹਨਾਂ ਦੀ ਆਦਤ ਨਹੀਂ ਸੀ। ਇਹ ਹੀ ਸ਼ਾਇਦ ਉਹਨਾਂ ਦੀ ਸ਼ਕਤੀ ਵੀ ਸੀ।

ਉਹ ਆਪਣੇ ਸੁਭਾਵਿਕ ਅੰਦਾਜ ਵਿੱਚ ਬੋਲਦੇ ਰਹੇ, ''ਦੇਸ਼ ਭਗਤੀ ਵਾਸਤੇ ਇਹ ਸਰਵ-ਉੱਚ ਪੁਰਸਕਾਰ ਹੈ ਅਤੇ ਮੈਨੂੰ ਮਾਣ ਹੈ ਕਿ ਮੈਂ ਇਹ ਪੁਰਸਕਾਰ ਪ੍ਰਾਪਤ ਕਰਨ ਜਾ ਰਿਹਾ ਹਾਂ। ਉਹ ਸੋਚਦੇ ਹਨ ਕਿ ਮੇਰੇ ਨਾਸ਼ਵਾਨ ਸਰੀਰ ਨੂੰ ਨਸ਼ਟ ਕਰਕੇ ਉਹ ਇਸ ਦੇਸ਼ ਵਿੱਚ ਸੁਰੱਖਿਅਤ ਰਹਿ ਜਾਣਗੇ। ਇਹ ਉਹਨਾਂ ਦੀ ਭੁੱਲ ਹੈ। ਉਹ ਮੈਨੂੰ ਮਾਰ ਸਕਦੇ ਹਨ, ਪਰ ਮੇਰੇ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਉਹ ਮੇਰੇ ਸਰੀਰ ਨੂੰ ਕੁਚਲ ਸਕਦੇ ਹਨ, ਪਰ ਮੇਰੀਆਂ ਭਾਵਨਾਵਾਂ ਨੂੰ ਨਹੀਂ ਕੁਚਲ ਸਕਣਗੇ। ਬ੍ਰਿਟਿਸ਼ ਹਕੂਮਤ ਦੇ ਸਿਰ 'ਤੇ ਮੇਰੇ ਵਿਚਾਰ ਉਸ ਸਮੇਂ ਤੱਕ ਇੱਕ ਸਰਾਪ ਦੀ ਤਰਾਂ ਮੰਡਰਾਉਂਦੇ ਰਹਿਣਗੇ ਜਦੋਂ ਤੱਕ ਉਹ ਇੱਥੋਂ ਭੱਜਣ ਵਾਸਤੇ ਮਜ਼ਬੂਰ ਨਾ ਹੋ ਜਾਣ''।

ਭਗਤ ਸਿੰਘ ਪੂਰੇ ਲੋਰ ਵਿੱਚ ਬੋਲ ਰਹੇ ਸਨ। ਕੁੱਝ ਸਮੇਂ ਦੇ ਵਾਸਤੇ ਅਸੀਂ ਭੁੱਲ ਗਏ ਕਿ ਜੋ ਆਦਮੀ ਸਾਡੇ ਸਾਹਮਣੇ ਬੈਠਾ ਹੈ ਉਹ ਸਾਡਾ ਸਹਿਯੋਗੀ ਹੈ। ਉਹ ਬੋਲੀ ਜਾ ਰਹੇ ਸਨ, ''ਪਰ ਇਹ ਤਸਵੀਰ ਦਾ ਸਿਰਫ ਇੱਕ ਪਾਸਾ ਹੈ। ਦੂਜਾ ਪਾਸਾ ਵੀ ਉਨਾ ਹੀ ਰੋਸ਼ਨ ਹੈ। ਬ੍ਰਿਟਿਸ਼ ਹਕੂਮਤ ਵਾਸਤੇ ਮਰਿਆ ਹੋਇਆ ਭਗਤ ਸਿੰਘ ਜਿਉਂਦੇ ਭਗਤ ਸਿੰਘ ਤੋਂ ਵੱਧ ਖਤਰਨਾਕ ਹੋਵੇਗਾ। ਮੈਨੂੰ ਫਾਂਸੀ ਹੋ ਜਾਣ ਤੋਂ ਬਾਅਦ ਮੇਰੇ ਇਨਕਲਾਬੀ ਵਿਚਾਰਾਂ ਦੀ ਮਹਿਕ ਸਾਡੇ ਇਸ ਮਨੋਹਰ ਦੇਸ਼ ਦੇ ਵਾਤਾਵਰਣ ਵਿੱਚ ਘੁਲ ਮਿਲ ਜਾਵੇਗੀ। ਉਹ ਨੌਜਵਾਨਾਂ ਨੂੰ ਮਦਹੋਸ਼ ਕਰੇਗੀ ਅਤੇ ਉਹ ਅਜ਼ਾਦੀ ਅਤੇ ਇਨਕਲਾਬ ਦੇ ਵਾਸਤੇ ਦੀਵਾਨੇ ਹੋ ਜਾਣਗੇ। ਨੌਜਵਾਨਾਂ ਦਾ ਇਹ ਦੀਵਾਨਾਪਣ ਹੀ ਬ੍ਰਿਟਿਸ਼ ਸਾਮਰਾਜਵਾਦੀਆਂ ਨੂੰ ਵਿਨਾਸ਼ ਦੇ ਕੰਢੇ ਤੱਕ ਪੁਚਾ ਦੇਵੇਗਾ। ਇਹ ਮੇਰਾ ਦ੍ਰਿੜ ਵਿਸ਼ਵਾਸ਼ ਹੈ। ਮੈਂ ਬੇਸਬਰੀ ਨਾਲ਼ ਉਸ ਦਿਨ ਦੀ ਉਡੀਕ ਕਰ ਰਿਹਾ ਹਾਂ ਜਦੋਂ ਮੈਨੂੰ ਦੇਸ਼ ਵਾਸਤੇ ਮੇਰੀਆਂ ਸੇਵਾਵਾਂ ਅਤੇ ਲੋਕਾਂ ਲਈ ਮੇਰੇ ਪਿਆਰ ਦਾ ਸਰਬ ਉੱਚ ਪੁਰਸਕਾਰ ਮਿਲੇਗਾ''।

ਭਗਤ ਸਿੰਘ ਦੀ ਭਵਿੱਖਬਾਣੀ ਇੱਕ ਸਾਲ ਅੰਦਰ ਹੀ ਸੱਚ ਸਾਬਿਤ ਹੋਈ। ਉਹਨਾਂ ਦਾ ਨਾਂ ਮੌਤ ਨੂੰ ਵੰਗਾਰਨ ਵਾਲੇ ਸਾਹਸ, ਬਲੀਦਾਨ, ਦੇਸ਼ ਭਗਤੀ ਅਤੇ ਸੰਕਲਪਸ਼ੀਲਤਾ ਦਾ ਪ੍ਰਤੀਕ ਬਣ ਗਿਆ। ਸਮਾਜਵਾਦੀ ਸਮਾਜ ਦੀ ਸਥਾਪਨਾ ਦਾ ਉਹ ਸੁਪਨਾ ਪੜ੍ਹੇ ਲਿਖੇ ਨੌਜਵਾਨਾਂ ਦਾ ਸੁਪਨਾ ਬਣ ਗਿਆ ਅਤੇ 'ਇਨਕਲਾਬ ਜ਼ਿੰਦਾਬਾਦ' ਦਾ ਉਹਨਾਂ ਦਾ ਨਾਹਰਾ ਸਮੁੱਚੀ ਕੌਮ ਦਾ ਯੁੱਧ ਨਾਦ ਬਣ ਗਿਆ। 1930-32 ਵਿੱਚ ਲੋਕ ਇੱਕ ਹੋ ਕੇ ਉੱਠ ਖੜ੍ਹੇ ਹੋਏ। ਜੇਲ੍ਹਾਂ, ਕੋੜੇ, ਅਤੇ ਡਾਂਗਾਂ ਦੀਆਂ ਸੱਟਾਂ ਉਹਨਾਂ ਦੇ ਮਨੋਬਲ ਨੂੰ ਤੋੜ ਨਹੀਂ ਸਕੀਆਂ। ਇਹ ਹੀ ਭਾਵਨਾ, ਇਸਤੋਂ ਵੀ ਉੱਚੀ ਟੀਸੀ 'ਤੇ, ''ਭਾਰਤ ਛੱਡੋ'' ਅੰਦੋਲਨ ਦੌਰਾਨ ਵਿਖਾਈ ਦਿੱਤੀ ਸੀ। ਭਗਤ ਸਿੰਘ ਦਾ ਨਾਂ ਬੁੱਲਾਂ 'ਤੇ ਅਤੇ ਉਹਨਾਂ ਦਾ ਨਾਹਰਾ ਆਪਣੇ ਝੰਡਿਆਂ ਉੱਤੇ ਲਈ ਨੌਜਵਾਨਾਂ ਅਤੇ ਬੱਚਿਆਂ ਨੇ ਗੋਲੀਆਂ ਦਾ ਸਾਹਮਣਾ ਇਸ ਤਰਾਂ ਕੀਤਾ ਜਿਵੇਂ ਉਹ ਮੱਖਣ ਦੀਆਂ ਬਣੀਆਂ ਹੋਣ। ਸਾਰਾ ਦੇਸ਼ ਪਾਗਲ ਹੋ ਗਿਆ ਸੀ ਅਤੇ ਫੇਰ ਆਇਆ 1945-46 ਦਾ ਦੌਰ ਜਦੋਂ ਸੰਸਾਰ ਨੇ ਇੱਕ ਬਿਲਕੁਲ ਨਵੇਂ ਭਾਰਤ ਨੂੰ ਅੰਗੜਾਈਆਂ ਲੈਂਦੇ ਵੇਖਿਆ। ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ, ਜਲ ਸੈਨਾ, ਥਲ ਸੈਨਾ, ਹਵਾਈ ਸੈਨਾ ਅਤੇ ਪੁਲਿਸ ਤੱਕ ਸਭ ਆਖਰੀ ਹੱਲਾ ਬੋਲਣ ਲਈ ਵਿਆਕੁਲ ਸਨ। ਗੈਰ ਸਰਗਰਮ ਵਿਰੋਧ ਦੀ ਥਾਂ ਸਰਗਰਮ ਜਵਾਬੀ ਹਮਲੇ ਨੇ ਲੈ ਲਈ ਸੀ। ਬਲੀਦਾਨ ਅਤੇ ਤਸੀਹਿਆਂ ਨੂੰ ਬਰਦਾਸ਼ਤ ਕਰਨ ਦੀ ਜੋ ਭਾਵਨਾ 1930-31 ਤੱਕ ਥੋੜ੍ਹੇ ਜਿਹੇ ਨੌਜਵਾਨਾਂ ਤੱਕ ਸੀਮਤ ਸੀ, ਹੁਣ ਸਮੁੱਚੇ ਲੋਕਾਂ ਵਿੱਚ ਦਿਖਾਈ ਦੇ ਰਹੀ ਸੀ। ਵਿਦਰੋਹ ਦੀ ਭਾਵਨਾ ਨੇ ਸਾਰੇ ਦੇਸ਼ ਨੂੰ ਆਪਣੇ ਲਪੇਟ ਵਿੱਚ ਜਕੜ ਲਿਆ ਸੀ। ਭਗਤ ਸਿੰਘ ਨੇ ਠੀਕ ਹੀ ਤਾਂ ਆਖਿਆ ਸੀ, 'ਭਾਵਨਾ ਕਦੇ ਨਹੀਂ ਮਰਦੀ ।'' ਅਤੇ ਉਸ ਸਮੇਂ ਵੀ ਉਹ ਮਰੀ ਨਹੀਂ ਸੀ।

(**'ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ'** ਨਾਮਕ ਲੇਖ ਦਾ ਇੱਕ ਅੰਸ਼)

ਜਨਮ ਦਿਨ (9 ਸਤੰਬਰ) 'ਤੇ ਵਿਸ਼ੇਸ਼

ਯੁੱਧ ਅਤੇ ਸ਼ਾਂਤੀ

ਅਵਤਾਰ ਪਾਸ਼

ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ
ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ
ਉਂਝ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ
ਅਸੀਂ ਦੋ ਰੋਟੀਆਂ ਤੇ ਮਾੜੀ ਜਿਹੀ ਰਜਾਈ ਬਦਲੇ
ਯੁੱਧ ਦੇ ਅਕਾਰ ਨੂੰ ਸੁੰਗੋੜਨਾ ਚਾਹਿਆ
ਅਸੀਂ ਬੇਅਣਖੀ ਦੀਆਂ ਤੰਦਾਂ 'ਚ ਅਮਨ ਵਰਗਾ ਕੁਝ ਉਣਦੇ ਰਹੇ
ਅਸੀਂ ਬਰਛੀ ਦੇ ਵਾਂਗ ਹੱਡਾਂ ਵਿੱਚ ਖੁੱਭੇ ਹੋਏ ਸਾਲਾਂ ਨੂੰ ਉਮਰ ਕਹਿੰਦੇ ਰਹੇ
ਜਦ ਹਰ ਘੜੀ ਕਿਸੇ ਬਿਫ਼ਰੇ ਸ਼ਰੀਕ ਵਾਂਗ ਸਿਰ 'ਤੇ ਗੜ੍ਹਕਦੀ ਰਹੀ
ਅਸੀਂ ਸੰਦੂਕ ਵਿੱਚ ਲੁਕ ਲੁਕ ਕੇ ਯੁੱਧ ਨੂੰ ਟਾਲਦੇ ਰਹੇ।

ਯੁੱਧ ਤੋਂ ਬਚਣ ਦੀ ਲਾਲਸਾ 'ਚ ਬਹੁਤ ਨਿੱਕੇ ਹੋ ਗਏ ਅਸੀਂ
ਕਦੇ ਤਾਂ ਹੰਭੇ ਹੋਏ ਪਿਓ ਨੂੰ 'ਅੰਨ ਖਾਣੇ ਬੁੜ੍ਹੇ' ਦਾ ਨਾਮ ਦਿੱਤਾ
ਕਦੇ ਫਿਕਰਾਂ ਗ੍ਰਸੀ ਤੀਵੀਂ ਨੂੰ 'ਚੁੜੇਲ' ਦਾ ਸਾਇਆ ਕਿਹਾ
ਸਦਾ ਦਿਸਹੱਦੇ 'ਤੇ ਨਿਲਾਮੀ ਦੇ ਦ੍ਰਿਸ਼ ਤਰਦੇ ਰਹੇ
ਤੇ ਅਸੀਂ ਸੁਬਕ ਜਹੀਆਂ ਧੀਆਂ ਦੀਆਂ ਅੱਖਾਂ 'ਚ ਅੱਖ ਪਾਉਣੋਂ ਡਰੇ
ਯੁੱਧ ਸਾਡੇ ਸਿਰਾਂ 'ਤੇ ਆਕਾਸ਼ ਵਾਂਗ ਛਾਇਆ ਰਿਹਾ
ਅਸੀਂ ਧਰਤੀ 'ਚ ਪੁੱਟੇ ਭੋਰਿਆਂ ਨੂੰ ਮੋਰਚੇ ਵਿੱਚ ਬਦਲਣੋਂ ਜਕਦੇ ਰਹੇ।

ਡਰ ਕਦੇ ਸਾਡੇ ਹੱਥਾਂ 'ਤੇ ਵਗਾਰ ਬਣ ਕੇ ਉੱਗ ਆਇਆ
ਡਰ ਕਦੇ ਸਾਡੇ ਸਿਰਾਂ ਉੱਤੇ ਪੱਗ ਬਣ ਕੇ ਸਜ ਗਿਆ
ਡਰ ਕਦੇ ਸਾਡੇ ਮਨਾਂ ਅੰਦਰ ਸੁਹਜ ਬਣ ਕੇ ਮਹਿਕਿਆ
ਡਰ ਕਦੇ ਰੂਹਾਂ 'ਚ ਸੱਜਣਤਾਈ ਬਣ ਗਿਆ
ਕਦੇ ਬੁੱਲ੍ਹਾਂ 'ਤੇ ਚੁਗਲੀ ਬਣ ਕੇ ਬੁਰੜਾਇਆ
ਅਸੀਂ ਹੇ ਜ਼ਿੰਦਗੀ, ਜਿਨ੍ਹਾਂ ਯੁੱਧ ਨਹੀਂ ਕੀਤਾ
ਤੇਰੇ ਬੜੇ ਮੱਕਾਰ ਪੁੱਤਰ ਹਾਂ।

ਯੁੱਧ ਤੋਂ ਬਚਣ ਦੀ ਲਾਲਸਾ ਨੇ
ਸਾਨੂੰ ਲਿਤਾੜ ਦਿੱਤਾ ਘੋੜਿਆਂ ਦੇ ਸੁੰਬਾਂ ਹੇਠ,
ਅਸੀਂ ਸ਼ਾਂਤੀ ਲਈ ਰੀਂਘਦੇ ਰਹੇ
ਉਹ ਸ਼ਾਂਤੀ ਬਘਿਆੜਾਂ ਦੇ ਜੁਬਾੜਿਆਂ ਵਿੱਚ
ਸਵਾਦ ਬਣ ਕੇ ਟਪਕਦੀ ਰਹੀ।
ਸ਼ਾਂਤੀ ਕਿਤੇ ਨਹੀਂ ਹੰਦੀ–
ਰੂਹਾਂ 'ਚ ਲੁਕੇ ਗਿੱਦੜਾਂ ਦਾ ਹਵਾਂਕਣਾ ਹੀ ਸਭ ਕੁਝ ਹੈ।
ਸ਼ਾਂਤੀ–
ਗੋਡਿਆਂ ਵਿੱਚ ਧੌਣ ਦੇ ਕੇ ਜ਼ਿੰਦਗੀ ਨੂੰ ਸੁਫ਼ਨੇ ਵਿੱਚ ਦੇਖਣ ਦਾ ਯਤਨ ਹੈ।
ਸ਼ਾਂਤੀ ਗੁਪਤਵਾਸ ਸਾਥੀ ਤੋਂ ਅੱਖ ਬਚਾਉਣ ਲਈ
ਸੜਕ ਕੰਢਲੇ ਨਾਲ਼ੇ ਵਿੱਚ ਨਿਓਂ ਜਾਣਾ ਹੀ ਸਭ ਕੁਝ ਹੈ।
ਸ਼ਾਂਤੀ ਕਿਤੇ ਨਹੀਂ ਹੁੰਦੀ
ਨਾਅਰਿਆਂ ਦੀ ਗਰਜ ਤੋਂ ਘਬਰਾ ਕੇ
ਆਪਣੀ ਚੀਕ 'ਚੋਂ ਸੰਗੀਤ ਦੇ ਅੰਸ਼ਾਂ ਨੂੰ ਲੱਭਣਾ ਹੀ ਸਭ ਕੁਝ ਹੈ
ਹੋਰ ਸ਼ਾਂਤੀ ਕਿਤੇ ਨਹੀਂ ਹੁੰਦੀ।

ਤੇਲ ਘਾਟੇ ਸੜਦੀਆਂ ਫ਼ਸਲਾਂ
ਬੈਂਕ ਦੀਆਂ ਮਿਸਲਾਂ ਦੇ ਜਾਲ ਅੰਦਰ ਫੜਫੜਾਉਂਦੇ ਪਿੰਡ
ਤੇ ਸ਼ਾਂਤੀ ਲਈ ਫੈਲੀਆਂ ਬਾਹਾਂ
ਸਾਡੇ ਯੁੱਗ ਦਾ ਸਭ ਤੋਂ ਕਮੀਨਾ ਚੁਟਕਲਾ ਹੈ

ਸ਼ਾਂਤੀ ਵੀਣੀ 'ਚ ਖੁੱਭੀ ਵੰਗ ਦਾ ਹੰਝੂ ਜੇਡਾ ਜ਼ਖਮ ਹੈ,
ਸ਼ਾਂਤੀ ਢੋਏ ਫਾਟਕ ਪਿੱਛੇ ਮੱਛਰੀਆਂ ਹਵੇਲੀਆਂ ਦਾ ਹਾਸਾ ਹੈ,
ਸ਼ਾਂਤੀ ਸੱਥਾਂ 'ਚ ਰੁਲਦੀਆਂ ਦਾਹੜੀਆਂ ਦਾ ਹਉਕਾ ਹੈ
ਹੋਰ ਸ਼ਾਂਤੀ ਕੁਝ ਨਹੀਂ ਹੈ।
ਸ਼ਾਂਤੀ ਦੁੱਖਾਂ ਤੇ ਸੁੱਖਾਂ ਵਿੱਚ ਬਣੀ
ਸਰਹੱਦ ਉਤਲੇ ਸੰਤਰੀ ਦੀ ਰਫ਼ਲ ਹੈ
ਸਾਂਤੀ ਚਗਲੇ ਹੋਏ ਵਿਦਵਾਨਾਂ ਦੇ ਮੂੰਹਾਂ 'ਚੋਂ ਡਿਗਦੀ ਰਾਲ਼ ਹੈ
ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ
ਵਧੀਆਂ ਹੋਈਆਂ ਬਾਹਾਂ ਦਾ ਟੁੰਡ ਹੈ
ਸਾਂਤੀ ਵਜੀਰਾਂ ਦੇ ਪਹਿਨੇ ਹੋਏ ਖੱਦਰ ਦੀ ਚਮਕ ਹੈ
ਸ਼ਾਂਤੀ ਹੋਰ ਕੁਝ ਨਹੀਂ ਹੈ
ਜਾਂ ਸ਼ਾਂਤੀ ਗਾਂਧੀ ਦਾ ਜਾਂਘੀਆ ਹੈ
ਜਿਸ ਦੀਆਂ ਤਣੀਆਂ ਨੂੰ ਚਾਲ਼ੀ ਕਰੋੜ ਬੰਦੇ ਫਾਹੇ ਲਾਉਣ ਖ਼ਾਤਰ
ਵਰਤਿਆ ਜਾ ਸਕਦਾ ਹੈ

ਸ਼ਾਂਤੀ ਮੰਗਣ ਦਾ ਅਰਥ
ਯੁੱਧ ਨੂੰ ਜ਼ਲੀਲਤਾ ਦੇ ਪੱਧਰ 'ਤੇ ਲੜਨਾ ਹੈ
ਸ਼ਾਂਤੀ ਕਿਤੇ ਨਹੀਂ ਹੁੰਦੀ ਹੈ।

ਯੁੱਧ ਤੋਂ ਬਿਨਾਂ ਅਸੀਂ ਬਹੁਤ 'ਕੱਲੇ ਹਾਂ
ਆਪਣੇ ਹੀ ਮੂਹਰੇ ਦੌੜਦੇ ਹੋਏ ਹਫ਼ ਰਹੇ ਹਾਂ
ਯੁੱਧ ਤੋਂ ਬਿਨਾਂ ਬਹੁਤ ਸੀਮਤ ਹਾਂ ਅਸੀਂ
ਬੱਸ ਹੱਥ ਭਰ 'ਚ ਹੀ ਮੁੱਕ ਜਾਂਦੇ ਹਾਂ
ਯੁੱਧ ਤੋਂ ਬਿਨਾਂ ਅਸੀਂ ਦੋਸਤ ਨਹੀਂ ਹਾਂ
ਝੂਠੇ ਮੂਠੇ ਜਜ਼ਬਿਆਂ ਦਾ ਖੱਟਿਆ ਖਾਂਦੇ ਹਾਂ

ਯੁੱਧ ਇਸ਼ਕ ਦੀ ਸਿਖਰ ਦਾ ਨਾਂ ਹੈ
ਯੁੱਧ ਲਹੂ ਦੇ ਲਾਡ ਦਾ ਨਾਂ ਹੈ
ਯੁੱਧ ਜੀਣ ਦੇ ਨਿੱਘ ਦਾ ਨਾਂ ਹੈ
ਯੁੱਧ ਕੋਮਲ ਹਸਰਤਾਂ ਦੀ ਮਾਲਕੀ ਦਾ ਨਾਂ ਹੈ
ਯੁੱਧ ਅਮਨ ਦੇ ਸ਼ੁਰੂ ਦਾ ਨਾਂ ਹੈ
ਯੁੱਧ ਵਿੱਚ ਰੋਟੀ ਦੇ ਹੁਸਨ ਨੂੰ
ਨਿਹਾਰਨ ਜਿਹੀ ਸੂਖਮਤਾ ਹੈ
ਯੁੱਧ ਵਿੱਚ ਸ਼ਰਾਬ ਨੂੰ ਸੁੰਘਣ ਜਿਹਾ ਅਹਿਸਾਸ ਹੈ

ਯੁੱਧ ਇੱਕ ਯਾਰੀ ਲਈ ਵਧਿਆ ਹੱਥ ਹੈ
ਯੁੱਧ ਕਿਸੇ ਮਹਿਬੂਬ ਲਈ ਅੱਖਾਂ 'ਚ ਲਿਖਿਆ ਖ਼ਤ ਹੈ
ਯੁੱਧ ਕੁੱਛੜ 'ਚ ਆਏ ਹੋਏ ਬੱਚੇ ਦੀਆਂ
ਮਾਂ ਦੇ ਦੁੱਧ ਤੇ ਟਿਕੀਆਂ ਮਾਸੂਮ ਉਂਗਲਾਂ ਹਨ

ਯੁੱਧ ਕਿਸੇ ਕੁੜੀ ਦੀ ਪਹਿਲੀ
ਹਾਂ ਦੇ ਵਰਗੀ 'ਨਾਂਹ' ਹੈ
ਯੁੱਧ ਆਪਣੇ ਆਪ ਨੂੰ ਮੋਹ ਭਿੱਜਿਆ ਸੰਬੋਧਨ ਹੈ

ਯੁੱਧ ਸਾਡੇ ਬੱਚਿਆਂ ਲਈ
ਪਿੜੀਆਂ ਵਾਲ਼ੀ ਖਿੱਦੋ ਬਣ ਕੇ ਆਏਗਾ
ਯੁੱਧ ਕਿਸੇ ਕੁੜੀ ਦੀ ਪਹਿਲੀ
ਹਾਂ ਦੇ ਵਰਗੀ 'ਨਾਂਹ' ਹੈ
ਯੁੱਧ ਆਪਣੇ ਆਪ ਨੂੰ ਮੋਹ ਭਿੱਜਿਆ ਸੰਬੋਧਨ ਹੈ

ਯੁੱਧ ਸਾਡੇ ਬੱਚਿਆਂ ਲਈ
ਪਿੜੀਆਂ ਵਾਲ਼ੀ ਖਿੱਦੋ ਬਣ ਕੇ ਆਏਗਾ
ਯੁੱਧ ਸਾਡੀਆਂ ਭੈਣਾਂ ਲਈ



ਕਢਾਈ ਦੇ ਸੁੰਦਰ ਨਮੂਨੇ ਲਿਆਏਗਾ
ਯੁੱਧ ਸਾਡੀਆਂ ਬੀਵੀਆਂ ਦੇ ਥਣਾਂ ਅੰਦਰ
ਦੁੱਧ ਬਣ ਕੇ ਉਤਰੇਗਾ
ਯੁੱਧ ਬੁੱਢੀ ਮਾਂ ਲਈ ਨਿਗ੍ਹਾ ਦੀ ਐਨਕ ਬਣੇਗਾ
ਯੁੱਧ ਸਾਡਿਆਂ ਵੱਡਿਆਂ ਦੀਆਂ ਕਬਰਾਂ ਉੱਤੇ
ਫੁੱਲ ਬਣ ਕੇ ਖਿੜੇਗਾ

ਵਕਤ ਬੜਾ ਚਿਰ
ਕਿਸੇ ਬੇਕਾਬੂ ਘੋੜੇ ਵਰਗਾ ਰਿਹਾ ਹੈ
ਜੋ ਸਾਨੂੰ ਘਸੀਟਦਾ ਹੋਇਆ ਜ਼ਿੰਦਗੀ ਤੋਂ ਬਹੁਤ ਦੂਰ ਲੈ ਗਿਆ ਹੈ
ਕੁਝ ਨਹੀਂ ਬਸ ਯੁੱਧ ਹੀ ਇਸ ਘੋੜੇ ਦੀ ਲਗਾਮ ਬਣ ਸਕੇਗਾ
ਬੱਸ ਯੁੱਧ ਹੀ ਇਸ ਘੋੜੇ ਦੀ ਲਗਾਮ ਬਣ ਸਕੇਗਾ।

ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦੀ ਇੱਕ ਨਜ਼ਮ

ਬੁਸ਼ ਅਤੇ ਬਗਦਾਦ

ਨਦੀਆਂ ਦੇ ਪਾਣੀਆਂ ਦੀ ਸਾਂਝ ਤੇਰੀ ਮੇਰੀ
ਜਾਰਡਨ ਹੋਵੇ ਜਾਂ ਨੀਲ
ਬਸਰਾ ਹੋਵੇ ਜਾਂ ਗੁਜਰਾਤ
ਸਾਡੀ ਤਾਂ ਏਵੇਂ ਨੇੜਤਾ ਹੈ ਜਿਵੇਂ ਦਿਨ ਰਾਤ।
ਉਹ ਸ਼ਹਿਰ ਇਬਰਾਹਿਮ ਦਾ
ਨਨਕਾਣਾ ਸ਼ਹਿਰ ਨਾਨਕ ਦਾ
ਫਰਾਤ ਦੇ ਪਾਣੀਆਂ ਦੇ ਕੰਢੇ ਬੇਬੀਲੋਨ ਸ਼ਹਿਰ
ਬਘਿਆੜ ਤੇ ਲੇਲੇ ਦੀ ਆਦਿ ਕਹਾਣੀ ਵਿੱਚ
ਅੱਜ ਵੀ ਹੈ ਮਾਸੂਮ ਲੇਲਾ ਕਸੂਰਵਾਰ
ਏਥੇ ਵੀ ਓਹੋ ਕਹਾਣੀ, ਓਹੋ ਛਾਂਟਾ, ਓਹੋ ਕਹਿਰ।
ਰੁਮਕਦੀਆਂ ਪੌਣਾਂ ਲਈ ਨਹੀਂ ਬਣੀ ਹਾਲੀ ਕੋਈ ਦੀਵਾਰ
ਉਦਾਸ ਨੇ ਫਾਰਸ ਦੀ ਖਾੜੀ ਦੀਆਂ ਲਹਿਰਾਂ
ਸਮੁੰਦਰੀ ਡਾਕੂ, ਜੰਗੀ ਬੇੜੇ, ਪਣਡੁੱਬੀਆਂ ਲੱਠਮਾਰ।
ਜਿਸ ਧਰਤੀ ਦਾ ਕਦੀ ਪਾਣੀ ਭਰਦਾ ਸੀ ਸੂਰਜ, ਨਹੀਂ ਹੁੰਦੀ ਸੀ ਰਾਤ
ਸੁਪਰ ਪੁਲਸੀਏ ਦੇ ਪੈਰਾਂ ਉੱਤੇ ਵਿਛੀ ਪਈ ਹੈ
ਉਹ ਯੈਕ-ਭੂਮੀ, ਬਣੀ ਕੋਹੜੀ ਰਾਤ।
ਤੁਹਾਡੇ ਪਾਸ ਹਨ—ਹਲਾਕੂ ਅਤੇ ਹਿਟਲਰ, ਯਾਹੀਆ ਅਤੇ ਅਬਦਾਲੀ
ਬਲੇਅਰ ਅਤੇ ਹਾਵਾਰਡ, ਬੁਸ਼ ਅਤੇ ਮੋਦੀ
ਸਾਡੇ ਪਾਸ ਹਨ—ਗੋਬਿੰਦ ਅਤੇ ਗਦਰ, ਪਾਬਲੋ ਅਤੇ ਪਾਸ਼
ਨਾਜ਼ਮ, ਨਜ਼ਰੁਲ, ਲੈਨਿਨ
ਜਾਰੀ ਹੈ, ਜੁੰਗਨੂਆਂ ਦੀ ਜੰਗ, ਦੋਜ਼ਖੀ ਹਨ੍ਹੇਰਿਆਂ ਦੇ ਨਾਲ਼।
ਤੁਹਾਨੂੰ ਚਾਹੀਦੇ ਹਨ, ਸੌਦੀ ਕਤਰੀ ਕੁਵੈਤੀ ਦਰਬਾਨ, ਪਿੱਠੂ ਤਾਬਿਆਦਾਰ।
ਤੁਹਾਡਾ ਪਿਆਰ ਹੈ ਉਜਾੜ ਤੇ ਉੱਲੂਆਂ ਦੇ ਨਾਲ਼।
ਬਗਦਾਦ ਲਿਫੇਗਾ ਨਹੀਂ ਝੁਕੇਗਾ ਨਹੀਂ ਕੱਟ ਜਾਵੇਗਾ,
ਭਾਵੇਂ ਜਵਾਂ ਮਰਦੀ ਦੇ ਨਾਲ਼।
ਜਰਵਾਣੇ ਜੰਗਲ ਦਾ ਰਾਜ ਹੈ, ਘੂਕ ਸੱਤੇ ਪਏ ਹਨ ਸੰਸਾਰ ਦੇ ਪਹਿਰੇਦਾਰ।
ਚੁੱਖ-ਚੁੱਪ ਤੁਰਦੇ ਨੇ ਅਣਗਿਣਤ ਅਰਬਾਂ ਦੇ ਦਰਦ ਬਗਦਾਦ ਦੇ ਨਾਲ਼-ਨਾਲ਼
ਬਾਰ੍ਹਾਂ ਸਾਲ ਨਹੀਂ ਬਾਰ੍ਹਾਂ ਸਦੀਆਂ ਤੁਸੀਂ ਮੈਸੋਪੋਟਾਮੀਆਂ ਨੂੰ ਕੀਤਾ ਜ਼ਲੀਲ।
ਬੇਬੀਲੋਨ ਅਤੇ ਸਪਤਸਿੰਧੂ ਦੇ ਵਿਰਾਸਤੀ ਸੱਭਿਅਤਾ-ਭੰਗੂੜੇ 'ਚ ਤੁਸੀਂ ਕੀਤਾ ਛੇਕ।
ਬੱਚਿਆਂ ਦੀ ਮਾਸੂਮੀਅਤ ਦੇ ਕਾਤਲ
ਜਲਜੀਵਾਂ ਦੇ ਮੂੰਹ ਵਿੱਚ ਜ਼ਹਿਰ ਭਰੇ ਪਾਣੀ
ਤੁਸੀਂ ਪੰਛੀਆਂ ਦੀ ਪਰਵਾਜ਼ ਖੋਹੀ
ਗਵਾਚ ਗਈ ਪੱਤਿਆਂ ਉੱਤੇ ਤਰਦੀ ਚਾਂਦਨੀ ਦੀ ਕਹਾਣੀ
ਤੇਲ ਖੂੰਹਾਂ ਨੂੰ ਲਾਉਂਦੇ ਹਨ ਅੱਗ ਤੁਹਾਡੇ ਸੁਪਰਸਾਨਕ ਜੈਟ ਬੰਬਾਰ
ਧੂੰਆਂਖਿਆ ਗਿਆ ਹੈ ਧਰਤੀ ਦਾ ਮੱਥਾ
ਚੰਦ ਫੇਰ ਵੀ ਚੜ੍ਹੇਗਾ।
ਬਗਦਾਦ ਦੇ ਜੇਰੇ ਜੁਰੱਅਤ ਦੀ ਕਹਾਣੀ ਕਹੇਗਾ।
ਜੱਜ ਆਪ ਹੀ ਜਲਾਦ, ਇੱਕ ਧੁਰਾ ਧਾੜਵੀ
ਉਸਾਰ ਰਿਹਾ ਹੈ ਨਿੱਤ ਨਵੇਂ ਮਾਰੂ ਹਥਿਆਰਾਂ ਦੇ ਅੰਬਾਰ
ਮੈਕਾਇਵਲੀ ਵਾਲ਼ਾ ਧੌਂਸੀ ਤਰਕ ਤੇਰਾ।
ਗੋਇਬਲਜ਼ ਵਾਲ਼ਾ ਸੱਚ ਦਾ ਖੰਜਰ ਹੰਕਾਰ
ਵਾਰ-ਵਾਰ ਤਲਾਸ਼ੀ ਲਈ ਬਲਿਕਸੀ ਸੂਹੀਆਂ ਨੇ
ਬਾਹਰ ਵੀ ਅੰਦਰ ਵੀ, ਜਮੀਨ ਦਰਾਜ਼, ਨਾਲੇ ਅੰਬਾਰ
ਪਰ ਨਾ ਝੁਕਾ ਸਕੇ ਸਾਡੀ ਜ਼ਮੀਰ ਦਾ ਬੁਲੰਦ ਮੰਦਰ।
ਨਵੀਆਂ ਲਾਸ਼ਾਂ ਵਿਛਾਉਣ ਤੋਂ ਪਹਿਲਾਂ, ਹੋਵੋ ਨਾ ਹੁਉਂ-ਖੀਵੇ
ਹੋ ਚੀ ਮਿੰਨ੍ਹ ਦੀ ਧਰਤੀ ਉੱਤੇ ਖਿਲਰੀਆਂ ਗਿਣ ਆਵੋ ਫੇਰ
ਆਪਣੀਆਂ ਕਬਰਾਂ, ਬੁਝੇ ਦੀਵੇ
ਰਸਾਇਣਿਕ ਜੈਵਿਕ ਹਥਿਆਰਾਂ ਦੇ ਵਪਾਰੀ ਤੁਸੀਂ,
ਮੁਨਾਫ਼ਾਖੋਰ ਦਲਾਲ ਮੰਡੀ ਚੋਰ
ਕੀ ਜਾਣੋ ਤੁਸੀਂ ਹਾਸੇ ਦੀ ਬੋਲੀ, ਬੱਚਿਆਂ ਦੀ ਕਿਲਕਾਰੀ
ਜ਼ਜ਼ਬਿਆਂ ਦਾ ਰੰਗ, ਪੰਛੀਆਂ ਦੀ ਸਾਗਰ ਪਾਰ ਕਰਨ ਲਈ ਉਡਾਰੀ
ਸਾਡੀ ਸਾਂਝ ਹੈ ਰੌਸ਼ਨੀ ਦੇ ਸਫ਼ਰ ਦੀ, ਅੱਖਾਂ ਦੀ ਦੂਰ ਦੀ ਨਜ਼ਰ ਦੀ।
ਆਹਾਂ ਦਾ ਸੇਕ ਸਾਂਝਾ, ਥਲ ਦੀ ਤਪਸ਼ ਸਮਾਨ
ਸਾਂਝ ਪੌਣਾਂ ਦੀਆਂ ਤਰੰਗਾਂ ਦੀ, ਲਹਿਰਾਂ ਦੀਆਂ ਉਮੰਗਾਂ ਦੀ
ਫੈਲੀਆਂ ਵਾਤਾਵਰਨ ਵਿੱਚ ਚੰਭੀ ਜੰਗ ਦੀਆਂ ਜ਼ਹਿਰਾਂ
ਤਿਆਰ ਨੇ ਫਾਰਸ ਦੀ ਖਾੜੀ ਦੀਆਂ ਜੋਬਨ ਲਹਿਰਾਂ
ਤੇਲ ਧਨ ਬਖਸ਼ਿਆ ਇਰਾਕੀਆਂ ਨੂੰ ਕੁਦਰਤ ਬਲਿਹਾਰ
ਹੁਣ ਵੀ ਲੋਕ ਹੀ ਹੋਣਗੇ ਇਤਿਹਾਸ ਦੇ ਸਿਰਜਣਹਾਰ।

106 ਵੇਂ ਜਨਮ ਦਿਨ ’ਤੇ ਵਿਸ਼ੇਸ਼

ਨਿਕੋਲਾਈ ਓਸਤਰੋਵਸਕੀ

ਐਸ. ਤ੍ਰੇਗੁਬ



ਨਿਕੋਲਾਈ ਓਸਤਰੋਵਸਕੀ

(**29 ਸਤੰਬਰ 1904—22 ਦਸੰਬਰ 1936**)

ਕਿੰਨਾ ਸ਼ਾਨਦਾਰ ਯਸ਼ ਹੈ ਜੋ ਲੇਖਕ ਨਿਕੋਲਾਈ ਓਸਤਰੋਵਸਕੀ ਆਪਣੇ ਪਿਛਾਂਹ ਛੱਡ ਗਿਆ ਹੈ। ਅੱਜ ਉਸਦੇ ਨਾਵਲ ‘ਕਬਹੂ ਨਾ ਛਾਡੇ ਖੇਤ’ ਦਾ ਨੌਜਵਾਨ ਨਾਇਕ, ਕਾਲ਼ੀਆਂ-ਕਾਲ਼ੀਆਂ ਅੱਖਾਂ ਵਾਲ਼ਾ ਪਾਵੇਲ ਕੋਰਚਾਗਿਨ, ਸੰਸਾਰ ਭਰ ਦੇ, ਹਰ ਦੇਸ਼ ਅਤੇ ਕੌਮ ਦੇ ਹਜ਼ਾਰਾਂ-ਹਜ਼ਾਰ ਮਰਦ-ਔਰਤਾਂ ਅਤੇ ਬੱਚਿਆਂ ਲਈ ਜਿੰਦਗੀ ਭਰ ਦਾ ਸਾਥੀ ਬਣ ਗਿਆ ਹੈ, ਅਜਿਹਾ ਸਾਥੀ ਜੋ ਆਪਣੇ ਪੱਕੇ ਇਰਾਦੇ ਅਤੇ ਹੌਸਲੇ ਨਾਲ਼, ਜਿੰਦਗੀ ਲਈ ਆਪਣੇ ਅਜਿੱਤ ਪਿਆਰ ਨਾਲ਼, ਔਖਿਆਈਆਂ ਨਾਲ਼ ਜੂਝਣ ਵਾਲ਼ੀ ਆਪਣੀ ਦ੍ਰਿੜਤਾ ਨਾਲ਼, ਇੱਕ ਮਿਸਾਲ ਕਾਇਮ ਕਰਕੇ ਉਹਨਾਂ ਵਿੱਚ ਹਮੇਸ਼ਾਂ ਨਵੀਂ ਰੂਹ ਫੂਕਦਾ ਰਹਿੰਦਾ ਹੈ।

ਓਸਤਰੋਵਸਕੀ ਨੇ ਇੱਕ ਜਗ੍ਹਾ ਲਿਖਿਆ ਹੈ— “ਉਹ ਮਨੁੱਖ ਬੜਾ ਖੁਸ਼ਕਿਸਮਤ ਹੈ ਜਿਸਦੀਆਂ ਰਚਨਾਵਾਂ ਉਸਦੀ ਮੌਤ ਤੋਂ ਬਾਅਦ ਵੀ ਮਨੁੱਖਤਾ ਦੀ ਸੇਵਾ ਕਰਦੀਆਂ ਰਹਿੰਦੀਆਂ ਹਨ।” ਜੇਹੀ ਕਿ ਉਸਦੀ ਜਿੰਦਗੀ ਸੀ ਅਤੇ ਜੋ ਕੰਮ ਉਸਨੇ ਕਰ ਵਿਖਾਇਆ, ਉਸ ਵਜੋਂ ਆਪਣੇ ਆਪ ਹੀ ਉਸਦੇ ਦਿਲ ਦੀ ਇੱਛਾ ਪੂਰੀ ਹੋ ਗਈ।

ਇੱਕ ਪਲ ਲਈ ਕਲਪਨਾ ਕਰੋ ਕਿ ਸਮੇਂ ਨੇ ਆਪਣੇ ਸਫ਼ੇ ਪਿੱਛੇ ਵੱਲ ਪਲਟ ਦਿੱਤੇ ਹਨ—ਕਿ ਓਸਤਰੋਵਸਕੀ ਅਜੇ ਜਿਉਂਦਾ ਹੈ। 1935 ਦਾ ਵਰ੍ਹਾ ਅਤੇ ਦਸੰਬਰ ਦਾ ਮਹੀਨਾ। ‘ਕਬਹੂ ਨਾ ਛਾਡੇ ਖੇਤ’ ਛਪ ਚੁੱਕੀ ਹੈ ਅਤੇ ਸੋਵੀਅਤ ਲੋਕਾਂ ਨੇ ਆਪਣੇ ਇੱਕ ਯੋਗ ਅਤੇ ਦੇਸ਼ਭਗਤ ਸਪੁੱਤਰ ਦੀ ਸਵਾਰਥਹੀਣ ਮਿਹਨਤ ਦੀ ਪ੍ਰਸ਼ੰਸਾ ਕੀਤੀ ਹੈ। ਓਸਤਰੋਵਸਕੀ ਨੂੰ ਲੈਨਿਨ ਤਗ਼ਮੇ ਨਾਲ਼ ਸਨਮਾਨਿਆ ਗਿਆ ਹੈ। ਹੁਣ ਉਹ ਸੋਚੀ ਤੋਂ ਮਾਸਕੋ ਆਇਆ ਹੈ ਤਾਂ ਜੋ ਆਪਣੀ ਦੂਜੀ ਕਿਤਾਬ ‘ਤੂਫਾਨਾਂ ਦੇ ਜਾਏ’ ’ਤੇ ਆਪਣਾ ਕੰਮ ਜਾਰੀ ਰੱਖ ਸਕੇ। ਤੁਸੀਂ 40, ਗੋਰਕੀ ਸਟ੍ਰੀਟ ਵਿੱਚ ਉਸਦੇ ਕਮਰਿਆਂ ਵਿੱਚ ਉਸਨੂੰ ਮਿਲਣ ਜਾਂਦੇ ਹੋ।

ਬੜੀ ਆਸ ਅਤੇ ਉਤਸ਼ਾਹ ਨਾਲ਼ ਤੁਸੀਂ ਚੌੜੀਆਂ ਪੌੜੀਆਂ ਚੜ੍ਹਦੇ ਹੋਏ ਦੂਜੀ ਮੰਜ਼ਿਲ ’ਤੇ ਪਹੁੰਚਦੇ ਹੋ, ਫਿਰ ਡਿਓਢੀ ਲੰਘ ਕੇ ਘੰਟੀ ਵਜਾਉਂਦੇ ਹੋ। ਦਰਵਾਜ਼ਾ ਖੁੱਲ੍ਹਦਾ ਹੈ। ਇਸ ਤੋਂ ਬਾਅਦ ਇੱਕ ਹੋਰ ਦਰਵਾਜ਼ਾ ਖੁੱਲ੍ਹਦਾ ਹੈ ਅਤੇ ਤੁਸੀਂ ਆਪਣੇ ਆਪ ਨੂੰ ਉਸਦੇ ਕਮਰੇ ਵਿੱਚ ਖਲੋਤੇ ਵੇਖਦੇ ਹੋ।

ਉਹ ਸਾਹਮਣੇ ਲੇਟਿਆ ਹੋਇਆ ਹੈ—ਇੱਕ ਕਮਜ਼ੋਰ ਸ਼ਰੀਰ ਵਾਲ਼ਾ ਵਿਅਕਤੀ, ਲੱਕ ਤੱਕ ਕੰਬਲ ਲਈ। ਉਸਦਾ ਕਮਜ਼ੋਰ ਪਰ ਸੰਵੇਦਨਸ਼ੀਲ ਚਿਹਰਾ—ਇੱਕ ਚਿੰਤਨਸ਼ੀਲ ਅਤੇ ਇਕਾਗਰ-ਚਿੱਤ ਕੋਸ਼ਿਸ਼ ਕਰਨ ਵਾਲ਼ੇ ਦਾ ਚਿਹਰਾ-ਕਿਸੇ ਅੰਦਰੂਨੀ ਪ੍ਰੇਰਣਾ ਨਾਲ਼ ਚਮਕ ਰਿਹਾ ਹੈ। ਉਹਦੇ ਚਿਹਰੇ ’ਤੇ ਉਸਦੇ ਅੰਦਰੂਨੀ ਵਿਚਾਰ, ਆਪਣੀ ਹਰੇਕ ਗਤੀਵਿਧੀ ਅਤੇ ਤਬਦੀਲੀ ਵਿੱਚ ਉਸੇ ਤਰ੍ਹਾਂ ਝਲਕ ਰਹੇ ਸਨ ਜਿਵੇਂ ਸ਼ੀਸ਼ੇ ਵਿੱਚ ਪ੍ਰਤੀਬਿੰਬ। ਉੱਚਾ, ਵੱਡਾ ਮੱਥਾ, ਸੱਜੇ ਭਰਵੱਟੇ ਵਿੱਚ ਇੱਕ ਡੂੰਘ, ਕਈ ਵਰ੍ਹੇ ਪਹਿਲਾਂ ਦੇ ਇੱਕ ਜ਼ਖ਼ਮ ਦਾ ਨਿਸ਼ਾਨ। ਡੂੰਘੀਆਂ ਧਸੀਆਂ ਹੋਈਆਂ ਅੱਖਾਂ ਬਿਲਕੁਲ ਖੁੱਲ੍ਹੀਆਂ ਹਨ, ਜਿਵੇਂ ਹੁਣ ਵੀ ਦੇਖ ਰਹੀਆਂ ਹੋਣ। ਉਸਨੇ ਖਾਕੀ ਰੰਗ ਦਾ ਫੌਜੀ ਕੋਟ ਪਾਇਆ ਹੋਇਆ ਹੈ। ਲੈਨਿਨ ਤਗ਼ਮਾ ਛਾਤੀ ਨਾਲ਼ ਚਮਕ ਰਿਹਾ ਹੈ।

ਕਮਰੇ ਵਿੱਚ ਥੋੜ੍ਹਾ ਜਿਹਾ ਹਨ੍ਹੇਰਾ ਹੈ, ਵੱਡੀ ਖਿੜਕੀ ਉੱਤੇ ਦੋ ਪਰਦੇ ਟੰਗੇ ਹੋਏ ਹਨ ਤਾਂ ਜੋ ਸੜਕ ਉੱਤੋਂ ਦੀਆਂ ਅਵਾਜ਼ਾਂ ਅੰਦਰ ਨਾ ਆ ਸਕਣ।

ਖੱਬੇ ਪਾਸੇ ਕੰਧ ’ਤੇ, ਪਲੰਗ ਉੱਪਰ, ਲੈਨਿਨ ਦੀ ਤਸਵੀਰ ਟੰਗੀ ਹੋਈ ਹੈ, ਸੱਜੇ ਕੋਨੇ ’ਤੇ ਇੱਕ ਮੇਜ਼ ਹੈ। ਕਮਰੇ ਵਿੱਚ ਇੱਕ ਚਮੜੇ ਦਾ ਸੋਫ਼ਾ ਹੈ, ਪਿਆਨੋ, ਕਿਤਾਬਾਂ ਦੀ ਅਲਮਾਰੀ ਅਤੇ ਹੈਨਰੀ ਬਾਰਬੂਸ ਦਾ ਬੁੱਤ।

ਪਰ ਹੁਣ ਤੁਹਾਡੇ ਕੋਲ ਇੱਧਰ-ਉੱਧਰ ਦੇਖਣ ਦਾ ਸਮਾਂ ਨਹੀਂ ਹੈ। ਤੁਹਾਡਾ ਮੇਜ਼ਬਾਨ, ਜਿਸਨੂੰ ਤੁਹਾਡੇ ਬਾਰੇ ਪਹਿਲੋਂ ਹੀ ਦੱਸ ਦਿੱਤਾ ਗਿਆ ਹੈ, ਤੁਹਾਡੇ ਨਾਲ਼ ਗੱਲਾਂ ਕਰਨ ਲੱਗ ਪਿਆ ਹੈ। ਉਸਦੀ ਅਵਾਜ਼ ਵਿੱਚ ਜੋਬਨ ਦੀ ਅੱਗ ਹੈ। ਉਹ ਤੁਹਾਨੂੰ ਆਪਣੇ ਕੋਲ਼ ਬਹਿਣ ਲਈ ਕਹਿੰਦਾ ਹੈ ਅਤੇ ਬੜੀ ਔਖਿਆਈ ਨਾਲ਼ ਸਿਰਫ਼ ਆਪਣੇ ਖੱਬੇ ਹੱਥ ਦੀ ਤਲੀ ਨੂੰ ਹਿਲਾ ਪਾਉਂਦਾ ਹੈ। ਹੁਣ ਉਸਦੇ ਸਾਰੇ ਸ਼ਰੀਰ ਦੇ ਅੰਗਾਂ ਵਿੱਚੋਂ ਸਿਰਫ਼ ਹੱਥਾਂ ਵਿੱਚ ਹੀ ਕੁਝ ਹਿਲਜੁਲ ਰਹਿ ਗਈ ਹੈ। ਨਮਸਕਾਰ ਵਜੋਂ ਉਹ ਤੁਹਾਡਾ ਹੱਥ ਦਬਾਉਂਦਾ ਹੈ ਅਤੇ ਜਿੰਨੀ ਦੇਰ ਤੱਕ ਤੁਸੀਂ ਉਸ ਕੋਲ਼ ਰਹੋਗੇ, ਉਹ ਸਾਰਾ ਸਮਾਂ ਤੁਹਾਡਾ ਹੱਥ ਆਪਣੇ ਹੱਥਾਂ ਵਿੱਚ ਰੱਖੇਗਾ।

ਤੁਸੀਂ ਸੋਚਦੇ ਹੋ ਕਿ ਸ਼ਾਇਦ ਤੁਹਾਡੇ ਹੱਥ ਨੂੰ ਇਸ ਤਰ੍ਹਾਂ ਫੜਨ ਨਾਲ਼ ਅਤੇ ਆਪਣੀਆਂ ਚੇਤੰਨ ਉਂਗਲਾਂ ਨਾਲ਼ ਉਸਨੂੰ ਦਬਾਉਂਦੇ ਰਹਿਣ ਨਾਲ਼, ਮਾਨਸਿਨ ਦ੍ਰਿਸ਼ਟੀ ਅੱਗੇ ਤੁਹਾਡੀ ਸੂਰਤ ਸਪੱਸ਼ਟ ਹੋ ਰਹੀ ਹੈ ਅਤੇ ਉਹ ਸਮਝ ਰਿਹਾ ਹੈ ਕਿ ਕਿਸ ਢੰਗ ਨਾਲ਼ ਵਿਅਕਤੀ ਉਸਨੂੰ ਮਿਲਣ ਆਇਆ ਹੈ।

"ਜਦੋਂ ਮੈਂ ਤੁਹਾਡਾ ਹੱਥ ਆਪਣੇ ਹੱਥਾਂ ਵਿੱਚ ਲੈਨਾਂ ," ਉਹ ਕਹਿੰਦਾ ਹੈ, ਜਿਵੇਂ ਤੁਹਾਡੇ ਅੰਦਾਜ਼ੇ ਦੀ ਪੁਸ਼ਟੀ ਕਰ ਰਿਹਾ ਹੋਵੇ, "ਤਾਂ ਮੈਂ ਤੁਹਾਡੀ ਗੱਲ ਜਿਆਦਾ ਚੰਗੀ ਤਰ੍ਹਾਂ ਸਮਝ ਲੈਨਾ, ਤੁਸੀਂ ਮੇਰੇ ਸਾਹਮਣੇ ਸਜੀਵ ਹੋ ਉੱਠਦੇ ਓਂ। ਇਸ ਨਾਲ਼ ਮੈਨੂੰ ਬੜੀ ਮੱਦਦ ਮਿਲਦੀ ਐ।"

ਜਦੋਂ ਗੱਲਬਾਤ ਅੱਗੇ ਤੁਰਦੀ ਹੈ ਤਾਂ ਤੁਸੀਂ ਭੁੱਲ ਜਾਂਦੇ ਹੋ ਕਿ ਜੋ ਆਦਮੀ ਤੁਹਾਡੇ ਸਾਹਮਣੇ ਲੇਟਿਆ ਹੋਇਆ ਹੈ ਉਹ ਅੰਨ੍ਹਾਂ ਹੈ ਅਤੇ ਰੋਗੀ ਵੀ।

"ਜੋ ਪ੍ਰਭਾਵ ਮੇਰੇ 'ਤੇ ਓਸਤਰੋਵਸਕੀ ਦਾ ਪਿਆ, " ਉਸਦੇ ਇੱਕ ਦੋਸਤ ਮਾਤੇ ਜਾਲਕਾ ਨੇ ਲਿਖਿਆ ਹੈ, "ਉਸ 'ਚ ਆਪਸੀ ਵਿਰੋਧੀ ਗੱਲਾਂ ਮਿਲਦੀਆਂ ਹਨ, ਪਰ ਮੋਟੇ ਰੂਪ 'ਚ ਉਸ ਨਾਲ਼ ਮਿਲਕੇ ਉਤਸ਼ਾਹਿਤ ਅਤੇ ਖੁਸ਼ ਹੋਇਆ। ਇਹ ਸਭ ਗੱਲਾਂ ਕਿ ਉਹ ਸਿੱਧੇ ਪਿੱਠ ਭਾਰ ਲੇਟਿਆ ਹੈ, ਮੰਜੇ ਨਾਲ਼ ਜੁੜਿਆ ਹੋਇਆ ਹੈ, ਅੰਨ੍ਹਾਂ ਹੈ ਆਦਿ— ਇਹ ਬਸ ਬਾਹਰੀ ਗੱਲਾਂ ਹੀ ਰਹਿ ਜਾਂਦੀਆਂ ਹਨ।ਅੰਦਰਲਾ ਸੱਚ ਇਹ ਹੈ ਕਿ ਉਸ ਵਿੱਚ ਦਮ ਹੈ, ਹੌਂਸਲਾ ਹੈ, ਉਹ ਇੱਕ ਬਹਾਦਰ ਯੋਧਾ ਹੈ। ਉਸ 'ਚ ਅਜੇ ਵੀ ਲਾਲ ਫੌਜ ਦੇ ਇੱਕ ਸਿਪਾਹੀ ਦੀ ਅਣਖ ਹੈ। ਉਹ ਸਮਝਦਾ ਹੈ ਕਿ ਉਹ ਹੁਣ ਵੀ ਫੌਜ ਦੀ ਕਤਾਰ ਵਿੱਚ ਅੱਗੇ ਵੱਧ ਰਿਹਾ ਹੈ। ਬੇਸ਼ੱਕ, ਉਹ ਕਤਾਰ ਵਿੱਚ ਹੈ, ਸਭ ਤੋਂ ਅੱਗੇ। ਉਸਦੀ ਸ਼ਰੀਰਕ ਹਾਲਤ ਪੂਰੀ ਤਰ੍ਹਾਂ ਮਾਮੂਲੀ, ਗੈਰ-ਪ੍ਰਸੰਗਿਕ ਜਿਹੀ ਮਹਿਸੂਸ ਹੁੰਦੀ ਹੈ—ਇਸ ਵਜੋਂ ਉਸਨੂੰ ਦੁੱਖ ਹੈ ਪਰ ਉਹ ਸਥਾਈ ਨਹੀਂ, ਅਜਿੱਤ ਨਹੀਂ, ਕਿਸੇ ਵੀ ਪੱਖੋਂ ਫੈਸਲਾਕੁੰਨ ਨਹੀਂ।"

ਇਹ ਬਿਲਕੁਲ ਸੱਚ ਹੈ! ਉਸ ਕੋਲ ਬੈਠੇ ਹੋਏ, ਉਹਦੀਆਂ ਗੱਲਾਂ ਸੁਣਦੇ ਹੋਏ, ਉਸਦੇ ਵਿਚਾਰਾਂ ਦੀ ਤੇਜ਼ ਅਜ਼ਾਦ ਉਡਾਰੀ ਮਹਿਸੂਸ ਕਰਦੇ ਹੋਏ, ਤੁਸੀਂ ਭੁੱਲ ਜਾਂਦੇ ਹੋ ਕਿ ਤੁਸੀਂ ਇੱਕ ਬਿਮਾਰ ਕੋਲ਼ ਬੈਠੇ ਹੋ। "ਜਦੋਂ ਮੈਂ ਆਪਣੀਆਂ ਅੱਖਾਂ ਬੰਦ ਕਰਦਾਂ..." ਉਹ ਕਹਿੰਦਾ ਹੈ— ਤੇ ਤੁਹਾਨੂੰ ਖਿਆਲ ਤੱਕ ਨਹੀਂ ਰਹਿੰਦਾ ਕਿ ਉਸਦੀਆਂ ਅੱਖਾਂ ਪਿਛਲੇ ਕਈ ਵਰ੍ਹਿਆਂ ਤੋਂ ਦੇਖ ਨਹੀਂ ਸਕਦੀਆਂ। ਉਹ "ਨਜ਼ਲੇ" ਦਾ ਜ਼ਿਕਰ ਕਰਦਾ ਹੈ—ਅਤੇ ਤੁਸੀਂ ਸਮਝਦੇ ਹੋ ਕਿ ਉਸਨੂੰ ਮਹਿਜ ਜੁਕਾਮ ਦੀ ਤਕਲੀਫ਼ ਹੈ । ਉਹ ਕਹਿੰਦਾ ਹੈ—" ਮੈਂ ਪੜ੍ਹਦਾਂ," "ਮੈਂ ਲਿਖਦਾਂ," "ਮੈਂ ਜਾਣ ਬਾਰੇ ਸੋਚ ਰਿਹਾਂ," "ਮੈਨੂੰ ਅਭਿਲੇਖ-ਸੰਗ੍ਰਿਹ ਘਰ 'ਚੋਂ ਇਸਦੀ ਖੋਜ ਕਰਨੀ ਪਏਗੀ," "ਮੈਂ ਕਾਂਗਰਸ ਵਿੱਚ ਬੋਲਣ ਲਈ ਆਪਣਾ ਭਾਸ਼ਣ ਤਿਆਰ ਕਰ ਰਿਹਾਂ"। ਅੱਖਾਂ ਤੋਂ ਅੰਨ੍ਹਾ ਹੈ ਪਰ ਉਸਦੀ ਨਜ਼ਰ ਕਈ ਅੱਖਾਂ ਵਾਲਿਆਂ ਤੋਂ ਤੇਜ਼ ਹੈ। ਸਾਰੇ ਸਰੀਰ ਵਿੱਚ ਪੀੜ ਰਹਿੰਦੀ ਹੈ, ਬਿਮਾਰੀ ਅਜਿਹੀ ਹੈ ਜਿਸਦਾ ਕੋਈ ਇਲਾਜ ਨਹੀਂ। ਇਸ ਸਭ ਦੇ ਬਾਵਜੂਦ ਵੀ ਉਸ 'ਚੋਂ ਏਨੀ ਅੱਗ ਅਤੇ ਮਨੁੱਖੀ ਪਿਆਰ ਦਿਖਾਈ ਦਿੰਦਾ ਹੈ, ਕਿ ਤੁਹਾਡਾ ਮਨ ਮਾਣ ਨਾਲ਼ ਭਰ ਜਾਂਦਾ ਹੈ। ਹਮਦਰਦੀ ਨਾਲ਼ ਨਹੀਂ, ਕਦੇ ਵੀ ਨਹੀਂ! ਅਤੇ ਤੁਸੀਂ ਆਪਣੀ ਲਾਪਰਵਾਹੀ ਦਾ ਖਿਆਲ਼ ਕਰਕੇ ਸ਼ਰਮ ਨਾਲ਼ ਭਰ ਜਾਂਦੇ ਹੋ ਕਿ ਕਿਸ ਤਰ੍ਹਾਂ ਕਈ ਕੰਮ ਜੋ ਅੱਜ ਜਾਂ ਕੱਲ ਜਾਂ ਪਰਸੋਂ ਕੀਤੇ ਜਾ ਸਕਦੇ ਸਨ, ਅਧੂਰੇ ਰਹਿ ਗਏ।

"ਬਿਮਾਰੀ ਇਨਸਾਨ ਦਾ ਸਭ ਤੋਂ ਵੱਡਾ ਦੁਸ਼ਮਣ ਨਹੀਂ," ਉਹ ਕਹਿ ਰਿਹਾ ਹੈ, "ਅੰਨ੍ਹਾਂ ਹੋਣਾ ਬਹੁਤ ਭਿਆਨਕ ਏ, ਪਰ ਇਸ 'ਤੇ ਵੀ ਕਾਬੂ ਪਾਇਆ ਜਾ ਸਕਦਾ ਏ। ਪਰ ਇੱਕ ਚੀਜ਼ ਜੋ ਸਭ ਤੋਂ ਵੱਧ ਭਿਆਨਕ ਏ—ਉਹ ਐ ਸੁਸਤੀ। ਜਦੋਂ ਮਨੁੱਖ ਦੇ ਦਿਲ ਵਿੱਚ ਕੰਮ ਕਰਨ ਦਾ ਸ਼ੌਕ ਨਹੀਂ, ਅੰਦਰੂਨੀ ਹਿੰਮਤ ਨਹੀਂ, ਜਦੋਂ ਰਾਤ ਨੂੰ ਸੌਂਦੇ ਸਮੇਂ ਉਹ ਇਸ ਸਵਾਲ ਦਾ ਜਵਾਬ ਨੀ ਦੇ ਸਕਦਾ—'ਅੱਜ ਮੈਂ ਕਿਹੜਾ ਕੰਮ ਪੂਰਾ ਕੀਤਾ ?' ਤਾਂ ਇਹ ਬਹੁਤ ਗੰਭੀਰ ਹਾਲਤ ਏ। ਖ਼ਤਰਾ ਇਸੇ 'ਚ ਆ। ਉਦੋਂ ਚਾਹੀਦਾ ਏ ਕਿ ਉਸਦੇ ਦੋਸਤ ਉਹਨੂੰ ਮਿਲਕੇ ਉਸਨੂੰ ਸਮਝਾਉਣ ਅਤੇ ਉਹਦੇ ਬਚਾਓ ਦੇ ਸਾਧਨ ਲੱਭਣ — ਕਿਉਂ ਕਿ ਉਸ ਉੱਤੇ ਮੁਸੀਬਤ ਆਉਣ ਵਾਲੀ ਏ। ਇਹਦੇ ਉਲਟ, ਜੇਕਰ ਮਨੁੱਖ ਕੰਮ ਪ੍ਰਤੀ ਆਪਣਾ ਉਤਸ਼ਾਹ ਬਣਾਈ ਰੱਖੇ, ਅਤੇ ਕੰਮ ਕਰਦਾ ਰਹੇ, ਤਾਂ ਕੁਝ ਵੀ ਹੋਵੇ, ਰੁਕਾਵਟਾਂ ਅਤੇ ਔਖਿਆਈਆਂ ਦੇ ਬਾਵਜੂਦ, ਉਹ ਮਨੁੱਖ ਇੱਕ ਸਹਿਜ ਸਰਗਰਮ ਜੀਵ ਬਣ ਜਾਂਦਾ ਏ। ਉਸ ਬਾਰੇ ਕੋਈ ਚਿੰਤਾ ਨਹੀਂ ਹੁੰਦੀ।"

ਉਹ ਕਹਿੰਦਾ ਜਾ ਰਿਹਾ ਹੈ ਅਤੇ ਹੌਲੀ-ਹੌਲੀ ਵਧੇਰੇ ਖੁੱਲ ਕੇ ਗੱਲ ਕਰਨ ਲੱਗ ਜਾਂਦਾ ਹੈ—

"ਮੈਂ ਤੁਹਾਨੂੰ ਰਾਜ ਦੀ ਗੱਲ ਦੱਸਾਂ—ਮਨੁੱਖ ਕਈ ਵਾਰ ਬੜਾ ਤੁੱਛ ਅਤੇ ਵਿਨਾਸ਼ਕਾਰੀ ਜੀਵ ਬਣ ਜਾਂਦਾ ਏ। ਉਹੀ ਵਿਅਕਤੀ ਅਸਲ ਵਿੱਚ ਮਨੁੱਖ ਕਿਹਾ ਜਾ ਸਕਦੈ ਜਿਹਦੇ ਸਾਹਮਣੇ ਕੋਈ ਉੱਚਾ ਆਦਰਸ਼ ਹੋਵੇ, ਜ਼ਿੰਦਗੀ ਦਾ ਕੋਈ ਮਕਸਦ ਹੋਵੇ। ਉਦੋਂ ਉਹਦੀ ਜ਼ਿੰਦਗੀ ਇਕਪਾਸੜ ਨਹੀਂ ਰਹਿੰਦੀ - ਉਦੋਂ ਉਹ ਢਿੱਡ ਲਈ ਜਾਂ ਮਹਿਦੇ ਲਈ ਜਾਂ ਸ਼ਰੀਰ ਦੇ ਕਿਸੇ ਖਾਸ ਅੰਗ ਲਈ ਨਹੀਂ ਜਿਉਂਦਾ। ਉਹਦੀ ਜ਼ਿੰਦਗੀ ਵਿੱਚ ਸੰਪੂਰਨਤਾ ਆਉਣ ਲੱਗਦੀ ਏ। ਇਸੇ 'ਚੋਂ ਮਨੁੱਖ ਅਤੇ ਹੋਰਨਾਂ ਜੀਵਾਂ ਵਿੱਚ ਫ਼ਰਕ ਦਾ ਪਤਾ ਲੱਗਦਾ ਏ। ਇਸੇ 'ਚ ਮਨੁੱਖ ਦੀ ਸ਼ਕਤੀ ਮੌਜੂਦ ਏ। ਇੱਕ ਅਜਿਹਾ ਆਦਰਸ਼ ਏ ਜੋ ਨਾ ਸਿਰਫ਼ ਵਿਅਕਤੀਆਂ ਨੂੰ ਸਗੋਂ ਕੌਮਾਂ ਤੱਕ ਨੂੰ ਸੱਚੇ ਸੂਰਬੀਰਾਂ ਵਿੱਚ ਬਦਲ ਦਿੰਦਾ ਏ। ਉਹ ਹੈ ਕਮਿਉਨਿਜ਼ਮ ਦਾ, ਲੋਕਾਂ ਦੇ ਸੁੱਖ ਲਈ ਸੰਘਰਸ਼ਸ਼ੀਲ ਰਹਿਣ ਦਾ ਆਦਰਸ਼। ਇਸ ਨਾਤੇ ਮੈਂ ਇੱਕ ਮਨੁੱਖ ਆਂ, ਮੈਂ ਉਸ ਤਰ੍ਹਾਂ ਜੀ ਸਕਦਾਂ, ਜਿਵੇਂ ਕਿ ਇੱਕ ਮਨੁੱਖ ਨੂੰ ਜਿਉਣਾ ਚਾਹੀਦਾ। ਮੈਂ ਇਹ ਵੀ ਕਹਿ ਸਕਦਾਂ, ਦਿਖਾਵੇ ਲਈ ਨਹੀਂ, ਸਗੋਂ ਸੱਚੇ ਦਿਲੋਂ, ਕਿ ਮੈਂ ਸੁਖੀ ਵਿਅਤਕੀ ਆਂ।"

ਸੱਚ ਹੈ, ਓਸਤਰੋਵਸਕੀ ਸੁਖੀ ਸੀ। ਉਸਦੀ ਕਹਿਣੀ ਅਤੇ ਕਰਨੀ ਵਿੱਚ ਕੋਈ ਫ਼ਰਕ ਨਹੀਂ ਸੀ। ਜਿੰਨਾਂ ਵੱਧ ਕੋਈ ਉਸਨੂੰ ਸਮਝ ਪਾਉਂਦਾ ਸੀ, ਓਨਾ ਹੀ ਵੱਧ ਉਹ ਉਸਦੀ ਜ਼ਿੰਦਗੀ ਦੇ ਸੱਚ ਤੋਂ ਪ੍ਰਭਾਵਿਤ ਹੁੰਦਾ ਜਾਂਦਾ ਸੀ।

ਨਿਕੋਲਾਈ ਓਸਤਰੋਵਸਕੀ ਦਾ ਜਨਮ 29 ਸਤੰਬਰ 1904 ਨੂੰ ਹੋਇਆ। ਪਿਤਾ ਇੱਕ ਸ਼ਰਾਬ ਦੇ ਕਾਰਖਾਨੇ ਵਿੱਚ ਕੰਮ ਕਰਦੇ ਸਨ, ਪਰ ਕਮਾਈ ਏਨੀ ਨਹੀਂ ਸੀ ਕਿ ਪਰਿਵਾਰ ਦਾ ਪਾਲਣ-ਪੋਸ਼ਣ ਕਰ ਸਕਦੇ, ਇਸ ਲਈ ਮਾਂ ਨੂੰ ਲੋਕਾਂ ਦੇ ਘਰਾਂ

ਵਿੱਚ ਰਸੋਈ ਦਾ ਕੰਮ ਕਰਨਾ ਪੈਂਦਾ ਸੀ। ਜਦੋਂ ਨਿਕੋਲਾਈ 12 ਵਰ੍ਹਿਆਂ ਦਾ ਹੋਇਆ ਤਾਂ ਉਹ ਵੀ ਰਸੋਈਏ ਦਾ ਕੰਮ ਕਰਨ ਲੱਗ ਪਿਆ। ਬਾਅਦ ਵਿੱਚ ਉਹ ਇੱਕ ਭੰਡਾਰ ਦਾ ਮਜ਼ਦੂਰ ਅਤੇ ਫਿਰ ਇੰਜਨ ਭੱਠੀ ਵਿੱਚ ਕੋਇਲਾ ਝੋਕਣ ਵਾਲੇ ਇੱਕ ਸਟੋਕਰ ਦਾ ਸਹਾਇਕ ਬਣ ਗਿਆ। ਉਸਤੋਂ ਬਾਅਦ ਉਹ ਕਿਸੇ ਬਿਜਲੀ ਮਿਸਤਰੀ ਦੀ ਸ਼ਾਗਿਰਦੀ ਕਰਨ ਲੱਗ ਪਿਆ। 1919 ਵਿੱਚ ਉਹ ਨੌਜਵਾਨ ਕਮਿਉਨਿਸਟ ਲੀਗ (ਕੋਮਸੋਮੋਲ) ਵਿੱਚ ਸ਼ਾਮਲ ਹੋ ਗਿਆ ਅਤੇ ਸਵੈਇੱਛਾ ਨਾਲ਼ ਲੜਾਈ ’ਤੇ ਚਲਾ ਗਿਆ। ਉਦੋਂ ਤੋਂ ਹੀ ਉਸਦੀ ਜਿੰਦਗੀ ਕਮਿਉਨਿਸਟ ਪਾਰਟੀ ਦੇ ਮਹਾਨ ਕਾਰਜ ਨਾਲ਼ ਇੱਕ ਅਟੁੱਟ ਰਿਸ਼ਤੇ ਵਿੱਚ ਬੱਝ ਗਈ।

ਇਸ ਤਰ੍ਹਾਂ 15 ਸਾਲ ਦੀ ਉਮਰ ਵਿੱਚ ਓਸਤਰੋਵਸਕੀ ਘਰੇਲੂ ਜੰਗ ਵਿੱਚ ਕੋਤੋਵਸਕੀ ਅਤੇ ਬੁਧਿਓਨੀ ਦੀ ਅਗਵਾਈ ਵਿੱਚ ਲੜਿਆ। ਫਿਰ ਸ਼ਾਂਤਮਈ ਉਸਾਰੀ ਦੇ ਕੰਮ ਸਮੇਂ ਉਸਨੇ ਬੜੀ ਬਹਾਦਰੀ ਨਾਲ਼ ਕੰਮ ਕੀਤਾ — ਰੇਲਵੇ ਵਰਕਸ਼ਾਪ ਬਣਾਉਣ, ਰੇਲਵੇ ਲਾਈਨਾਂ ਵਿਛਾਉਣ, ਨਦੀ ਵਿੱਚ ਲੱਕੜੀ ਦੇ ਵੱਡੇ ਟੁਕੜੇ ਵਹਾਉਣ ਆਦਿ ਵਿੱਚ। ਫਿਰ ਨੌਜਵਾਨ ਕਮਿਉਨਿਸਟ ਲੀਗ ਦੇ ਇੱਕ ਕਾਰਕੁੰਨ ਦੀ ਹੈਸੀਅਤ ਨਾਲ਼, ਪਹਿਲਾਂ ਬਰੇਜਦੋਲ ਅਤੇ ਫਿਰ ਇਜਯਸਲਾਵਲ ਜਿਲ੍ਹਿਆਂ ਵਿੱਚ ਆਪਣੇ ਸਾਰੇ ਜਮਾਂਦਰੂ ਉਤਸ਼ਾਹ ਨਾਲ ਕੰਮ ਵਿੱਚ ਜੁਟਿਆ ਰਿਹਾ। “ਜੋ ਬਲ਼ਦਾ ਨਹੀਂ ਉਹ ਧੂੰਏ ਵਿੱਚ ਖੁਦ ਨੂੰ ਨਸ਼ਟ ਕਰ ਲੈਂਦਾ ਹੈ,” ਉਸਨੇ ਇੱਕ ਜਗ੍ਹਾ ਲਿਖਿਆ ਹੈ, “ਉਹ ਇੱਕ ਅਮਰ ਸੱਚ ਹੈ। ਹੇ ਜਿੰਦਗੀ ਦੀ ਭੱਖ਼ਦੀ ਅੱਗ, ਮੈਂ ਤੈਨੂੰ ਨਮਸਕਾਰ ਕਰਦਾ ਹਾਂ!” ਅਤੇ ਜੋ ਵੀ ਕੰਮ ਪਾਰਟੀ ਅਤੇ ਲੀਗ ਨੇ ਉਸਨੂੰ ਸੌਂਪਿਆ, ਉਹ ਉਸਨੂੰ ਆਪਣੀ ਜਵਾਨੀ ਦੀ ਸਮੁੱਚੀ ਤਾਕਤ ਅਤੇ ਉਤਸ਼ਾਹ ਨਾਲ਼ ਕਰਦਾ ਰਿਹਾ।

1924 ਦੇ ਅੰਤਲੇ ਦਿਨਾਂ ਵਿੱਚ ਓਸਤਰੋਵਸਕੀ ਸਖਤ ਬਿਮਾਰ ਪੈ ਗਿਆ। ਰੋਗ ਰੀੜ ਦੀ ਹੱਡੀ ਵਿੱਚ ਸੀ। ਆਪਣੀ ਛੋਟੀ ਜਿਹੀ ਜਿੰਦਗੀ ਵਿੱਚ ਉਸਨੇ ਬਹੁਤ ਸਾਰੀਆਂ ਤਕਲੀਫ਼ਾਂ ਝੱਲੀਆਂ ਸਨ — ਬਚਪਨ ਵਿੱਚ ਗਰੀਬੀ, ਫੇਰ ਯੁੱਧ ਦੇ ਜਖ਼ਮ, ਯੁੱਧ ਤੋਂ ਬਾਅਦ ਕਠੋਰ ਮਿਹਨਤ ਜਿਸ ਵਿੱਚ ਨਾ ਅਰਾਮ ਸੀ ਨਾ ਨੀਂਦ – ਇਹ ਸਭ ਇਕੱਠੀਆਂ ਹੋ ਕੇ ਜਿਵੇਂ ਹੁਣ ਉਸਦੀ ਸਿਹਤ ਨੂੰ ਕੁਚਲਣ ਲੱਗੀਆਂ ਸਨ।

ਓਸਤਰੋਵਸਕੀ ਜੋ ਸਦਾ ਸਰਗਰਮ ਸੰਘਰਸ਼ ਵਿੱਚ ਭਾਗ ਲੈਂਦਾ ਰਿਹਾ ਸੀ ਅਤੇ ਜਿੰਦਗੀ ਦੀ ਉਸਾਰੀ ਵਿੱਚ ਸ਼ਾਮਲ ਰਿਹਾ ਸੀ, ਹੁਣ ਪਿੱਛੇ ਰਹਿ ਗਿਆ ਅਤੇ ਸਭ ਤੋਂ ਪਿੱਛੇ ਕਿਤੇ “ਆਖਰੀ ਫ਼ੌਜੀ ਕਤਾਰ” ਵਿੱਚ ਰਹਿ ਗਿਆ। ਉਸ ਸਮੇਂ ਸੋਵੀਅਤ ਧਰਤੀ ਦੇ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਉਸਾਰੀ ਕਾਰਜਾਂ ਪ੍ਰਤੀ ਅਜਿੱਤ ਉਤਸ਼ਾਹ ਦੀ ਲਹਿਰ ਦੌੜ ਰਹੀ ਸੀ। ਇਹ ਉਹ ਦਿਨ ਸਨ ਜਦੋਂ ਦੇਸ਼ ਇੱਕ ਲੰਮੀ ਛਾਲ ਵਿੱਚ ਅੱਗੇ ਵਧਣ ਲਈ ਆਪਣੀ ਪਹਿਲੀ ਪੰਜ ਸਾਲਾ ਯੋਜਨਾ ਦੀ ਤਿਆਰੀ ਕਰ ਰਿਹਾ ਸੀ। ਉਦਯੋਗ ਅਤੇ ਖੇਤੀ ਦਾ ਮੁੜ ਤੋਂ ਪ੍ਰਬੰਧ ਕੀਤਾ ਜਾ ਰਿਹਾ ਸੀ। ਇੱਕ ਸੱਭਿਆਚਾਰਕ ਇਨਕਲਾਬ ਦੇਸ਼ ਵਿੱਚ ਜੋਸ਼ ਲਿਆ ਰਿਹਾ ਸੀ। ਅਜਿਹੇ ਉਸਾਰੀ ਕਾਰਜ ਵਿੱਚ, ਜਿਸਦਾ ਮੁਕਾਬਲਾ ਇਤਿਹਾਸ ਵਿੱਚ ਕਿਤੇ ਨਹੀਂ ਮਿਲਦਾ, ਨੌਜਵਾਨ ਇਕੱਠੇ ਹੋ ਰਹੇ ਸਨ, ਓਸਤਰੋਵਸਕੀ ਦੀ ਹੀ ਪੀੜ੍ਹੀ ਦੇ ਨੌਜਵਾਨ ਇੱਕ ਔਖੀ ਪਰ ਸੁਖਮਈ ਮਿਹਨਤ ਵਿੱਚ ਜੁਟੇ ਹੋਏ ਸਨ।

ਇਸ ਲਈ ਬੇਵੱਸ ਹੋ ਕੇ ਗੈਰ–ਸਰਗਰਮ ਪਏ ਰਹਿਣ ਵਜੋਂ ਉਹ ਹੋਰ ਵੀ ਦੁਖੀ ਸੀ।

ਪਰ ਦੇਸ਼ ਨੇ ਉਸਦੀ ਸਹਾਇਤਾ ਕੀਤੀ। ਇਲਾਜ ਲਈ ਉਸਨੂੰ ਦੇਸ਼ ਦੇ ਬੇਹਤਰੀਨ ਹਸਪਤਾਲਾਂ ਅਤੇ ਅਰਾਮ–ਘਰਾਂ ਵਿੱਚ ਭੇਜਿਆ ਗਿਆ–ਖਾਰਕੋਵ, ਯੇਵਪਾਤੋਰੀਆ, ਸਲਾਵੇਯਾਂਸਕ, ਮਾਸਕੋ, ਸੋਚੀ ਆਦਿ ਵਿੱਚ ਉਹ ਰਿਹਾ। ਖੁਦ ਉਸਨੇ ਬੇਹੱਦ ਕੋਸ਼ਿਸ਼ ਕੀਤੀ ਕਿ ਉਹ ਕਿਸੇ ਤਰ੍ਹਾਂ ਫਿਰ ਤੋਂ ਕੰਮ ਕਰਨ ਲੱਗ ਜਾਵੇ, ਸਰਗਰਮ ਫੌਜੀਆਂ ਦੀ ਕਤਾਰ ਵਿੱਚ ਖਲੋ ਜਾਵੇ।

“ਹਸਪਤਾਲ ਦੀਆਂ ਕੰਧਾਂ ਤੋਂ ਬਾਹਰ ਜਿੰਦਗੀ ਦੀ ਹਰੇਕ ਸਰਗਰਮੀ ਵਿੱਚ ਉਸਦੀ ਡੂੰਘੀ ਦਿਲਚਸਪੀ ਸੀ। ਉਹ ਬਹੁਤ ਪੜ੍ਹਦਾ ਅਤੇ ਆਪਣੇ ਬਿਮਾਰ ਸਾਥੀਆਂ ਨਾਲ਼ ਅਖ਼ਬਾਰ ਪੜ੍ਹਨ, ਰਾਜਨੀਤਕ ਵਿਸ਼ਿਆਂ ਅਤੇ ਫੌਰੀ ਘਟਨਾਵਾਂ ’ਤੇ ਬਹਿਸ ਕਰਨ ਦਾ ਪ੍ਰਬੰਧ ਕਰਦਾ। ਉਹ ਇੱਕ ਪੱਕਾ ਹਿੰਮਤੀ ਕਮਿਉਨਿਸਟ ਹੋਣ ਵਜੋਂ ਆਪਣਾ ਮਕਸਦ ਜਾਣਦਾ ਸੀ। ਉਹ ਜਾਣਦਾ ਸੀ ਕਿ ਉਸਨੇ ਕਿਸ ਚੀਜ਼ ਲਈ ਲੜਨਾ ਹੈ... ਉਸਦੀ ਤਿੱਖੀ ਸਖਸ਼ੀਅਤ ਸਾਹਮਣੇ ਉਸਦੀ ਬਿਮਾਰੀ ਜਿਵੇਂ ਸੁੰਗੜ ਕੇ ਤੁੱਛ ਜਿਹੀ ਹੋ ਜਾਂਦੀ ਸੀ, ਆਪਣੀ ਹੋਂਦ ਖੋ ਬਹਿੰਦੀ ਸੀ।” ਇਹ ਵਿਚਾਰ ਓਸਤਰੋਵਸਕੀ ਬਾਰੇ ਨਰਸ ਆਨਾ ਪਾਵਲੋਵਨਾ ਦਵੀਦੋਵਾ ਦਾ ਹੈ ਜੋ ਖਾਰਕੋਵ ਦੇ ਇਲਾਜ–ਤਕਨੀਕੀ ਖੋਜ ਕੇਂਦਰ ਵਿੱਚ ਕੰਮ ਕਰਦੀ ਸੀ। ਇਹੋ ਵਿਚਾਰ ਓਸਤਰੋਵਸਕੀ ਬਾਰੇ ਉਹਨਾਂ ਸਾਰੇ ਲੋਕਾਂ ਦਾ ਸੀ ਜੋ ਉਹਨੀਂ ਦਿਨੀਂ ਉਸਦੇ ਸੰਪਰਕ ਵਿੱਚ ਆਏ — ਛੋਟੇ ਤੋਂ ਛੋਟੇ ਨੌਜਵਾਨ ਕਮਿਉਨਿਸਟ ਲੀਗ ਦੇ ਮੈਂਬਰਾਂ ਤੋਂ ਲੈ ਕੇ, ਵੱਡੀ ਉਮਰ ਦੇ ਕਮਿਉਨਿਸਟਾਂ ਤੱਕ। ਇਹੋ ਵਿਚਾਰ ਉਸਦੇ ਦੋਸਤਾਂ – ਇੰਨੀਕੇਂਤੀ ਪਾਵਲੋਵਿਚ ਫੇਦੇਨੇਵ, ਖਿਨਸਾਂਫ਼ ਪਾਵਲੋਵਿਚ ਚੇਰਨੋਕੋਜੋਵ, ਅਲੈਕਸਾਂਦਰ ਅਲੈਕਸੇਯੇਵਨਾ ਜਿਗੀਰਯੋਵਾ – ਦਾ ਵੀ ਜਿਹਨਾਂ ਨੇ ਔਖੇ ਦਿਨਾਂ ਵਿੱਚ ਉਸਦੀ ਸਹਾਇਤਾ ਕੀਤੀ ਸੀ।

“ਇੱਕ ਮਕਸਦ ਹੈ ਜਿਸ ਵਾਸਤੇ ਮੈਂ ਜਿਉਣਾ ਹੈ – ਕਿਤੇ ਮੇਰੀ ਜ਼ਰੂਰਤ ਹੈ,” – ਇਸ ਵਿਚਾਰ ਦੀ ਪ੍ਰੇਰਣਾ ਨੇ ਉਸ ਨੂੰ ਸਹਿਣ ਦੀ ਸਮੱਰਥਾ ਦਿੱਤੀ, ਆਪਣੇ ਸ਼ਰੀਰਕ ਕਸ਼ਟਾਂ ’ਤੇ ਕਾਬੂ ਪਾਉਣ ਦੀ ਤਾਕਤ ਦਿੱਤੀ।

ਇਸ ਸਮੇਂ ਦੌਰਾਨ ਓਸਤਰੋਵਸਕੀ ਦੀ ਮਾਨਸਿਕ ਦ੍ਰਿੜਤਾ, ਆਪਣੇ ਆਪ ’ਤੇ ਬੇਹੱਦ ਕਾਬੂ ਰੱਖਣਾ, ਦ੍ਰਿੜ ਸੰਕਲਪ ਅਤੇ ਇੱਕ ਨਿਸ਼ਾਨੇ ਲਈ ਜੂਝਣਾ ਉੱਭਰਕੇ ਸਾਹਮਣੇ ਆ ਗਏ। ਜਿੰਨੀਆਂ ਹੀ ਔਖਿਆਈਆਂ ਵੱਧਦੀਆਂ ਗਈਆਂ ਓਨੀ ਹੀ ਦ੍ਰਿੜਤਾ ਨਾਲ਼ ਉਹ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਸੰਘਰਸ਼ਸ਼ੀਲ ਰਿਹਾ, ਤਾਂ ਜੋ ਉਹ ਫਿਰ ਤੋਂ ਕਿਸੇ ਤਰ੍ਹਾਂ ਕੰਮ ਕਰਨ ਵਾਲ਼ਿਆਂ ਦੀ ਕਤਾਰ ਵਿੱਚ ਖਲੋ ਸਕੇ।

ਇਸੇ ਅਨੁਸਾਰ ਓਸਤਰੋਵਸਕੀ ਮਾਸਕੋ ਦੀ ਸਵੇਰਦਲੋਵ ਕਮਿਉਨਿਸਟ ਯੂਨੀਵਰਸਿਟੀ ਦਾ ਵਿਦਿਆਰਥੀ ਬਣ ਗਿਆ ਅਤੇ ਚਿੱਠੀ–ਪੱਤਰ ਰਾਹੀਂ ਮਾਰਕਸਵਾਦ–ਲੈਨਿਨਵਾਦ ਦੇ ਗ੍ਰੰਥਾਂ ਦਾ ਅਧਿਐਨ ਕਰਨ ਲੱਗ ਪਿਆ।

ਇੱਕ ਛੋਟੇ ਜਿਹੇ ਕ੍ਰਿਸਟਲ ਰੇਡੀਓ–ਸੈੱਟ ਤੋਂ ਉਸਨੂੰ ਕਾਫ਼ੀ ਸਹਾਇਤਾ ਮਿਲੀ। ਜੋ ਵਿਸ਼ਾ ਉਹ ਪੜ੍ਹ ਰਿਹਾ ਸੀ, ਉਸ ’ਤੇ

ਬਕਾਇਦਾ ਰੇਡੀਓ 'ਤੇ ਲੈਕਚਰ ਹੋਇਆ ਕਰਦੇ ਸਨ ਅਤੇ ਉਹ ਉਹਨਾਂ ਨੂੰ ਸੁਣਨ ਤੋਂ ਕਦੇ ਵੀ ਭੁੱਲਦਾ ਨਹੀਂ ਸੀ।

ਇਲਾਕੇ ਦੀ ਇੱਕ ਲਾਈਬ੍ਰੇਰੀ ਵਿੱਚੋਂ ਉਸਦੇ ਸਾਥੀ ਉਸਨੂੰ ਕਿਤਾਬਾਂ, ਅਖ਼ਬਾਰ ਅਤੇ ਮੈਗਜ਼ੀਨ ਲਿਆ ਕੇ ਦਿੰਦੇ ਰਹਿੰਦੇ।

ਦਮਿੱਤਰੀ ਪਾਵਲੋਵਿਚ ਖੋਰੁਜੇਂਕੋ, ਜੋ ਉਹਨੀਂ ਦਿਨੀਂ ਨਾਵੋਰੋਸੀਸਕ ਬੰਦਰਗਾਹ 'ਤੇ ਲਾਈਬ੍ਰੇਰੀ ਦਾ ਮੁਖੀ ਸੀ, ਕਹਿੰਦਾ ਹੈ "ਮੈਂ ਉਸਨੂੰ ਢੇਰ ਸਾਰੀਆਂ ਕਿਤਾਬਾਂ ਲਿਆ ਕੇ ਦਿੰਦਾ, ਕਿਤਾਬਾਂ ਦੇ ਬੰਡਲ ਰੱਸੀਆਂ ਨਾਲ਼ ਬੰਨ੍ਹ ਕੇ ਉਸ ਕੋਲ਼ ਲੈ ਕੇ ਜਾਂਦਾ। ਉਹ ਵਿਲੱਖਣ ਆਦਮੀ ਕੁਝ ਹੀ ਦਿਨਾਂ ਵਿੱਚ ਸਭ ਕੁਝ ਪੜ੍ਹ ਮਾਰਦਾ। ਪਹਿਲਾਂ-ਪਹਿਲਾਂ ਤਾਂ ਹਰ ਇੱਕ ਕਿਤਾਬ ਦਾ ਨਾਂ ਆਦਿ ਉਸਦੀ ਪਾਠਕ-ਪੁਸਤਕ ਵਿੱਚ ਨੋਟ ਕਰਾ ਦਿੰਦਾ। ਪਰ ਮੈਨੂੰ ਗੋਂਦ ਨਾਲ਼ ਵਾਰ-ਵਾਰ ਨਵੇਂ ਪੰਨੇ ਜੋੜਨੇ ਪੈਂਦੇ ਜਿਸ ਵਜੋਂ ਉਹ ਮੋਟੀ ਹੋਣ ਲੱਗੀ। ਅੰਤ 'ਚ ਲਾਈਬ੍ਰੇਰੀ ਦੇ ਸਾਰੇ ਨਿਯਮਾਂ ਅਤੇ ਉਪਨਿਯਮਾਂ ਦਾ ਉਲੰਘਣ ਕਰਦੇ ਹੋਏ, ਮੈਂ ਸਿਰਫ਼ ਕਿਤਾਬਾਂ ਦੀ ਸੰਖਿਆ ਦਰਜ ਕਰਾਉਣ ਲੱਗ ਪਿਆ, ਨਾਲ਼ ਤਫ਼ਸੀਲ ਕੁਝ ਨਾ ਦਿੰਦਾ। ਮੈਂ ਦੁਕਾਨ ਤੋਂ ਕਿਤਾਬਾਂ ਲਿਆ ਕੇ ਸਿੱਧਾ ਉਸ ਕੋਲ਼ ਲੈ ਜਾਂਦਾ, ਉਹਨਾਂ ਨੂੰ ਰਜਿਸਟਰ ਵਿੱਚ ਚੜ੍ਹਾਉਣ ਤੋਂ ਵੀ ਪਹਿਲਾਂ, ਤਾਂ ਜੋ ਉਹ ਆਪਣੇ ਮਤਲਬ ਦੀਆਂ ਕਿਤਾਬਾਂ ਆਪਣੇ ਆਪ ਚੁਣ ਲਵੇ।"

ਓਸਤਰੋਵਸਕੀ ਦਾ ਦ੍ਰਿਸ਼ਟੀਕੋਣ ਜਿਸ ਤਰ੍ਹਾਂ ਦਾ ਲੋਕਾਂ ਵੱਲ ਸੀ ਉਸੇ ਤਰ੍ਹਾਂ ਦਾ ਹੀ ਕਿਤਾਬਾਂ ਵੱਲ ਸੀ - ਇੱਕ ਇਕਾਗਰ, ਸਰਗਰਮ ਸਿਪਾਹੀ ਦਾ ਦ੍ਰਿਸ਼ਟੀਕੋਣ।

ਮੈਕਸਿਮ ਗੋਰਕੀ ਵੱਲ ਉਹ ਖ਼ਾਸ ਤੌਰ 'ਤੇ ਆਕਰਸ਼ਿਤ ਹੋਇਆ।

"ਕਿੰਨੀ ਵਿਲੱਖਣ ਰਚਨਾ ਏ!" ਉਸਨੇ ਗੋਰਕੀ ਦੇ ਗੀਤ 'ਤੂਫ਼ਾਨੀ ਪੇਤਰੇਲ ਦਾ ਗੀਤ' ਬਾਰੇ ਕਿਹਾ ਸੀ। "ਇਹੋ ਤਾਂ ਮਤਵਾਲੀ ਜਵਾਨੀ ਦਾ ਗੀਤ ਏ, ਨਿਸ਼ਾਨੇ ਦੀ ਪ੍ਰਾਪਤੀ ਲਈ ਆਤਮਵਿਸ਼ਵਾਸ਼ ਨਾਲ਼ ਭਰਪੂਰ, ਖ਼ੂਬਸੂਰਤ ਜਿੰਦਗੀ ਅਤੇ ਅਜ਼ਾਦੀ ਦੇ ਜਗਮਗਾਉਂਦੇ ਸੁਪਨੇ ਸਾਕਾਰ ਕਰਨ ਦੀ ਵੱਡਮੁੱਲੀ ਇੱਛਾ ਨਾਲ਼ ਭਰਿਆ!

ਉਹ ਇੱਕ ਬਾਰੂਦ ਦਾ ਗੋਲ਼ਾ ਏ ਜੋ ਇੱਕ ਸ਼ਕਤੀਸ਼ਾਲੀ ਫੌਜੀ ਨੇ ਆਪਣੀਆਂ ਮਜ਼ਬੂਤ ਬਾਂਹਾਂ ਨਾਲ਼ ਤਰੱਕੀ ਅਤੇ ਸੱਭਿਅਤਾ ਦੇ ਦੁਸ਼ਮਣਾਂ ਦੇ ਕੈਂਪ ਵਿੱਚ ਸੁੱਟਿਆ ਏ। ਹਾਂ, ਮੈਕਸਿਮ ਗੋਰਕੀ ਸਭ ਤੋਂ ਮਹਾਨ ਲੇਖਕ ਏ, ਅਜਿਹਾ ਗੀਤ ਪਹਿਲਾਂ ਕਦੇ ਕਿਸੇ ਨੇ ਨਹੀਂ ਲਿਖਿਆ।"

ਪੁਸ਼ਕਿਨ, ਲੇਰਮੋਂਤੋਵ, ਗੋਗੋਲ, ਨੇਕਰੋਸੋਵ, ਤਾਲਸਤਾਏ, ਕੋਰੋਲੈਂਕੋ, ਸੇਰਫੀਮੋਵਿਚ, ਫੁਰਮਾਨੋਵ, ਸ਼ੋਲੋਖ਼ੋਵ, ਫ਼ੇਦੇਯੇਵ, ਨੋਵੀਕੋਵ ਪ੍ਰੀਬੋਈ, ਫ਼ੇਦਿਨ, ਬਾਲਜ਼ਾਕ, ਵਿਕਟਰ ਹਿਓਗੋ, ਜ਼ੋਲਾ, ਜੈਕ ਲੰਡਨ, ਡ੍ਰਾਈਜ਼ਰ, ਕੇਲਰਮਨ, ਬਾਰਬੂਸ - ਇਹਨਾਂ ਅਤੇ ਹੋਰ ਕਿੰਨੇ ਹੀ ਲੇਖਕਾਂ ਦੀਆਂ ਰਚਨਾਵਾਂ ਉਸ ਕਾਲ਼ ਵਿੱਚ ਓਸਤਰੋਵਸਕੀ ਨੇ ਵਾਰ-ਵਾਰ ਪੜ੍ਹੀਆਂ।

ਖ਼ਾਸ ਤੌਰ 'ਤੇ ਉਸਨੇ ਘਰੇਲੂ ਜੰਗ ਸਬੰਧੀ ਸਾਹਿਤ ਨੂੰ - ਨਾਵਲ, ਲੇਖ, ਦਸਤਾਵੇਜ, ਯਾਦਾਂ -ਸੰਗ੍ਰਹਿਬੱਧ ਰੂਪ ਵਿੱਚ ਹੋਣ ਜਾਂ ਮੈਗਜ਼ੀਨਾਂ ਵਿੱਚ ਛੋਟੇ ਛੋਟੇ ਲੇਖਾਂ ਦੇ ਰੂਪ ਵਿੱਚ - ਸਭ ਨੂੰ ਬੜੇ ਧਿਆਨ ਨਾਲ਼ ਪੜ੍ਹਿਆ।

ਉਸਨੇ ਆਪਣੇ ਦਿਨ ਦਾ ਪ੍ਰੋਗਰਾਮ ਤੈਅ ਕੀਤਾ ਹੋਇਆ ਸੀ, ਏਨਾ ਸਮਾਂ ਰਾਜਨੀਤਕ ਸਾਹਿਤ ਨੂੰ, ਏਨਾ ਨਾਵਲਾਂ ਨੂੰ, ਏਨਾ ਚਿੱਠੀ-ਪੱਤਰ ਨੂੰ, ਆਦਿ। ਪਹਿਲਾਂ ਇਸ ਪ੍ਰੋਗਰਾਮ ਵਿੱਚ ਸੈਰ ਵੀ ਸ਼ਾਮਲ ਸੀ, ਪਰ ਬਾਅਦ ਵਿੱਚ ਸੈਰ ਛੱਡਣੀ ਪਈ, ਕਿਉਂਕਿ ਸਰੀਰ ਸਹਿਣ ਨਹੀਂ ਕਰ ਸਕਦਾ ਸੀ। ਪ੍ਰੋਗਰਾਮ ਵਿੱਚ , "ਸਮਾਂ ਜੋ ਬੇਕਾਰ ਗਿਆ" ਨਾਮਕ ਇੱਕ ਸਿਰਲੇਖ ਵੀ ਰਹਿੰਦਾ ਜਿਸਦੇ ਥੱਲੇ ਨਾਸ਼ਤੇ, ਖਾਣੇ, ਸ਼ਾਮ ਦੇ ਖਾਣੇ, ਆਰਾਮ ਆਦਿ 'ਤੇ ਖਰਚ ਹੋਏ ਸਮੇਂ ਦਾ ਬਿਓਰਾ ਹੁੰਦਾ।

ਉਹ ਜਿੰਦਗੀ ਨਾਲ਼ ਸਿਰਫ਼ 'ਚਿਪਕਿਆ ਰਹਿਣਾ" ਨਹੀਂ ਚਾਹੁੰਦਾ ਸੀ। ਜਿਵੇਂ ਕਿ ਓਸਤਰੋਵਸਕੀ ਨੇ ਬਾਅਦ ਵਿੱਚ ਕਿਹਾ, ਉਸਨੇ "ਆਪਣੇ ਮਨ ਵਿੱਚ ਆਪਣੀ ਜਿੰਦਗੀ ਦੇ ਰਾਹ ਦੀ ਰੂਪ ਰੇਖਾ ਖੁਦ ਬਣਾ ਲਈ ਸੀ"। ਉਹ ਆਪਣਾ ਨਿਸ਼ਾਨਾਂ ਜਾਣਦਾ ਸੀ। ਉਸਨੇ ਆਪਣੀ ਥਾਂ ਸਰਗਰਮ ਲੋਕਾਂ ਦੀ ਕਤਾਰ ਵਿੱਚ ਬਣਾ ਲਈ ਸੀ।

ਜਾਹਿਰ ਹੈ ਕਿ ਉਸਨੇ ਇਸੇ ਦੌਰ ਵਿੱਚ ਲਿਖਣ ਦਾ ਕੰਮ ਹੱਥ ਵਿੱਚ ਲੈਣ ਦਾ ਸੰਕਲਪ ਲਿਆ।

1927 ਵਿੱਚ ਨੋਵੋਰੋਸੀਸਕ ਪਿਓਤਰ ਨਿਕੋਲਾਏਵਿਚ ਨੋਵੀਕੋਵ ਦੇ ਨਾਂ ਆਪਣੇ ਇੱਕ ਪੱਤਰ ਵਿੱਚ ਉਸਨੇ ਕਿਹਾ— "ਮੈਂ ਕੁਝ ਲਿਖਣ ਦੀ ਸੋਚ ਰਿਹਾ ਹਾਂ - ਇੱਕ ਤਰ੍ਹਾਂ ਦੀ 'ਇਤਿਹਾਸਕ-ਸੰਗੀਤਮਈ ਸੂਰਬੀਰਤਾ ਦੀ ਕਹਾਣੀ'। ਸੱਚਮੁੱਚ - ਮਜ਼ਾਕ ਨਹੀਂ ਕਰ ਰਿਹਾ, ਮੈਂ ਬੜੀ ਗੰਭੀਰਤਾ ਨਾਲ਼ ਲਿਖਣ ਦੀ ਸੋਚ ਰਿਹਾ ਹਾਂ। ਮੈਂ ਸਿਰਫ਼ ਇਹ ਨਹੀਂ ਜਾਣਦਾ ਕਿ ਉਸਦਾ ਨਤੀਜਾ ਕੀ ਹੋਵੇਗਾ।"

ਉਸ ਸਮੇਂ ਉਹ ਘਰੇਲੂ ਜੰਗ ਦੇ ਸੂਰਬੀਰਾਂ — ਕੋਤੋਵਸਕੀ ਅਤੇ ਉਸਦੀ ਫੌਜੀ ਟੁਕੜੀ — ਬਾਰੇ ਲਿਖਣ ਦੀ ਸੋਚ ਰਿਹਾ ਸੀ। ਉਸਨੇ 1927 ਦੀਆਂ ਸਰਦੀਆਂ ਵਿੱਚ ਲਿਖਣਾ ਸ਼ੁਰੂ ਕੀਤਾ ਅਤੇ 1928 ਦੇ ਸ਼ੁਰੂ ਵਿੱਚ ਉਸਨੂੰ ਪੂਰਾ ਕਰ ਦਿੱਤਾ।

ਹੁਣ ਉਸਦੇ ਦੈਨਿਕ ਪ੍ਰੋਗਰਾਮ ਵਿੱਚ 'ਲਿਖਣ' ਨੂੰ ਵੀ ਨਿਯਮਤ ਰੂਪ ਵਿੱਚ ਸਮਾਂ ਮਿਲਣ ਲੱਗ ਪਿਆ ਅਤੇ ਪਹਿਲੀਆਂ ਰੁਚੀਆਂ ਪਿੱਛੇ ਹੱਟਦੀਆਂ ਗਈਆਂ। ਨਾਸ਼ਤੇ ਤੋਂ ਫੌਰਨ ਬਾਅਦ, ਚੁੱਪ-ਚਪੀਤੇ ਉਹ ਆਪਣੇ ਸਰ੍ਹਾਣੇ ਥੱਲੋਂ ਇੱਕ ਮੋਟੀ ਜਿਹੀ ਕਾਪੀ ਕੱਢ ਲੈਂਦਾ ਅਤੇ ਲਿਖਣਾ ਸ਼ੁਰੂ ਕਰ ਦਿੰਦਾ। ਕਈ ਵਾਰ ਉਹ ਇਸ ਵਿੱਚ ਲੀਨ ਹੋ ਜਾਂਦਾ ਕਿ ਉਸਨੂੰ ਕੰਮ ਤੋਂ ਹਟਾ ਕੇ ਖਾਣਾ ਖਵਾਉਣਾ ਔਖਾ ਹੋ ਜਾਂਦਾ। ਉਹ ਖਿੱਝ ਉੱਠਦਾ ਅਤੇ ਕਹਿੰਦਾ ਕਿ ਲੋਕ ਉਸਨੂੰ ਇਸ "ਬੇਲੋੜੇ ਖਾਣੇ" ਲਈ ਏਨਾ ਤੰਗ ਕਿਉਂ ਕਰਦੇ ਰਹਿੰਦੇ ਹਨ, ਜਾਂ ਵਾਅਦਾ ਕਰਕੇ ਕਹਿੰਦਾ ਕਿ ਕੁਝ ਹੀ ਦਿਨਾਂ ਵਿੱਚ- ਜਿਉਂ ਹੀ ਉਹ ਕੰਮ ਪੂਰਾ ਕਰ ਲਵੇਗਾ - ਉਹ ਸਾਰੇ ਦਾ ਸਾਰਾ ਖਾਣਾ ਇਕੱਠਾ ਹੀ ਖਾ ਲਵੇਗਾ।

ਜਦ ਕਹਾਣੀ ਲਿਖੀ ਗਈ ਤਾਂ ਉਸਨੂੰ ਉਸ ਨੇ ਓਦੇਸਾ ਵਿੱਚ ਆਪਣੇ ਪੁਰਾਣੇ ਫੌਜੀ ਸਾਥੀਆਂ ਕੋਲ਼ ਭੇਜਿਆ। ਲੱਗਭਗ ਦੋ ਹਫ਼ਤੇ ਬਾਅਦ ਉਹਨਾਂ ਦਾ ਜਵਾਬ ਆਇਆ - ਇੱਕ ਸੰਯੁਕਤ ਚਿੱਠੀ ਦੇ ਰੂਪ ਵਿੱਚ, ਕਿ ਰਚਨਾ ਆਮ ਤੌਰ 'ਤੇ ਚੰਗੀ ਹੈ, ਸਿਰਫ਼

ਕਿਤੇ-ਕਿਤੇ ਬਿਓਰਿਆਂ ਵਿੱਚ ਸੁਧਾਰ ਦੀ ਜ਼ਰੂਰਤ ਹੈ। ਓਸਤਰੋਵਸਕੀ ਦੀ ਖ਼ੁਸ਼ੀ ਠਿਕਾਣਾ ਨਾ ਰਿਹਾ।

ਪਰ ਜਦੋਂ ਹੱਥਲਿਖਤ ਨੂੰ ਓਦੇਸਾ ਤੋਂ ਵਾਪਿਸ ਭੇਜਿਆ ਗਿਆ ਤਾਂ ਉਹ ਕਿਤੇ ਰਾਹ ਵਿੱਚ ਗਵਾਚ ਗਈ, ਉਸਦੀ ਕੋਈ ਦੂਸਰੀ ਨਕਲ ਵੀ ਮੌਜੂਦ ਨਹੀਂ ਸੀ। ਕਹਾਣੀ ਦਾ ਕਿਤੇ ਵੀ ਕੁਝ ਵੀ ਪਤਾ ਨਾ ਚੱਲਿਆ। "ਬਹੁਤ ਦੇਰ ਬਾਅਦ ," ਓਸਤਰੋਵਸਕੀ ਦੀ ਪਤਨੀ ਲਿਖਦੀ ਹੈ, "ਨਿਕੋਲਾਈ ਇਸ ਸਦਮੇ ਨੂੰ ਭੁੱਲ ਸਕਿਆ।" ਉਹ ਬਹੁਤ ਦੁਖੀ ਹੋਇਆ ਪਰ ਛੇਤੀ ਹੀ ਉਸਨੇ ਫੇਰ ਆਪਣੇ ਆਪ ਨੂੰ ਸੰਭਾਲ ਲਿਆ। ਇਸਤੋਂ ਬਾਅਦ ਕਦੇ ਇਸ ਡੂੰਘੇ ਸਦਮੇ ਦੀ ਚਰਚਾ ਨਹੀਂ ਕੀਤੀ, ਨਾ ਕਦੇ ਚਿੱਠੀਆਂ ਵਿੱਚ, ਨਾ ਕਦੇ ਘਰ ਵਾਲਿਆਂ ਨਾਲ਼ ਜਾਂ ਦੋਸਤਾਂ ਨਾਲ਼ ਗੱਲਬਾਤ ਵਿੱਚ।

ਆਪਣੀ ਪਹਿਲੀ ਸਾਹਿਤਕ ਕੋਸ਼ਿਸ਼ ਵੱਲ ਸਾਥੀਆਂ ਦੁਆਰਾ ਪ੍ਰੇਰਿਤ ਕਰਨ ਨਾਲ਼ ਓਸਤਰੋਵਸਕੀ ਦਾ ਆਪਣੀ ਯੋਗਤਾ ਵਿੱਚ ਵਿਸ਼ਵਾਸ਼ ਵੱਧ ਗਿਆ। ਉਸਨੇ ਆਪਣੀ ਪੜ੍ਹਾਈ ਫਿਰ ਤੋਂ ਸ਼ੁਰੂ ਕਰ ਦਿੱਤੀ, ਤਾਂ ਜੋ ਆਪਣੇ ਇਸ ਨਵੇਂ ਕਾਰਜ ਖੇਤਰ ਦੇ ਨਿਯਮਾਂ ਵਿੱਚ ਕੁਸ਼ਲਤਾ ਪ੍ਰਾਪਤ ਕਰ ਸਕੇ। ਨਾਲ਼ ਹੀ ਮਨ ਵਿੱਚ ਉਹ ਇੱਕ ਨਵੀਂ ਕਿਤਾਬ ਦੀ ਰੂਪ-ਰੇਖਾ ਤਿਆਰ ਕਰਨ ਲੱਗ ਪਿਆ।

ਅਜਿਹੇ ਸਮੇਂ ਵਿੱਚ ਜਦੋਂ ਇਹ ਪਤਾ ਲੱਗਣ ਲੱਗ ਪਿਆ ਸੀ ਕਿ ਉਹ ਜਿਆਦਾ ਦਿਨ ਜਿਉਂਦਾ ਨਹੀਂ ਰਹੇਗਾ, ਜਦੋਂ ਸ਼ਰੀਰ ਦੇ ਖੜ੍ਹ ਜਾਣ ਦੇ ਨਾਲ਼-ਨਾਲ਼ ਨਿਗ੍ਹਾ ਵੀ ਜਾਣ ਲੱਗ ਪਈ ਸੀ ਅਤੇ ਸਭ ਕੁਝ ਖ਼ਤਮ ਹੁੰਦਾ ਲੱਗ ਰਿਹਾ ਸੀ, ਓਸਤਰੋਵਸਕੀ ਨੇ ਸੋਚੀ ਤੋਂ ਪਿਓਤਰ ਨਿਕੋਲਾਏਵਿਚ ਨੋਵੀਕੋਵ ਨੂੰ ਇੱਕ ਖ਼ਤ ਵਿੱਚ ਲਿਖਿਆ (11 ਸਤੰਬਰ 1930) —

"ਮੈਂ ਆਪਣੀ ਜਿੰਦਗੀ ਉਪਯੋਗੀ ਬਣਾਉਣ ਲਈ ਇੱਕ ਉਪਾਅ ਸੋਚਿਆ ਹੈ ਅਤੇ ਸਿਰਫ਼ ਇਸੇ ਨਾਲ਼ ਜਿੰਦਗੀ ਨੂੰ ਅਰਥ ਮਿਲ ਸਕਦੇ ਹਨ। ਮੇਰੀ ਯੋਜਨਾ ਬਹੁਤ ਔਖੀ ਹੈ, ਸਰਲ ਬਿਲਕੁਲ ਵੀ ਨਹੀਂ। ਜੇਕਰ ਮੈਂ ਇਸ ਨੂੰ ਸਿਰੇ ਚਾੜ੍ਹ ਸਕਿਆ ਤਾਂ ਇਸ ਬਾਰੇ ਤੈਨੂੰ ਹੋਰ ਲਿਖਾਂਗਾ। ਮੇਰੀ ਜਿੰਦਗੀ ਵਿੱਚ ਸਰਗਰਮੀ ਹਮੇਸ਼ਾਂ ਸਿੱਧੀ ਹੁੰਦੀ ਹੈ, ਇਸ ਵਿੱਚ ਕੋਈ ਮੋੜ-ਘੋੜ ਜਾਂ ਹੇਰ-ਫੇਰ ਨਹੀਂ ਹੁੰਦੇ। ਮੈਂ ਜਾਣਦਾ ਹਾਂ ਕਿ ਮੈਂ ਕਿੱਥੇ ਖੜ੍ਹਾ ਹਾਂ ਅਤੇ ਮੇਰੇ ਲਈ ਘਬਰਾਉਣ ਦਾ ਕੋਈ ਕਾਰਣ ਨਹੀਂ। ਮੈਂ ਅਜਿਹੇ ਲੋਕਾਂ ਨੂੰ ਸੁਭਾਅ ਪੱਖੋਂ ਨਫ਼ਰਤ ਕਰਦਾ ਹਾਂ ਅਤੇ ਉਹਨਾਂ ਨੂੰ ਤੁੱਛ ਸਮਝਦਾ ਹਾਂ ਜੋ ਜਿੰਦਗੀ ਵਿੱਚ ਗੰਭੀਰ ਜਖ਼ਮ ਮਿਲਣ 'ਤੇ ਰੋਣ-ਕੁਰਲਾਉਣ ਲੱਗ ਪੈਂਦੇ ਹਨ।

"ਮੈਂ ਅੱਜ ਬੇਸ਼ੱਕ ਆਪਣੇ ਮੰਜੇ ਨਾਲ਼ ਜਾ ਲੱਗਿਆ ਹਾਂ। ਪਰ ਇਸਦਾ ਮਤਲਬ ਇਹ ਨਹੀਂ ਕਿ ਮੈਂ ਬਿਮਾਰ ਹਾਂ। ਇਹ ਕਹਿਣਾ ਬਿਲਕੁਲ ਗਲਤ ਹੋਵੇਗਾ, ਮੂਰਖਤਾਪੂਰਣ ਰੋਣਾ-ਧੋਣਾ ਹੋਵੇਗਾ। ਮੈਂ ਬਿਲਕੁਲ ਸਿਹਤਮੰਦ ਹਾਂ। ਕੀ ਹੋਇਆ ਜੇ ਮੇਰੀਆਂ ਟੰਗਾਂ ਕੰਮ ਨਹੀਂ ਕਰਦੀਆਂ ਅਤੇ ਮੈਂ ਕੁਝ ਦੇਖ ਨਹੀਂ ਸਕਦਾ। ਇਹ ਤਾਂ ਪੂਰੀ ਤਰ੍ਹਾਂ ਇੱਕ ਭਰਮ ਹੈ - ਤੁੱਛ ਅਤੇ ਭੱਦਾ ਮਜ਼ਾਕ।

ਕਿੰਨੀ ਵਿਲੱਖਣ, ਕਿੰਨੀ ਅੱਦਭੁਤ ਸੰਕਲਪ-ਦ੍ਰਿੜਤਾ ਹੈ! ਮੌਤ ਨੂੰ ਚਣੌਤੀ ਦੇਣ ਵਾਲ਼ੀ! ਅਤੇ ਅਜਿਹੇ ਸਮੇਂ ਵਿੱਚ ਜਦੋਂ ਲੱਗ ਰਿਹਾ ਹੁੰਦਾ ਹੈ ਕਿ ਮੌਤ ਕਿਸੇ ਵੀ ਸਮੇਂ ਆ ਸਕਦੀ ਹੈ। ਉਸਦਾ ਸ਼ਰੀਰ ਹੌਲੀ-ਹੌਲੀ ਨਸ਼ਟ ਹੋ ਰਿਹਾ ਸੀ ਅਤੇ ਡਾਕਟਰ ਬੇਵੱਸ ਸਨ। ਉਹ ਜਾਣਦਾ ਸੀ ਕਿ ਉਹ ਕਦੇ ਵੀ ਮੰਜੇ ਤੋਂ ਉੱਠ ਨਹੀਂ ਸਕੇਗਾ, ਨਾ ਕੁਝ ਦੇਖ ਸਕੇਗਾ, ਨਾ ਘੁੰਮ ਫਿਰ ਸਕੇਗਾ। ਤਾਂ ਇਸ ਨਾਲ਼ ਕੀ ਹੋਇਆ?

ਉਸਨੇ ਆਪਣਾ ਰਸਤਾ ਲੱਭ ਲਿਆ ਸੀ। ਉਹ ਆਪਣੀ ਰਚਨਾ ਦੇ ਸਫ਼ਿਆਂ ਰਾਹੀਂ ਜਿੰਦਗੀ ਵਿੱਚ ਸਰਗਰਮ ਰਹੇਗਾ!

ਉਹ ਜਾਣਦਾ ਸੀ, ਬਹੁਤ ਪਹਿਲਾਂ ਤੋਂ ਜਾਣਦਾ ਸੀ ਕਿ ਉਸ ਨੇ ਕੀ ਲਿਖਣਾ ਹੈ। ਉਹ ਨਵੀਂ ਪੀੜ੍ਹੀ ਦੇ ਲੋਕਾਂ ਲਈ ਇੱਕ ਕਿਤਾਬ ਹੋਵੇਗੀ— ਇਨਕਲਾਬ ਦੇ ਇੱਕ ਸਿਪਾਹੀ ਦੀ ਕਹਾਣੀ, ਜਿਸ ਨੂੰ ਕਿਸੇ ਤਰ੍ਹਾਂ ਦੇ ਵੀ ਕਸ਼ਟ ਅਤੇ ਔਖਿਆਈਆਂ ਨਿਰਾਸ਼ ਨਹੀਂ ਕਰ ਸਕੀਆਂ। ਇਹ ਉਸਦੀ ਆਪਣੀ ਕਹਾਣੀ ਹੋਵੇਗੀ, ਜੋ ਉਹ ਨੌਜਵਾਨਾਂ ਲਈ ਲਿਖੇਗਾ, ਇਸ ਆਸ ਨਾਲ਼ ਕਿ "ਉਹ ਮਜ਼ਦੂਰ ਲੜਕਾ ਜਿਸਨੂੰ ਉਹ ਜਾਣਦਾ ਸੀ" - ਪਾਵੇਲ ਕੋਰਚਾਗਿਨ - ਆਪਣੇ ਪਾਠਕਾਂ ਨੂੰ ਉਸ ਸੰਘਰਸ਼ ਦੀ ਪ੍ਰੇਰਣਾ ਦੇ ਸਕੇ ਜਿਸ ਸੰਘਰਸ਼ ਵਿੱਚ ਉਸਨੇ ਖੁਦ ਹਿੱਸਾ ਲਿਆ ਸੀ।

ਉਸਦੀਆਂ ਹੱਥਲਿਖਤਾਂ ਨੂੰ ਦੇਖਦੇ ਹੋਏ ਜੋ ਹੁਣ ਓਸਤਰੋਵਸਕੀ ਯਾਦਗਾਰ-ਸੰਗ੍ਰਹਿ ਘਰ ਵਿੱਚ ਰੱਖੀਆਂ ਹਨ (ਮਾਸਕੋ, ਸੋਚੀ ਅਤੇ ਸ਼ੇਪੇਤੋਵਕਾ ਵਿੱਚ) ਇਹ ਸਾਫ਼ ਪਤਾ ਲੱਗਦਾ ਹੈ ਕਿ ਇਹਨਾਂ ਕਿਤਾਬਾਂ 'ਤੇ ਉਸਨੂੰ ਕਿੰਨੀ ਮਿਹਨਤ ਕਰਨੀ ਪਈ ਹੋਵੇਗੀ।

ਪਹਿਲਾਂ ਕੋਈ ਵੀ ਉਸਦੀ ਮੱਦਦ ਕਰਨ ਵਾਲ਼ਾ ਨਹੀਂ ਸੀ। ਉਸਦੀ ਪਤਨੀ ਦਿਨ ਭਰ ਰੁੱਝੀ ਰਹਿੰਦੀ, ਆਪਣੇ ਕੰਮ ਵਿੱਚ ਅਤੇ ਜਨਤਕ ਕੰਮਾਂ ਵਿੱਚ ਅਤੇ ਸ਼ਾਮ ਨੂੰ ਉਹ ਹਮੇਸ਼ਾਂ ਥੱਕੀ ਹੁੰਦੀ। ਉਹ ਉੱਥੇ ਪਿਆ-ਪਿਆ, ਆਪਣੀਆਂ ਸਖ਼ਤ ਉਂਗਲਾਂ ਨਾਲ਼ ਪੈਂਸਿਲ ਨੂੰ ਜਿਵੇਂ-ਤਿਵੇਂ ਫੜ ਕੇ ਲਿਖ ਰਿਹਾ ਹੁੰਦਾ - ਜਾਂ ਇਹ ਕਹੀਏ ਕਿ ਇੱਕ ਤੋਂ ਬਾਅਦ ਦੂਜੇ ਸ਼ਬਦ ਦੀਆਂ, ਬੜੀ ਔਖਿਆਈ ਨਾਲ਼ ਲਾਈਨਾਂ ਖਿੱਚ ਰਿਹਾ ਹੁੰਦਾ। ਕਈ ਵਾਰ ਇੱਕ ਲਾਈਨ ਪਿਛਲੀ ਲਾਈਨ 'ਤੇ ਚੜ੍ਹ ਜਾਂਦੀ ਅਤੇ ਦੋਨੋਂ ਖਰਾਬ ਹੋ ਜਾਂਦੀਆਂ।

ਫੇਰ ਇੱਕ ਯੰਤਰ ਬਣਾਇਆ ਗਿਆ ਜੋ ਸਹਾਇਕ ਸਿੱਧ ਹੋਇਆ। ਇੱਕ ਸਾਦੇ ਗੱਤੇ ਦਾ ਦੂਹਰਾ ਟੁਕੜਾ ਲਿਆ ਗਿਆ, ਜਿਸਦੇ ਉਪਰਲੇ ਭਾਗ ਵਿੱਚ ਅੱਠ ਮਿਲੀਮੀਟਰ ਚੌੜੀਆਂ ਲਾਈਨਾਂ ਕੱਟ ਲਈਆਂ ਗਈਆਂ। ਇਹਨਾਂ ਅੰਦਰ ਚਲਦੀ ਹੋਈ ਪੈਂਸਿਲ ਟੇਡੀ ਲਾਈਨ ਨਹੀਂ ਲਿਖ ਸਕਦੀ ਸੀ ਅਤੇ ਇਸ ਤਰ੍ਹਾਂ ਹਰੇਕ ਲਾਈਨ ਸਿੱਧੀ ਅਤੇ ਸਪੱਸ਼ਟ ਲਿਖੀ ਜਾਂਦੀ।

ਇਸ ਸਮੇਂ ਵਿੱਚ ਓਸਤਰੋਵਸਕੀ ਜਿਆਦਾਤਰ ਰਾਤ ਸਮੇਂ ਕੰਮ ਕਰਦਾ ਸੀ, ਜਦੋਂ ਸਾਰੇ ਲੋਕ ਸੋ ਰਹੇ ਹੁੰਦੇ। ਸੌਣ ਤੋਂ ਪਹਿਲਾਂ ਉਸਦੀ ਪਤਨੀ ਜਾਂ ਮਾਂ 25-30 ਕਾਗ਼ਜ ਅਤੇ ਬਹੁਤ ਸਾਰੀਆਂ ਪੈਂਸਿਲਾਂ ਛਿੱਲ ਕੇ ਉਸ ਕੋਲ਼ ਰੱਖ ਦਿੰਦੀਆਂ। ਜਦੋਂ ਸਵੇਰ ਹੁੰਦੀ, ਤਾਂ ਸਾਰੇ ਕਾਗ਼ਜ ਲਿਖੇ ਹੋਏ ਮਿਲਦੇ। ਦਿਨ ਸਮੇਂ ਦੋਸਤ ਅਤੇ ਪਰਿਵਾਰ ਦੇ ਮੈਂਬਰ ਉਹਨਾਂ ਨੂੰ ਬੜੇ ਧਿਆਨ ਨਾਲ਼ ਨਕਲ ਕਰ ਲੈਂਦੇ।

"ਕਾਰਜਸ਼ੀਲਤਾ ਦੀ ਭਖ਼ਦੀ ਅੱਗ" - ਇਸ ਨਾਂ ਤੋਂ

ਰੋਮਾਂ ਰੋਲਾਂ ਨੇ ਓਸਤਰੋਵਸਕੀ ਨੂੰ ਪੁਕਾਰਿਆ ਸੀ। ਇਹ ਜਗਮਗਾਉਂਦੀ ਅੱਗ ਬਝਾਉਣ ਲਈ ਜਿੰਨੀਆਂ ਵੀ ਤੇਜ਼ ਅਤੇ ਭਿਆਨਕ ਨੇਰ੍ਹੀਆਂ ਚੱਲਣ, ਇਸਦੀ ਲੋਅ ਹੋਰ ਵੀ ਤੇਜ਼ ਹੋ ਜਾਂਦੀ ਸੀ।

ਓਸਤਰੋਵਸਕੀ ਨੇ 'ਕਬਹੂੰ ਨਾ ਛਾਡੇ ਖੇਤ' ਦੋ ਭਾਗਾਂ ਵਿੱਚ ਲਿਖਿਆ। ਇਹ ਨਾਵਲ ਉਸਦੀ ਆਪਣੀ ਜਿੰਦਗੀ 'ਤੇ ਅਧਾਰਿਤ ਸੀ। ਉਸਨੂੰ ਆਸ ਸੀ ਕਿ ਉਹ ਇੱਕ ਤੀਸਰਾ ਭਾਗ 'ਕੋਰਚਾਗਿਨ ਦੀ ਖੁਸ਼ਕਿਸਮਤੀ' ਦੇ ਨਾਂ ਤੋਂ ("ਨਿਸ਼ਚਿਤ ਹੀ") ਲਿਖੇਗਾ (ਉਸਦੀ ਜਿੰਦਗੀ ਦੀਆਂ ਸੁਖਦਾਇਕ ਪਲਾ ਦੀ ਚਰਚਾ ਪਹਿਲੇ ਦੋ ਭਾਗਾਂ ਵਿੱਚ ਨਹੀਂ ਹੈ)। ਉਸਨੇ ਆਪਣੇ ਦੂਜੇ ਨਾਵਲ 'ਤੂਫ਼ਾਨਾਂ ਦੇ ਜਾਏ' ਦਾ ਪਹਿਲਾ ਭਾਗ ਲਿਖਿਆ ਜਿਸਨੂੰ ਉਹ ਆਪਣੀ ਮੌਤ ਤੋਂ ਕੁਝ ਹੀ ਦਿਨ ਪਹਿਲਾਂ ਪੂਰਾ ਕਰ ਸਕਿਆ। ਇਸਦੇ ਦੋ ਭਾਗ ਹੋਰ ਲਿਖ ਕੇ ਉਹ ਇਸਨੂੰ ਪੂਰਾ ਕਰਨਾ ਚਾਹੁੰਦਾ ਸੀ। "ਸਿਰਫ਼ ਕਿਤਾਬ ਲਿਖਣ ਲਈ ਨਹੀਂ ਸਗੋਂ ਆਪਣੀ ਦਿਲ ਦੀ ਅੱਗ ਨਾਲ਼ ਭਖਾਉਣ ਕਰਨ ਲਈ।") ਇੱਕ ਫ਼ਿਲਮ ਲੇਖਕ ਨਾਲ਼ ਮਿਲ ਕੇ ਉਸਨੇ 'ਕਬਹੂੰ ਨਾ ਛਾਡੇ ਖੇਤ' ਦੀ ਪਟਕਥਾ ਲਿਖੀ। ਉਸਦਾ ਵਿਚਾਰ ਇੱਕ ਬੱਚਿਆਂ ਦੀ ਕਿਤਾਬ ਲਿਖਣ ਦਾ ਵੀ ਸੀ ਜਿਸਦਾ ਨਾਂ ਉਹ 'ਪਾਵਕਾ ਦਾ ਬਚਪਨ' ਰੱਖਣਾ ਚਾਹੁੰਦਾ ਸੀ ("ਇਹ ਮੈਂ ਨਿਸ਼ਚਿਤ ਹੀ ਲਿਖਾਂਗਾ")। ਇਸਤੋਂ ਇਲਾਵਾ ਇੱਕ ਕਿਤਾਬ ਬੁਧਿਓਨੀ ਬਾਰੇ, ਇੱਕ ਸੰਗ੍ਰਹਿ ਕਾਮੇਡੀ ਕਹਾਣੀਆਂ ਦਾ। ਇਸਤੋਂ ਇਲਾਵਾ ਲੇਖ ਲਿਖਣਾ, ਨੌਜਵਾਨ ਕਮਿਊਨਿਸਟ ਲੀਗ ਅਤੇ ਲੇਖਕ-ਸੰਮੇਲਨਾਂ ਵਿੱਚ ਭਾਸ਼ਣ ਦੇਣਾ... ਅਖਬਾਰਾਂ, ਮੈਗਜ਼ੀਨਾਂ, ਕਿਤਾਬਾਂ ਦੀ ਰੋਜ਼ਾਨਾ ਪੜ੍ਹਾਈ ... ਉਸਦੇ ਕਮਰੇ 'ਚ "ਮੁਲਾਕਾਤੀਆਂ ਦੀ ਭੀੜ" ਲੱਗੀ ਰਹਿੰਦੀ ਜਿਸ ਵਿੱਚ ਲੇਖਕ, ਐਕਟਰ, ਲਾਈਬ੍ਰੇਰੀਅਨ, ਪ੍ਰਸਿੱਧ ਸਮੂਹਿਕ ਫਾਰਮਾਂ ਦੇ ਕਿਸਾਨ, ਲੈਨਿਨਗ੍ਰਾਦ ਦੇ ਨੌਜਵਾਨ ਕਮਿਊਨਿਸਟ ਲੀਗ ਦੇ ਮੈਂਬਰ, ਉਸਦੇ ਆਪਣੇ ਨਗਰ ਸ਼ੇਪੇਤੋਵਕਾ ਤੋਂ ਆਏ ਹੋਏ ਲੋਕ ਆਦਿ ਹੁੰਦੇ। ਉਹ ਟੈਲੀਫ਼ੋਨ 'ਤੇ ਗੱਲਾਂ ਕਰਦਾ, ਰੇਡੀਓ ਸੁਣਦਾ, ਆਪਣੇ ਵੱਖੋ-ਵੱਖਰੇ ਪੱਤਰਕਾਰਾਂ ਦੀਆਂ ਚਿੱਠੀਆਂ ਦੇ ਜਵਾਬ ਦਿੰਦਾ। ਜਦੋਂ ਵੀ ਕਦੇ ਉਸਨੂੰ ਕਿਸੇ ਦੀ ਥੋੜ੍ਹੀ ਜਿਹੀ ਵੀ ਮੱਦਦ ਕਰਨ ਦਾ ਮੌਕਾ ਮਿਲਦਾ ਤਾਂ ਉਸਨੂੰ ਦਿਲੋਂ ਖੁਸ਼ੀ ਹੁੰਦੀ।

ਇਹਨਾਂ ਸਭ ਗੱਲਾਂ ਨਾਲ਼ ਉਸਨੂੰ ਜਿੰਦਗੀ ਵਿੱਚ ਸੰਪੂਰਣਤਾ ਦਾ ਅਹਿਸਾਸ ਹੁੰਦਾ - ਇਹ ਸੁੱਖਦਾਇਕ ਅਹਿਸਾਸ ਕਿ ਮੈਂ ਵੀ ਹੋਰ ਲੋਕਾਂ ਵਾਂਗ ਕੰਮ ਕਰ ਰਿਹਾ ਹਾਂ, ਫੌਜੀ ਕਤਾਰਾਂ ਵਿੱਚ ਅੱਗੇ ਵੱਧ ਰਿਹਾ ਹਾਂ।

ਉਹ ਜਿੰਨੇ ਦਿਨ ਜਿਉਇਆ, ਆਪਣੇ ਫਰਜਾਂ ਪ੍ਰਤੀ ਪੱਕਾ ਰਿਹਾ।

"ਮੈਂ ਜਾਣਦਾ ਹਾਂ ਕਿ ਮੈਂ ਬਹੁਤ ਦਿਨ ਜੀ ਨਹੀਂ ਸਕਾਂਗਾ," ਉਸਨੇ ਲਿਖਿਆ, "ਮੇਰੇ ਅੰਦਰ ਇੱਕ ਅੱਗ ਹੈ ਜੋ ਮੈਨੂੰ ਖਾ ਰਹੀ ਹੈ ਅਤੇ ਉਸ ਉੱਤੇ ਕਾਬੂ ਪਾਉਣ ਲਈ ਮੈਨੂੰ ਆਪਣੀ ਸਮੁੱਚੀ ਸੰਕਲਪ-ਸ਼ਕਤੀ ਲਗਾਉਣ ਦੀ ਜ਼ਰੂਰਤ ਪੈਂਦੀ ਹੈ। ਇਸ ਸਮੇਂ ਤਾਂ ਮੈਂ ਜਿਵੇਂ-ਤਿਵੇਂ ਅਜਿਹਾ ਕਰਨ ਵਿੱਚ ਸਮੱਰਥ ਹਾਂ। ਮੈਂ ਇਸ ਮੌਕੇ ਦਾ ਪੂਰਾ-ਪੂਰਾ ਫਾਇਦਾ ਲੈਣਾ ਹੈ, ਜੋ ਕੁਦਰਤ ਨੇ ਮੈਨੂੰ ਸੌਂਪਿਆ ਹੈ, ਉਸਦੇ ਖਤਮ ਹੋ ਜਾਣ ਤੋਂ ਪਹਿਲਾਂ ਮੈਂ ਜੋ ਕੁਝ ਵੀ ਆਪਣੇ ਲੋਕਾਂ ਲਈ ਲਿਖ ਸਕਦਾ ਹਾਂ, ਮੈਨੂੰ ਲਿਖਣਾ ਹੋਵੇਗਾ। ਮੇਰੇ ਕੋਲ਼ ਸਮਾਂ ਥੋੜ੍ਹਾ ਰਹਿ ਗਿਆ ਹੈ... ਮੈਨੂੰ ਜਲ਼ਦੀ ਕਰਨੀ ਪਵੇਗੀ।"

ਨਵੰਬਰ 1936 ਵਿੱਚ ਓਸਤਰੋਵਸਕੀ ਦੀ ਨਵੀਂ ਕਿਤਾਬ 'ਤੂਫ਼ਾਨਾਂ ਦੀ ਜਾਏ' ਦੇ ਪਹਿਲੇ ਭਾਗ ਦੀ ਹੱਥਲਿਖਤ ਉੱਤੇ ਵਿਚਾਰ ਕਰਨ ਲਈ ਮਾਸਕੋ ਵਿੱਚ ਇੱਕ ਸੰਯੁਕਤ ਮੀਟਿੰਗ ਹੋਈ। ਇਹ ਮੀਟਿੰਗ ਉਸੇ ਦੇ ਘਰ ਹੋਈ ਅਤੇ ਇਸ ਵਿੱਚ ਸੋਵੀਅਤ ਲੇਖਕ ਸੰਘ ਦੇ ਪ੍ਰਧਾਨਗੀ ਮੰਡਲ ਅਤੇ ਸੋਵੀਅਤ ਸੰਘ ਦੀ ਲੈਨਿਨਵਾਦੀ ਨੌਜਵਾਨ ਕਮਿਉਨਿਸਟ ਲੀਗ ਦੀ ਕੇਂਦਰੀ ਕਮੇਟੀ ਨੇ ਭਾਗ ਲਿਆ। ਵਿਚਾਰ-ਚਰਚਾ ਤੋਂ ਬਾਅਦ ਓਸਤਰੋਵਸਕੀ ਨੇ ਦੋਸਤਾਨਾ ਅਲੋਚਨਾ ਲਈ ਸਭ ਦਾ ਦਿਲੋਂ ਧੰਨਵਾਦ ਕੀਤਾ ਅਤੇ ਵਾਅਦਾ ਕੀਤਾ ਕਿ ਇੱਕ ਦਿਨ ਅਰਾਮ ਕਰਨ ਤੋਂ ਬਾਅਦ ("ਮੈਂ ਖ਼ੁਦ ਨੂੰ ਏਨੇ ਕੁ ਆਰਾਮ ਦੀ ਆਗਿਆ ਜ਼ਰੂਰ ਦਿਆਂਗਾ") ਉਹ ਫਿਰ ਤੋਂ ਇਸ ਕਿਤਾਬ 'ਤੇ, ਪ੍ਰੈਸ ਲਈ ਆਖ਼ਰੀ ਹੱਥਲਿਖਤ ਤਿਆਰ ਕਰਨ ਦੇ ਕੰਮ ਵਿੱਚ ਜੁਟ ਜਾਵੇਗਾ। ਇਹ ਕਿਸੇ ਵੀ ਸਿਹਤਮੰਦ ਵਿਅਕਤੀ ਲਈ ਪੂਰੇ ਤਿੰਨ ਮਹੀਨੇ ਦਾ ਕੰਮ ਸੀ, ਪਰ ਓਸਤਰੋਵਸਕੀ ਨੇ ਉਸਨੂੰ ਇੱਕ ਮਹੀਨੇ ਵਿੱਚ ਕਰਨ ਦਾ ਫੈਸਲਾ ਕੀਤਾ।

"ਮੈਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ," ਉਸਨੇ ਕਿਹਾ, "ਇਸ ਨਾਲ਼ ਵੀ ਮੱਦਦ ਮਿਲੇਗੀ। ਕਈ ਲੋਕ ਆਪਣੇ ਰੋਗ ਦਾ ਇਲਾਜ ਅਰਾਮ ਰਾਹੀਂ ਕਰਦੇ ਹਨ ਅਤੇ ਕੁਝ ਲੋਕ - ਕੰਮ ਰਾਹੀਂ।"

ਅਸਲ ਵਿੱਚ ਕੰਮ ਰਾਹੀਂ ਹੀ ਉਸਨੇ ਆਪਣਾ 'ਇਲਾਜ' ਕੀਤਾ— ਸਵੇਰੇ ਨੌਂ ਵਜੇ ਤੋਂ ਲੈ ਕੇ ਰਾਤ ਦੇ ਦਸ, ਗਿਆਰਾਂ, ਕਦੇ-ਕਦੇ ਬਾਰ੍ਹਾਂ ਵਜੇ ਤੱਕ, ਕੰਮ ਕਰਦਾ, ਵਿੱਚ ਨੂੰ ਬਸ ਥੋੜ੍ਹੀ-ਥੋੜ੍ਹੀ ਦੇਰ ਲਈ ਕਿਸੇ-ਕਿਸੇ ਸਮੇਂ ਅਰਾਮ ਕਰ ਲੈਂਦਾ।

ਉਸਦੇ ਪਰਿਵਾਰ ਦੇ ਮੈਂਬਰ ਬੜੀ ਚਿੰਤਾ ਨਾਲ਼ ਇਹ ਦੇਖ ਰਹੇ ਸਨ। ਉਹ ਸੱਚਮੁਚ ਹੀ ਆਪਣੀ ਬਚੀ ਖੁਚੀ ਤਾਕਤ ਵੀ ਝੋਕ ਦੇ ਰਿਹਾ ਸੀ। ਉਹਨਾਂ ਨੇ ਉਸਦੀਆਂ ਬਹੁਤ ਮਿੰਨਤਾਂ ਕੀਤੀਆਂ ਕਿ ਕੁਝ ਵਕਫ਼ੇ ਲਈ ਕੰਮ ਰੋਕ ਲੈ ਅਤੇ ਆਰਾਮ ਕਰ, ਪਰ ਉਹ ਦੇਰ ਦੀ ਗੱਲ ਸੁਣ ਤੱਕ ਨਹੀਂ ਸੀ ਸਕਦਾ। ਬੜੀ ਬੇਰਹਿਮੀ ਨਾਲ਼ ਉਸਨੇ ਆਪਣੇ ਆਪ ਨੂੰ ਹੱਕੀ ਰੱਖਿਆ ਅਤੇ ਆਪਣੇ ਸਹਿਯੋਗੀਆਂ ਨੂੰ ਵੀ, ਜਿਹਨਾਂ ਨੂੰ ਉਹ ਆਪਣੇ 'ਸਦਰਮਕਾਮ ਦੇ ਕਰਮਚਾਰੀ' ਆਖਿਆ ਕਰਦਾ ਸੀ।

ਉਸਦੇ ਮੰਜੇ ਨਾਲ਼ ਇੱਕ ਮੇਜ਼ ਲੱਗੀ ਰਹਿੰਦੀ ਸੀ। ਉਸ 'ਤੇ ਅਤੇ ਕੁਰਸੀਆਂ ਅਤੇ ਸੋਫ਼ੇ 'ਤੇ ਹੱਥਲਿਖਤਾਂ ਦੀਆਂ ਕਾਪੀਆਂ ਪਈਆਂ ਹੁੰਦੀਆਂ, ਜਿਨ੍ਹਾਂ 'ਤੇ ਇਹਨਾਂ ਦੇ ਸੰਪਾਦਕਾਂ ਨੇ ਆਪਣੀਆਂ ਟਿੱਪਣੀਆਂ ਲਿਖੀਆਂ ਹੁੰਦੀਆਂ। ਪੰਨਾ-ਪੰਨਾ ਕਰਕੇ ਕੰਮ ਅੱਗੇ ਵੱਧ ਰਿਹਾ ਸੀ। ਪਹਿਲਾਂ ਲੇਖਕ ਦੀ ਰਚਨਾ ਦਾ ਮੂਲ ਪਾਠ ਕੀਤਾ ਜਾਂਦਾ, ਫੇਰ ਹਰ ਕਾਪੀ ਦੇ ਇੱਕ-ਇੱਕ ਪੰਨੇ 'ਤੇ ਦਿੱਤੀਆਂ ਗਈਆਂ ਟਿੱਪਣੀਆਂ ਦਾ।

ਆਪਣੇ ਮਨ ਵਿੱਚ ਇੱਕ-ਇੱਕ ਸ਼ਬਦ, ਇੱਕ-ਇੱਕ ਵਾਕ ਨੂੰ ਤੋਲ਼ਦੇ ਹੋਏ ਓਸਤਰੋਵਸਕੀ ਕਿਤੇ ਸ਼ਬਦ ਬਦਲਦਾ, ਕਿਤੇ ਜੋੜਦਾ, ਕਿਤੇ ਕੱਟਦਾ ਅਤੇ ਇਸ ਤਰ੍ਹਾਂ ਨਾਵਲ ਦਾ ਆਖਰੀ ਰੂਪ ਤਿਆਰ ਹੋਣ ਲੱਗਾ। ਇੱਕ ਗੱਲ ਪੱਕੀ ਕਰਨ ਤੋਂ ਬਾਅਦ ਉਹ

ਆਪਣੇ ਸਹਿਯੋਗੀਆਂ ਤੋਂ ਹੋਰ ਵੀ ਤੇਜ਼ੀ ਨਾਲ਼ ਕੰਮ ਕਰਨ ਦੀ ਬੇਨਤੀ ਕਰਦਾ—"ਲੱਗੇ ਰਹੋ, ਦੋਸਤੋ, ਲੱਗੇ ਰਹੋ !" ਇਹੋ ਉਸਦੀ ਇੱਕੋ ਇੱਕ ਮੰਗ ਹੁੰਦੀ।

ਹੌਲੀ-ਹੌਲੀ ਦਿਨ ਲੰਘਦੇ ਰਹੇ। ਪਰ ਔਖਾ ਕੰਮ ਜਾਰੀ ਰਿਹਾ। ਇਸਨੂੰ ਰੋਕਿਆ ਜਾਂਦਾ ਤਾਂ ਸਿਰਫ਼ ਭੋਜਨ ਲਈ, ਅਖ਼ਬਾਰਾਂ ਲਈ ਅਤੇ ਚਿੱਠੀਆਂ ਲਈ ਅਤੇ ਸਵੇਰੇ-ਸ਼ਾਮ ਰੇਡਿਓ 'ਤੇ ਖ਼ਬਰਾਂ ਸੁਣਨ ਲਈ।

ਆਖਰੀ ਪੰਨੇ ਦੀ ਸੋਧ 11 ਦਸੰਬਰ ਨੂੰ ਹੋਈ।

" 'ਤੂਫ਼ਾਨਾਂ ਦੇ ਜਾਏ' ਦੇ ਪਹਿਲੇ ਭਾਗ ਦਾ ਕੰਮ ਕਰਨਾ ਬਾਕੀ ਸੀ ਅਤੇ ਅੱਜ ਮੈਂ ਉਹ ਪੂਰਾ ਕਰ ਲਿਆ," ਉਸਨੇ ਆਪਣੀ ਮਾਂ ਨੂੰ ਲਿਖਿਆ, "ਇਸ ਤਰ੍ਹਾਂ ਮੈਂ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ ਜੋ ਲੀਗ ਦੀ ਕੇਂਦਰੀ ਕਮੇਟੀ ਨਾਲ਼ ਕੀਤਾ ਸੀ ਕਿ ਮੈਂ 15 ਦਸੰਬਰ ਤੱਕ ਕਿਤਾਬ ਖ਼ਤਮ ਕਰ ਦਿਆਂਗਾ। ਪਿਛਲੇ ਸਾਰੇ ਮਹੀਨੇ ਤੋਂ ਹਰ ਰੋਜ਼ 'ਤਿੰਨੋਂ ਸ਼ਿਫ਼ਟਾਂ' ਕੰਮ ਕੀਤਾ, ਆਪਣੇ ਨਾਲ਼ ਕੰਮ ਕਰਨ ਵਾਲ਼ਿਆਂ ਨੂੰ ਬੁਰੀ ਤਰ੍ਹਾਂ ਥਕਾ ਦਿੱਤਾ। ਸਵੇਰ ਤੋਂ ਲੈ ਕੇ ਅੱਧੀ ਰਾਤ ਤੱਕ ਉਹਨਾਂ ਤੋਂ ਕੰਮ ਲੈਂਦਾ ਰਹਿੰਦਾ ਅਤੇ ਵਿਚਕਾਰੋਂ ਕੋਈ ਛੁੱਟੀ ਨਹੀਂ ਦਿੱਤੀ। ਵਿਚਾਰੀਆਂ ਕੁੜੀਆਂ ! ਪਤਾ ਨੀ ਉਹ ਮੇਰੇ ਬਾਰੇ ਕੀ ਸੋਚਦੀਆਂ ਹੋਣਗੀਆਂ। ਮੈਂ ਸੱਚਮੁਚ ਉਹਨਾਂ 'ਤੇ ਤਸ਼ੱਦਦ ਕੀਤਾ ਹੈ। ਪਰ ਹੁਣ ਇਹ ਨਹੀਂ ਵਾਪਰੇਗਾ। ਮੈਂ ਬਿਆਨ ਨਹੀਂ ਕਰ ਸਕਦਾ ਕਿ ਕਿੰਨਾਂ ਥੱਕ ਗਿਆ ਹਾਂ, ਪਰ ਕਿਤਾਬ ਪੂਰੀ ਹੋ ਗਈ ਹੈ।"

ਕੁਝ ਦਿਨ ਅਰਾਮ ਕਰਨ ਤੋਂ ਬਾਅਦ ਓਸਤਰੋਵਸਕੀ 'ਤੂਫ਼ਾਨਾਂ ਦੇ ਜਾਏ' ਦੇ ਦੂਜੇ ਭਾਗ 'ਤੇ ਕੰਮ ਕਰਨਾ ਚਾਹੁੰਦਾ ਸੀ। ਉਸਦੀ ਇੱਕ ਫਾਈਲ ਵਿੱਚ ਇਹਦੇ ਲਈ ਇਕੱਠੀ ਕੀਤੀ ਗਈ ਇਤਿਹਾਸਿਕ ਸਮੱਗਰੀ ਦਾ ਸੰਖੇਪ ਬਿਓਰਾ ਅਤੇ ਕੁਝ ਪੰਨੇ ਨਾਵਲ ਦੇ ਵੀ ਲਿਖੇ ਹੋਏ ਪਏ ਸਨ। ਉਸਨੂੰ ਆਸ ਸੀ ਕਿ ਉਹ ਨਾਵਲ ਨੂੰ (ਭਾਗ 2 ਅਤੇ 3) ਅਕਤੂਬਰ ਇਨਕਲਾਬ ਦੀ ਵੀਹਵੀਂ ਵਰ੍ਹੇਗੰਢ ਤੱਕ ਭਾਵ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ - ਲਿਖ ਦੇਵੇਗਾ।

ਪਰ ਉਹੀ ਖ਼ਤ ਜੋ ਉਸਨੇ ਆਪਣੀ ਮਾਂ ਨੂੰ ਲਿਖਿਆ ਅਤੇ ਜਿਸ ਵਿੱਚੋਂ ਉੱਪਰ ਟੂਕ ਦਿੱਤੀ ਗਈ ਹੈ ਉਸਦੀ ਆਖਰੀ ਰਚਨਾ ਸੀ।

15 ਦਸੰਬਰ ਨੂੰ ਬਿਮਾਰੀ ਦਾ ਇੱਕ ਹੋਰ ਦੌਰਾ ਆਇਆ ਜੋ ਆਖ਼ਰੀ ਅਤੇ ਮਾਰੂ ਸਿੱਧ ਹੋਇਆ। ਜਿਸ ਤਰ੍ਹਾਂ ਉਹ ਦਰਦ ਨਾਲ਼ ਤੜਫ਼ਿਆ, ਉਹ ਕਿਸੇ ਵੀ ਮਨੁੱਖ ਲਈ ਅਸਹਿਣਯੋਗ ਹੁੰਦਾ। ਬੇਵੱਸ ਹੋ ਕੇ ਉਸਨੇ ਮਾਰਫ਼ੀਆ ਦਾ ਇੰਨਜੈਕਸ਼ਨ ਲੈਣਾ ਮਨਜ਼ੂਰ ਕੀਤਾ।

ਪਰ ਉਸਨੇ 'ਕੋਮਸੋਮੋਲਸਕਾਯਾ ਪ੍ਰਾਵਦਾ' ਦੇ ਦਫ਼ਤਰ ਟੈਲੀਫ਼ੋਨ ਕੀਤਾ—

"ਕੀ ਮਾਡ੍ਰਿਡ ਦੇ ਮੋਰਚੇ 'ਤੇ ਸਾਥੀ ਅਜੇ ਵੀ ਡਟੇ ਹੋਏ ਹੋਏ ਨੇ ?"

ਫ੍ਰਾਂਕੋ ਦੀਆਂ ਫ਼ਾਸੀਵਾਦੀ ਫ਼ੌਜਾਂ ਸਪੇਨ ਦੀ ਰਾਜਧਾਨੀ ਦਾ ਘੇਰਾ ਪਾਈ ਬੈਠੀਆਂ ਸਨ।

ਮਾਡ੍ਰਿਡ ਦਾ ਮੋਰਚਾ ਅਜੇ ਵੀ ਕਾਇਮ ਸੀ ਅਤੇ ਓਸਤਰੋਵਸਕੀ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ—

"ਠੀਕ ਐ, ਤਾਂ ਮੈਂ ਵੀ ਡਟਿਆ ਰਹਾਂਗਾ !"

ਪਰ ਇੱਕ ਪਲ਼ ਬਾਅਦ, ਉਦਾਸ ਜਿਹੀ ਅਵਾਜ ਵਿੱਚ ਬੋਲਿਆ —

"ਪਰ ਇਸਦੀ ਸੰਭਾਵਨਾ ਨਜ਼ਰ ਨੀ ਆਉਂਦੀ।"

ਬਿਮਾਰੀ ਦਾ ਦੌਰਾ ਏਨਾ ਤੇਜ਼ੀ ਨਾਲ਼ ਆਇਆ ਕਿ ਵਰ੍ਹਿਆਂ ਦੀ ਕਠੋਰ ਮਿਹਨਤ ਨਾਲ਼ ਥੱਕੀ-ਹਾਰੀ ਕਮਜ਼ੋਰ ਦੇਹ ਇਸ ਹਮਲੇ ਨੂੰ ਸਹਿਣ ਨਾ ਕਰ ਸਕੀ।

ਡਾਕਟਰਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਰਹੀਆਂ। ਉਹ ਇਸ ਦੌਰੇ ਨੂੰ ਰੋਕ ਨਹੀਂ ਸਕੇ। ਮੌਤ ਵੱਧਦੀ ਚਲੀ ਆ ਰਹੀ ਸੀ।

ਇੱਕ ਦਿਨ - 21 ਦਸੰਬਰ ਨੂੰ - ਉਹ ਆਪਣੀ ਨਰਸ ਤੋਂ ਪੁੱਛਣ ਲੱਗਾ ਜੋ ਉਸਦੇ ਕਮਰੇ ਵਿੱਚ ਕੰਮ ਕਰਦੀ ਸੀ ਕਿ ਉਹ ਕਿੰਨੇ ਵਰ੍ਹਿਆਂ ਤੋਂ ਨਰਸ ਦਾ ਕੰਮ ਕਰ ਰਹੀ ਹੈ।

"26 ਵਰ੍ਹਿਆਂ ਤੋਂ," ਉਸਨੇ ਜਵਾਬ ਦਿੱਤਾ।

"ਤੇ ਇਸ ਦੌਰਾਨ ਤੂੰ ਬੜੇ ਦੁੱਖ ਤੇ ਪੀੜਾਂ ਵੇਖੀਆਂ ਹੋਣੀਆਂ ਨੇ, ਤੁਹਾਡਾ ਕੰਮ ਈ ਜੋ ਏਹੋ ਜਿਹਾ ਏ ?"

"ਹਾਂ, ਬੇਸ਼ੱਕ, ਬਹੁਤ ਕੁਝ ਵੇਖਿਆ ਏ।"

"ਅਤੇ ਹੁਣ ਮੇਰੀ ਵਾਰੀ ਏ, ਮੈਂ ਵੀ ਤੁਹਾਨੂੰ ਖੁਸ਼ੀ ਨਹੀਂ ਦੇ ਸਕਾਂਗਾ।"

ਬੜੀ ਮੁਸ਼ਕਿਲ ਨਾਲ਼ ਨਰਸ ਆਪਣੇ ਹੰਝੂ ਰੋਕ ਸਕੀ।

"ਤੂੰ ਕੀ ਕਹਿ ਰਹਿ ਏਂ ?" ਭਰੋਸਾ ਦੇਣ ਦੀ ਬੇਕਾਰ ਕੋਸ਼ਿਸ਼ ਕਰਦੀ ਹੋਈ ਉਹ ਬੋਲੀ। "ਤੂੰ ਕੁਝ ਈ ਦਿਨਾਂ 'ਚ ਠੀਕ ਹੋ ਜਾਏਂਗਾ। ਮੈਨੂੰ ਪੂਰਾ ਯਕੀਨ ਏ। ਤੇ ਤੈਨੂੰ ਤੰਦਰੁਸਤ ਵੇਖ ਕੇ ਮੈਨੂੰ ਬੜੀ ਖੁਸ਼ੀ ਹੋਏਗੀ।"

"ਨਹੀਂ, ਨਹੀਂ, ਮੈਂ ਆਪਣੀ ਹਾਲਤ ਚੰਗੀ ਤਰ੍ਹਾਂ ਸਮਝਣਾ। ਮੈਂ ਤੈਨੂੰ ਖ਼ੁਸ਼ ਨਹੀਂ ਕਰ ਸਕਾਂਗਾਂ। ਪਰ ਅਫ਼ਸੋਸ, ਮੈਨੂੰ ਆਪਣਾ ਕੰਮ ਪੂਰਾ ਕਰਨ ਲਈ ਇੱਕ ਸਾਲ ਦੀ ਲੋੜ ਸੀ। ਮੈਂ ਕਿੰਨਾਂ ਕੰਮ ਵਿੱਚੇ ਛੱਡ ਕੇ ਜਾ ਰਿਹਾਂ। ਤੇ ਮੇਰੀ ਲੀਗ - ਉਹ ਮੇਰੇ ਤੋਂ ਕਿੰਨੀਆਂ ਚੀਜ਼ਾਂ ਦੀ ਆਸ ਰੱਖਦੀ ਸੀ।"

ਉਸੇ ਰਾਤ, ਜਦੋਂ ਉਸਦੀ ਪਤਨੀ ਉਸਦੇ ਸਰ੍ਹਾਣੇ ਬੈਠੀ ਸੀ, ਉਹ ਕਹਿਣ ਲੱਗਾ -

"ਪਿਆਰੀ ਰਾਯਾ, ਮੇਰੀ ਤਬੀਅਤ ਖ਼ਰਾਬ ਹੁੰਦੀ ਜਾ ਰਹੀ ਏ। ਮੈਨੂੰ ਬਹੁਤ ਪੀੜ ਹੋ ਰਹੀ ਏ। ਡਾਕਟਰ ਮੈਨੂੰ ਸੱਚ -ਸੱਚ ਨਹੀਂ ਦੱਸਦੇ। ਮੈਨੂੰ ਲੱਗਦੈ ਕਿ ਇਹ ਦੌਰਾ ਮੈਨੂੰ ਲੈ ਕੇ ਰਹੇਗਾ।"

ਕੁਝ ਦੇਰ ਤੱਕ ਉਹ ਚੁੱਪਚਾਪ ਪਿਆ ਰਿਹਾ। ਸਿਰਫ਼ ਉਸਦੇ ਭਰਵੱਟੇ ਤਣੇ ਹੋਏ ਸਨ, ਜਿਵੇਂ ਉਹ ਪੀੜ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

"ਜੋ ਕੁਝ ਮੈਂ ਤੈਨੂੰ ਕਹਿ ਰਿਹਾਂ, ਇਸਨੂੰ ਤੂੰ ਮੇਰੀਆਂ ਆਖਰੀ ਗੱਲਾਂ ਸਮਝੀਂ। ਹੋ ਸਕਦੈ ਮੈਂ ਇਸ ਤੋਂ ਬਾਅਦ ਆਪਣੀ ਚੇਤਨਾ ਖੋ ਬੈਠਾਂ। ਮੈਂ ਘਟੀਆ ਜ਼ਿੰਦਗੀ ਨਹੀਂ ਬਿਤਾਈ। ਮੈਂ ਜੋ ਕੁਝ ਆਂ ਖੁਦ ਬਣਾਇਆ ਹੋਇਆਂ। ਕੁਝ ਵੀ ਸੌਖਾ ਨਹੀਂ ਸੀ, ਕੋਈ ਵੀ ਗੱਲ ਆਪਣੇ ਆਪ ਸਿੱਧੀ ਨੀ ਹੋਈ। ਮੈਂ ਸਦਾ ਸੰਘਰਸ਼ ਕਰਦਾ ਰਿਹਾਂ ਅਤੇ - ਤੂੰ ਤਾਂ ਜਾਣਦੀ ਏਂ- ਮੈਂ ਕਦੇ ਹਾਰ ਨਹੀਂ ਮੰਨੀ। ਅਤੇ ਹੁਣ ਮੈਂ ਇਹੋ ਦੱਸਣਾ ਚਾਹੁੰਨਾਂ ਕਿ ਜੇਕਰ ਕਦੇ ਜ਼ਿੰਦਗੀ

ਤੇਰੇ ਲਈ ਔਖੀ ਹੋ ਜਾਏ ਤਾਂ ਮੈਨੂੰ ਯਾਦ ਕਰ ਲਈਂ। ਇੱਕ ਗੱਲ ਹੋਰ, ਜਿਸ ਕੰਮ 'ਚ ਵੀ ਤੂੰ ਲੱਗੀ ਏਂ, ਪੜ੍ਹਨਾ ਤੇ ਸਿੱਖਣਾ ਜਾਰੀ ਰੱਖੀਂ। ਇਹਨੂੰ ਕਦੇ ਨਾ ਛੱਡੀਂ। ਅਧਿਐਨ ਬਿਨਾਂ ਕਦੇ ਕੋਈ ਅੱਗੇ ਨੀ ਵੱਧ ਸਕਿਆ। ਤੇ ਸਾਡੀਆਂ ਮਾਵਾਂ ਨੂੰ ਨਾ ਭੁੱਲੀਂ। ਜਿੰਦਗੀ ਭਰ ਉਹਨਾਂ ਸਾਡੀ ਫਿਕਰ ਕੀਤੀ ਏ। ਮੈਨੂੰ ਉਹਨਾਂ 'ਤੇ ਤਰਸ ਆਉਂਦਾ। ਅਸੀਂ ਉਹਨਾਂ ਦੇ ਕਿੰਨੇ ਕਰਜਾਈ ਆਂ। ਕਿੰਨੇ ਕਰਜਾਈ! ਅਸੀਂ ਉਹਨਾਂ ਲਈ ਕੀ ਕੀਤਾ ਏ? ਉਹਨਾਂ ਦਾ ਖਿਆਲ ਰੱਖੀਂ। ਉਹਨਾਂ ਨੂੰ ਕਦੇ ਨਾ ਭੁੱਲੀਂ।"

22 ਦਿਸੰਬਰ 1936 ਨੂੰ ਓਸਤਰੋਵਸਕੀ ਦੀ ਮੌਤ ਹੋ ਗਈ। ਉਸ ਸਮੇਂ ਉਸਦੀ ਉਮਰ ਸਿਰਫ਼ 32 ਵਰ੍ਹਿਆਂ ਦੀ ਸੀ।

ਅਜਿਹਾ ਸੀ ਉਸ ਅਦਭੁੱਤ ਸੂਰਬੀਰ ਦਾ ਅੰਤ – ਜਿਸਦੀ ਜਿੰਦਗੀ ਦਾ ਆਖਰੀ ਸਾਹ ਵੀ ਕਮਿਉਨਿਜਮ ਦੇ ਮਹਾਨ ਨਿਸ਼ਾਨੇ ਲਈ ਕੁਰਬਾਨ ਹੋ ਗਿਆ। ਕਿੰਨੀਂ ਹੌਂਸਲੇ ਵਾਲ਼ੀ, ਅਜ਼ਾਦ ਅਤੇ ਖ਼ੂਬਸੂਰਤ ਸੀ ਉਸਦੀ ਜਿੰਦਗੀ!

ਪਰ ਅਜਿਹੇ ਮਨੁੱਖ ਕਦੋਂ ਮਰਦੇ ਹਨ?

ਮੌਤ ਨੇ ਉਸਦੇ ਹੱਥ ਚੋਂ ਉਸ ਸਮੇਂ ਕਲਮ ਖੋਹ ਲਈ ਜਦੋਂ ਉਹ ਆਪਣੇ ਸਿਰਜਣਾਤਮਕ ਕੰਮ ਦੇ ਸ਼ਿਖਰ 'ਤੇ ਸੀ। ਪਰ ਉਸਦੀਆਂ ਸ਼ਾਨਦਾਰ ਰਚਨਾਵਾਂ ਸਾਡੇ ਕੋਲ਼ ਹਨ, ਉਹਦੇ ਸੱਚ ਨਾਲ਼ ਊਰਜਾਵਾਨ ਸਤਰ੍ਹਾਂ, ਉਸਦੀ ਜਿੰਦਗੀ ਦਾ ਸਰਵਉੱਚ ਆਦਰਸ਼ – ਕਿੰਨਾਂ ਸੰਖੇਪ, ਪਰ ਕਿੰਨਾਂ ਮਹਾਨ!

....

□

ਸਵਿਸ ਬੈਂਕਾਂ ਵਿੱਚ ਪਿਆ 72 ਲੱਖ ਕਰੋੜ ਰੁਪਇਆ...

(ਸਫ਼ਾ 11 ਤੋਂ ਬਾਕੀ)

ਸੱਤਾ ਦੇ ਨਜਦੀਕੀ ਬਣਕੇ ਜਾਂ ਸੱਤ੍ਹਾ ਵਿੱਚ ਘੁਸਪੈਠ ਕਰਕੇ ਖੁਦ ਨੂੰ ਸੁਰੱਖਿਅਤ ਕਰ ਲੈਂਦੇ ਹਨ।

ਸਾਡੇ ਦੇਸ਼ ਦਾ ਬਹੁਤ ਸਾਰਾ ਕਾਲ਼ਾ ਧਨ ਮੰਦਰਾਂ-ਮਸਜਿਦਾਂ-ਗੁਰਦੁਆਰਿਆਂ ਤੋਂ ਲੈ ਕੇ ਕਈ ਧਾਰਮਿਕ ਸੰਸਥਾਵਾਂ ਕੋਲ਼ ਪਿਆ ਹੋਇਆ ਹੈ। ਵੱਡੇ-ਵੱਡੇ ਮੰਦਰਾਂ ਦੇ ਬੋਰਡਾਂ ਤੋਂ ਲੈ ਕੇ ਚਰਚਾਂ ਅਤੇ ਵਕਫ਼ ਬੋਰਡ ਤੱਕ ਅਤੇ ਛੋਟੇ-ਛੋਟੇ ਧਾਰਮਿਕ ਥਾਵਾਂ ਤੱਕ ਬੇਹਿਸਾਬ ਕਾਲ਼ਾ ਧਨ ਪਿਆ ਹੈ। ਦਿਖਾਉਣ ਲਈ ਕੁਝ ਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਹੈ, ਪਰ ਅਸਲ ਵਿੱਚ ਵੱਡੀ ਰਾਸ਼ੀ ਤਾਂ ਕਾਲ਼ੇ ਧਨ ਦੇ ਰੂਪ ਵਿੱਚ ਮੰਦਰਾਂ-ਮਸਜਿਦਾਂ ਦੇ ਮੁਖੀਆਂ ਕੋਲ਼ ਜਮਾ ਹੁੰਦੀ ਜਾਂਦੀ ਹੈ। ਇਹਨਾਂ ਦੇ ਨਾਂ 'ਤੇ ਚੱਲਣ ਵਾਲ਼ੇ ਅਤੇ ਕਹਿਣ ਨੂੰ ਧਾਰਮਿਕ ਪਰ ਕਮਾਈ ਦੇ ਵੱਡੇ ਜ਼ਰੀਏ ਬਣ ਚੁੱਕੇ ਸਕੂਲ-ਕਾਲਜਾਂ ਦੀ ਕਮਾਈ ਵੀ ਗੋਲ਼-ਮੋਲ਼ ਕਰਕੇ ਕਾਲ਼ੇ ਧਨ ਵਿੱਚ ਤਬਦੀਲ ਹੋ ਜਾਂਦੀ ਹੈ। ਜੇ ਸਿਰਫ਼ ਇਹਨਾਂ ਧਾਰਮਿਕ ਸਥਾਨਾਂ ਤੇ ਸੜ ਰਹੇ ਕਾਲ਼ੇ ਧਨ ਨੂੰ ਹੀ ਜ਼ਬਤ ਕਰ ਲਿਆ ਜਾਵੇ ਤਾਂ ਦੇਸ਼ ਦਾ ਸਾਰਾ ਵਿਦੇਸ਼ੀ ਕਰਜ਼ ਇੱਕ ਝਟਕੇ ਵਿੱਚ ਖਤਮ ਹੋ ਜਾਵੇਗਾ।

ਇਹ ਵੀ ਸਵਾਲ ਪੈਦਾ ਹੋ ਸਕਦਾ ਹੈ ਕਿ ਦੇਸ਼ ਅਤੇ ਵਿਦੇਸ਼ਾਂ ਵਿੱਚ ਏਨਾ ਪੈਸਾ ਹੋਣ ਦੇ ਬਾਵਜੂਦ ਵੀ ਸਰਕਾਰ ਪੈਸੇ ਦੀ ਕਮੀ ਦਾ ਰੋਣਾ ਕਿਉਂ ਰੋਂਦੀ ਰਹਿੰਦੀ ਹੈ। ਵਜ੍ਹਾ ਸਾਫ਼ ਹੈ— ਪੂੰਜੀਪਤੀਆਂ ਦੀ ਰੱਖਿਆ ਮੁਸਤੈਦੀ ਨਾਲ਼ ਕਰਨ ਵਾਲੀ ਸਰਕਾਰ ਇਸ ਪੈਸੇ ਵੱਲ ਭੁੱਲ ਕੇ ਵੀ ਨਹੀਂ ਤੱਕੇਗੀ। ਇਸ ਬੇਹਿਸਾਬ ਧਨ ਵਿੱਚ ਪੂੰਜੀਪਤੀਆਂ ਦੇ ਨਾਲ਼ ਹੀ ਲੀਡਰਾਂ, ਅਫ਼ਸਰਸ਼ਾਹੀ, ਧਾਰਮਿਕ ਮੁਖੀਆਂ ਦੇ ਉਸੇ ਤੰਤਰ ਦੀ ਵੀ ਠੀਕ-ਠਾਕ ਹਿੱਸੇਦਾਰੀ ਹੈ ਜੋ ਸੱਤ੍ਹਾ ਚਲਾਉਣ ਦਾ ਕੰਮ ਕਰਦਾ ਹੈ।

ਲੋਕ ਸਭਾ ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਦਾਵੇਦਾਰ ਬਣਨ ਵਾਲ਼ੇ ਭਾਜਪਾ ਲੀਡਰ ਅਡਵਾਨੀ ਨੇ ਇਸ ਕਾਲ਼ੇ ਧਨ ਨੂੰ ਵਿਦੇਸ਼ਾਂ 'ਚੋਂ ਵਾਪਸ ਲਿਆਉਣ ਦਾ ਵਾਅਦਾ ਤਾਂ ਕਰ ਦਿੱਤਾ ਪਰ ਸਾਰੇ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਮਹਿਜ ਚੁਣਾਵੀ ਸਟੰਟ ਸੀ। ਪਹਿਲੀ ਗੱਲ ਤਾਂ ਇਹ ਕਿ ਇਹ ਪੈਸਾ ਕੋਈ ਇੱਕ-ਦੋ ਸਾਲ ਵਿੱਚ ਤਾਂ ਜਮਾ ਹੋ ਨਹੀਂ ਗਿਆ ਹੋਵੇਗਾ। ਅਜ਼ਾਦੀ ਤੋਂ ਬਾਅਦ ਤੋਂ ਹੀ ਇਹ ਜਮਾ ਹੋ ਰਹਾ ਹੈ ਅਤੇ ਅਜਿਹਾ ਨਹੀਂ ਹੈ ਕਿ ਪਿਛਲੀਆਂ ਸਰਕਾਰਾਂ ਨੂੰ ਇਸਦੀ ਕੋਈ ਭਿਣਕ ਤੱਕ ਨਾ ਹੋਵੇ। ਵੈਸੇ ਕਾਲ਼ਾ ਧਨ ਕਿਸੇ ਇੱਕ ਪਾਰਟੀ ਦਾ ਮਾਮਲਾ ਵੀ ਨਹੀਂ ਹੈ। ਹਰ ਛੋਟੀ-ਵੱਡੀ ਪੂੰਜੀਵਾਦੀ ਰਾਜਨੀਤਕ ਪਾਰਟੀ ਲਈ ਇਹ ਸੁਭਾਵਿਕ ਚੀਜ਼ ਹੈ। ਕਾਲ਼ਾ ਧਨ ਪੈਦਾ ਕਰਨ ਵਾਲ਼ੇ ਜਿਆਦਾਤਰ ਕਿਸੇ ਨਾ ਕਿਸੇ ਪਾਰਟੀ ਦੇ ਕਾਰਕੁੰਨ ਬਣੇ ਨਜ਼ਰ ਆਉਣਗੇ। ਸ਼ਹਿਰਾਂ ਵਿੱਚ ਪ੍ਰਾਪਰਟੀ ਡੀਲਰਾਂ, ਠੇਕੇਦਾਰਾਂ, ਵਪਾਰੀਆਂ ਦੇ ਰਾਜਨੀਤੀ ਵਿੱਚ ਪੈਰ ਪਸਾਰਨ ਨੂੰ ਵੀ ਇਸੇ ਗੱਲੋਂ ਸਮਝਿਆ ਜਾ ਸਕਦਾ ਹੈ। ਵੈਸੇ ਜੇਕਰ ਅਡਵਾਨੀ ਕਿਤੇ ਗਲਤੀ ਨਾਲ਼ ਵੀ ਇਸ ਚੁਣਾਵੀ ਵਾਅਦੇ ਨੂੰ ਪੂਰਾ ਕਰਨ ਵਿੱਚ ਗੰਭੀਰਤਾ ਦਿਖਾ ਦਿੰਦਾ ਤਾਂ ਉਸ ਦੀ ਪਾਰਟੀ ਵਿੱਚ ਜਬਰਦਸਤ ਬਗਾਵਤ ਹੋ ਜਾਣੀ ਸੀ।

ਇੱਥੇ ਇਸ ਚਾਰਟ ਦੇ ਮਾਧਿਅਮ ਰਾਹੀਂ ਦਰਸਾਇਆ ਗਿਆ ਹੈ ਕਿ ਜੇਕਰ ਵਿਦੇਸ਼ਾਂ ਵਿੱਚ ਜਮਾਂ 72 ਲੱਖ ਕਰੋੜ ਰੁਪਏ ਦੇ ਅੱਧੇ ਤੋਂ ਵੀ ਘੱਟ ਦੇਸ਼ ਦੇ ਆਮ ਲੋਕਾਂ ਦੇ ਕਲਿਆਣ 'ਤੇ ਲਗਾ ਦਿੱਤੇ ਜਾਣ ਤਾਂ ਸਥਿਤੀ ਕਿੰਨੀ ਬਦਲ ਸਕਦੀ ਹੈ। ਲੋਕਾਂ ਨੂੰ ਸਿੱਖਿਆ, ਸਿਹਤ, ਰੁਜਗਾਰ, ਪੋਸ਼ਣ, ਮਨੋਰੰਜਨ, ਟ੍ਰਾਂਸਪੋਰਟ, ਊਰਜਾ ਜ਼ਰੂਰਤਾਂ, ਖੇਤੀ ਦੇ ਵਿਕਾਸ, ਅਤੇ ਵਾਤਾਵਰਣ ਦੀ ਸੁਰੱਖਿਆ ਲਈ ਵੀ ਕਿੰਨੀਆਂ ਯੋਜਨਾਵਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ। ਤਦ ਵੀ ਇੱਕ ਵੱਡੀ ਧਨ ਰਾਸ਼ੀ ਬੱਚ ਜਾਵੇਗੀ। ਇਸ ਤੋਂ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਜੇਕਰ ਦੇਸ਼ ਵਿੱਚ ਲੋਕਾਂ ਦੀ ਮਿਹਨਤ ਅਤੇ ਹੁਨਰ ਤੋਂ ਪੈਦਾ ਹੋਣ ਵਾਲ਼ੇ ਧਨ-ਦੌਲਤ ਦਾ ਸਹੀ ਇਸਤੇਮਾਲ ਕੀਤਾ ਜਾਵੇ ਤਾਂ ਇਸ ਦੇਸ਼ ਦੀ ਤਕਦੀਰ ਬਦਲਦਿਆਂ ਦੇਰ ਨਹੀਂ ਲੱਗੇਗੀ। ਪਰ ਇਹ ਗੈਰਕਾਨੂੰਨੀ ਲੁੱਟ ਉਦੋਂ ਹੀ ਖਤਮ ਹੋ ਸਕਦੀ ਹੈ ਜਦੋਂ ਉਸ ਨੂੰ ਪੈਦਾ ਕਰਨ ਵਾਲ਼ੀ ਕਾਨੂੰਨੀ ਲੁੱਟ ਖ਼ਤਮ ਹੋਵੇਗੀ। ਕਾਨੂੰਨੀ ਲੁੱਟ ਦਾ ਖ਼ਾਤਮਾ ਪੂੰਜੀਵਾਦ ਦੇ ਖ਼ਾਤਮੇ ਤੋਂ ਬਿਨਾਂ ਨਹੀਂ ਹੋ ਸਕਦਾ। ਇਸ ਲਈ ਕਿਰਤੀ ਲੋਕਾਂ ਨੂੰ ਲੁੱਟ ਦੇ ਰਾਜ ਨੂੰ ਖਤਮ ਕਰਨ ਲਈ ਲੜਾਈ ਦੀ ਤਿਆਰੀ ਹੁਣ ਤੋਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

□

ਪਾਠਕਾਂ ਦੇ ਖ਼ਤ

ਕਾਸ਼ ! ਇਹ ਟੁਕੜੀ ਕਾਫ਼ਲਾ ਬਣ ਜਾਵੇ...

ਪਿਆਰੇ ਰਾਜਵਿੰਦਰ ਅਤੇ ਲਖਵਿੰਦਰ ਜੀ,
ਪਿਆਰ ਯਾਦ।

ਤੁਸੀਂ ਮੈਨੂੰ ਲਲਕਾਰ ਭੇਜਦੇ ਹੋ, ਤੁਹਾਡਾ ਬਹੁਤ ਸਾਰਾ ਧੰਨਵਾਦ। ਤੁਸੀਂ ਬਹੁਤ ਚੰਗੇ ਆਦਰਸ਼ ਨੂੰ ਲੈ ਕੇ ਤੁਰੇ ਹੋ। ਮੈਂ ਵੀ ਤੁਹਾਡੇ ਨਾਲ਼ ਸ਼ਾਮਲ ਹਾਂ। ਕਾਸ਼, ਇਹ ਨਿੱਕਾ ਜਿਹਾ ਵਰੋਲ਼ਾ ਲਾਲ ਹਨ੍ਹੇਰੀ ਬਣ ਜਾਵੇ। ਕਾਸ਼, ਇਹ ਟੁਕੜੀ, ਕਾਫ਼ਲਾ ਬਣ ਜਾਵੇ। ਵੱਡਾ, ਹੋਰ ਵੱਡਾ ਕਾਫ਼ਲਾ...

ਪਿਆਰ ਨਾਲ਼, ਤੁਹਾਡਾ ਆਪਣਾ,
ਹਮਦਰਦ ਨੌਸ਼ਹਿਰਵੀ, ਸਮਰਾਲਾ।

ਇਨਕਲਾਬ ਹੀ ਇੱਕੋ-ਇੱਕ ਰਾਹ ਹੈ...

ਕਾਫ਼ੀ ਲੰਮੇ ਸਮੇਂ ਤੋਂ ਸੋਚ ਰਿਹਾ ਸੀ ਕਿ ਲਲਕਾਰ ਨੂੰ ਤੇ ਇਸਦੇ ਪਾਠਕਾਂ ਨੂੰ ਖ਼ਤ ਲਿਖਾਂ। ਹੁਣ ਮੌਕਾ ਲੱਗਿਆ, ਤਾਂ ਲਿਖ ਰਿਹਾ ਹਾਂ।

ਦੋਸਤੋ, ਅਸੀਂ ਸਾਰੇ ਆਪਣੇ ਭਵਿੱਖ ਨੂੰ ਲੈ ਕੇ ਚਿੰਤਿਤ ਹੁੰਦੇ ਹਾਂ, ਪੜਾਈ ਪੂਰੀ ਕਰਨ ਮਗਰੋਂ ਕੋਸ਼ਿਸ਼ ਰਹਿੰਦੀ ਹੈ ਕਿ ਜਲਦੀ ਤੋਂ ਜਲਦੀ ਇੱਕ ਪੱਕੀ ਨੌਕਰੀ ਮਿਲ ਜਾਏ ਤੇ ਇੱਕ ਪੱਕਾ ਠਿਕਾਣਾ, ਕੰਪੀਟੀਸ਼ਨ ਦੀ ਦੌੜ ਵਿੱਚ ਕਿਤੇ ਪਿੱਛੇ ਨਾ ਰਹਿ ਜਾਈਏ। ਪਰ ਇਸ ਸਭ ਦੀ ਪੂਰਤੀ ਲਈ ਹਰ ਕਦਮ ’ਤੇ ਬੇਈਮਾਨੀ, ਝੂਠ, ਭ੍ਰਿਸ਼ਟਾਚਾਰ ਤੁਹਾਡਾ ਸਾਥ ਦਿੰਦੇ ਹਨ, ਅੰਦਰ ਦੀ ਇਨਸਾਨੀਅਤ ਇਹਨਾਂ ਸਭ ਬਿਮਾਰੀਆਂ ਤੋਂ ਪਿੱਛਾ ਛੁਡਾਉਣਾ ਚਾਹੁੰਦੀ ਹੈ ਪਰ ਫਿਰ ਗੱਲ ਜਿੰਦਗੀ ਦੀ ਆਉਂਦੀ ਹੈ।

ਮੈਂ ਆਪਣੀ ਡਾਕਟਰੀ ਦੀ ਪੜਾਈ ਦੌਰਾਨ ਸੋਚਦਾ ਸੀ ਕਿ ਬਾਕੀ (ਬਹੁਤੇ) ਡਾਕਟਰਾਂ ਵਾਂਗ ਪੈਸੇ ਲਈ ਨਹੀਂ, ਇਨਸਾਨ ਦੇ ਇਲਾਜ ਲਈ ਮਨੁੱਖਤਾ ਦੀ ਸੇਵਾ ਲਈ ਕੰਮ ਕਰਾਂਗਾ।

ਇਹੋ ਸੋਚ ਕੇ ਚੰਡੀਗੜ੍ਹ ਦੇ ਨਾਲ਼ ਲੱਗਦੇ ਇਲਾਕੇ ਵਿੱਚ ਪ੍ਰੈਕਟਿਸ ਸ਼ੁਰੂ ਕੀਤੀ। ਜਿਆਦਾ ਕਰਕੇ ਇੱਥੇ ਦੇ ਲੋਕ ਰਿਕਸ਼ਾ, ਰੇਹੜੀ ਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲ਼ੇ ਹਨ। ਇਲਾਕੇ ਵਿੱਚ ਬਹੁਤ ਹੀ ਜਿਆਦਾ ਗੰਦਗੀ ਸੀ, ਜੋ ਬਿਮਾਰੀਆਂ ਦਾ ਇੱਕ ਵੱਡਾ ਕਾਰਨ ਸੀ। ਲੋਕਾਂ ਦੀ ਹਾਲਤ ਵੇਖ ਕੇ ਮੈਨੂੰ ਇਹ ਸਮਝ ਆਇਆ ਕਿ ਇਹਨਾਂ ਨੂੰ ਦਵਾਈਆਂ ਦੇਣ ਨਾਲ਼ ਸਮੱਸਿਆ ਦਾ ਹੱਲ ਨਹੀਂ ਹੋਣਾ, ਬਿਮਾਰੀ ਦੀ ਜੜ੍ਹ ਗੰਦਗੀ ਹੈ। ਤੇ ਫਿਰ ਲੋਕਾਂ ਦੀ ਅੰਨਪੜ੍ਹਤਾ ਅਤੇ ਹੋਰ ਕਿੰਨੀਆਂ ਹੀ ਸਮੱਸਿਆਵਾਂ ਦਾ ਪਤ ਲੱਗਾ। ਪਰ ਇਹ ਸਭ ਕਿਉਂ ਹੈ, ਲੋਕ ਦਿਨ ਰਾਤ ਮਿਹਨਤ ਕਰਦੇ ਹਨ ਨੇ ਫਿਰ ਵੀ ਐਨੀਆਂ ਅਣਮਨੁੱਖੀ ਹਾਲਤਾਂ ਵਿੱਚ ਕਿਉਂ ਰਹਿਣਾ ਪੈਂਦਾ ਹੈ ਇਹਨਾਂ ਨੂੰ।

ਦੂਸਰੇ ਪਾਸੇ ਚੰਡੀਗੜ੍ਹ ਸ਼ਹਿਰ ਵਿੱਚ ਰਹਿਣ ਵਾਲ਼ੇ ਲੋਕਾਂ ਦੀਆਂ ਤਨਖਾਹਾਂ ਹਜ਼ਾਰਾਂ ਲੱਖਾਂ ਵਿੱਚ ਹਨ ਤੇ ਬੇਸ਼ੱਕ ਉਹ ਬਿਮਾਰ ਹੁੰਦੇ ਨੇ ਪਰ ਪੈਸੇ ਦੀ ਬਹੁਤਾਤ ਕਰਕੇ। ਇੱਕ ਪਾਸੇ ਲੋਕ ਜਿਆਦਾ ਖਾਣ ਨਾਲ਼ ਬਿਮਾਰ ਨੇ ਤੇ ਦੂਸਰੇ ਪਾਸੇ ਲੋਕ ਭੁਖਮਰੀ ਦਾ ਸ਼ਿਕਾਰ।

ਗੰਦਗੀ, ਅਨਪੜ੍ਹਤਾ, ਅਤਿਆਚਾਰ, ਭ੍ਰਿਸ਼ਟਾਚਾਰ ਤੇ ਹੋਰ ਕਈ ਸਮੱਸਿਆਵਾਂ ਦਾ ਕਾਰਣ ਕੀ ਹੈ ? ਇਹ ਸਵਾਲ ਲਗਾਤਾਰ ਦਿਮਾਗ ਵਿੱਚ ਚਲਦਾ ਰਹਿੰਦਾ ਸੀ।

ਕੁਝ ਮਹੀਨੇ ਪਹਿਲਾਂ ਆਪਣੇ ਇੱਕ ਮਿੱਤਰ ਕੋਲੋਂ ਲਲਕਾਰ ਮੈਂਗਜੀਨ ਪੜ੍ਹਨ ਦਾ ਮੌਕਾ ਲੱਗਿਆ। ਪੜ੍ਹ ਕੇ ਇੰਝ ਲੱਗਿਆ ਜਿਵੇਂ ਮੇਰੇ ਸਾਰੇ ਸਵਾਲਾਂ ਦਾ ਜੁਆਬ ਮਿਲ ਗਿਆ ਹੈ। ਲਲਕਾਰ ਪੜ੍ਹ ਕੇ ਹੀ ਸਮਝ ਆਈ ਕਿ ਲੋਕਾਂ ਦੀਆਂ ਬੁਨੀਆਦੀ ਸਮੱਸਿਆਵਾਂ ਓਹਨਾਂ ਦੀ ਆਰਥਕਤਾ ’ਤੇ ਨਿਰਭਰ ਕਰਦੀਆਂ ਹਨ ਤੇ ਮੌਜੂਦਾ (ਲੁੱਟ ਅਧਾਰਿਤ) ਢਾਂਚੇ ਵਿੱਚ ਮਿਹਨਤ-ਮੁਸ਼ੱਕਤ ਕਰਨ ਵਾਲ਼ਾ ਇਨਸਾਨ ਖੁਸ਼ ਨਹੀਂ

(ਖ਼ਤ ਦਾ ਬਾਕੀ ਹਿੱਸਾ ਸਫ਼ਾ 7 ’ਤੇ)

ਸੜ੍ਹਕ ਤੇ ਸਬਜੀ ਵੇਚ ਰਿਹਾ ਬੱਚਾ

ਇੱਕ ਬੈਠਾ ਹੈ ਗਰੀਬ ਬੱਚਾ
ਸੜ੍ਹਕ ’ਤੇ ਸਬਜ਼ੀ ਦੇ ਢੇਰ ਕੋਲ਼।
ਆਉਂਦਾ ਹੈ ਇੱਕ ਗਾਹਕ
ਗੱਡੀ ਨੂੰ ਸਾਈਡ ’ਤੇ ਖਿਲਾਰ ਕੇ
ਪੁੱਛਦਾ ਹੈ ਸਬਜ਼ੀਆਂ ਦੇ ਭਾਅ।
ਬੜੀ ਮਿੱਠੀ ਅਵਾਜ਼ ਵਿੱਚ
ਦੱਸਦਾ ਹੈ ਬੱਚਾ
ਜਿਵੇਂ ਸਿਖਾਇਆ ਹੈ ਬਾਪ ਨੇ।
ਆਖਦਾ ਹੈ ਗਾਹਕ ਕੁਝ ਰੇਟ ਘੱਟ ਕਰਨ ਨੂੰ।
ਬੋਲ਼ਦਾ ਹੈ ਬੱਚਾ
ਨਹੀਂ ਜੀ ਅੱਜ ਕੱਲ ਤਾਂ ਪਿਛੋਂ ਨੇ ਰੇਟ ਵੱਧ।
ਗਾਹਕ ਹੁੰਦਾ ਹੈ ਥੋੜਾ ਦੁਖੀ
ਤੇ ਪਾਉਂਣ ਲੱਗਦਾ ਹੈ ਤੱਕੜੀ ’ਚ
ਸਬਜ਼ੀਆਂ ਛਾਂਟ-ਛਾਂਟ ਕੇ।
ਗਾਹਕ ਪੁੱਛਦਾ ਹੈ ਕਿੰਨੇ ਪੈਸੇ ਹੋਏ ਨੇ।
ਬੱਚਾ ਦੱਸਦਾ ਹੈ।
ਗਾਹਕ ਦਿੰਦਾ ਹੈ ਪੈਸੇ
ਤੇ ਚਲਿਆ ਜਾਂਦਾ ਹੈ ਗੱਡੀ ਵੱਲ੍ਹ।
ਬੱਚਾ ਸੋਚਦਾ ਹੈ
ਬੜੇ ਚੰਗੇ ਨੇ ਲੋਕ ਇੱਥੇ
ਕਿੰਨੇ ਪਿਆਰ ਨਾਲ਼ ਬੋਲ਼ਦੇ ਨੇ।
ਪਰ ਬੱਚੇ ਨੂੰ ਕੀ ਪਤਾ
ਇਹ ਪਿਆਰ ਨਾਲ਼ ਕਿਉਂ ਬੋਲਦੇ ਨੇ !
ਕਿ ਅਸੀਂ ਆਵਾਂਗੇ ਸਬਜ਼ੀਆਂ ਲੈਣ
ਤੂੰ ਸਬਜੀਆਂ ਤਿਆਰ ਰੱਖੀਂ।
ਸਬਜੀਆਂ ਦੇ ਜਾਇਜ ਰੇਟ ਮੰਗੀਂ
ਪੜ੍ਹਾਈ-ਲਿਖਾਈ ਦੇ, ਬਚਪਨ ਦੇ
ਖੇਡਣ-ਕੁੱਦਣ ਦੇ ਦਿਨ ਨਾ ਮੰਗੀਂ।
ਕਿਉਂ ਬੈਠਾਂ ਏਂ ਚੌਂਕ ’ਚ
ਇਹਨਾਂ ਗੱਲਾਂ ਦਾ ਜਵਾਬ ਨਾ ਮੰਗੀਂ।
ਉਹ ਮਿੱਠੇ ਬੋਲ ਤਾਂ ਬੋਲ ਨੇ ਸਕਦੇ
ਪਰ ਤੇਰੀ ਜਿੰਦਗੀ ਨੀ ਬਦਲ ਸਕਦੇ !

—ਸੁਖਵਿੰਦਰ, ਜਗਰਾਉਂ।

ਮਈ ਦਿਵਸ ਦੇ ਸ਼ਹੀਦਾਂ ਨੂੰ ਯਾਦ ਕੀਤਾ

ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ 'ਤੇ ਮਈ ਦਿਵਸ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕਾਰਖ਼ਾਨਾ ਮਜ਼ਦੂਰ ਯੂਨੀਅਨ ਲੁਧਿਆਣਾ ਅਤੇ ਨੌਜਵਾਨ ਭਾਰਤ ਸਭਾ ਵਲੋਂ ਲੁਧਿਆਣਾ ਵਿਖੇ ਚੰਡੀਗੜ੍ਹ ਰੋਡ 'ਤੇ ਸਥਿਤ ਈ.ਡਬਲਿਊ.ਐਸ. ਕਲੋਨੀ. ਵਿੱਚ ਮਈ ਦਿਵਸ ਦਾ ਆਯੋਜਨ ਕੀਤਾ ਗਿਆ। ਕਲੋਨੀ ਨਿਵਾਸੀਆਂ ਅਤੇ ਲੁਧਿਆਣੇ ਦੇ ਹੋਰਨਾਂ ਇਲਾਕਿਆਂ ਮਜ਼ਦੂਰ ਅਤੇ ਨੌਜਵਾਨ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਪੁਹੰਚੇ।

ਸਭ ਤੋਂ ਪਹਿਲਾਂ ਲਾਲ ਝੰਡਾ ਲਹਿਰਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਇਨਕਲਾਬੀ ਸਲਾਮੀ ਦਿੱਤੀ ਗਈ। ਸਲਾਮੀ ਸਮੇਂ 'ਮਈ ਦਿਵਸ ਦੇ ਸ਼ਹੀਦ ਅਮਰ ਰਹਿਣ!', 'ਦੁਨੀਆਂ ਭਰ ਦੇ ਮਜ਼ਦੂਰੋ ਇੱਕ ਹੋ ਜਾਓ!', 'ਇਨਕਲਾਬ ਜਿੰਦਾਬਾਦ' ਆਦਿ ਇਨਕਲਾਬੀ ਨਾਅਰਿਆਂ ਨਾਲ਼ ਅਕਾਸ਼ ਗੂੰਜ ਉੱਠਿਆ। ਇਨਕਲਾਬੀ ਮਜ਼ਦੂਰ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਕਾਰਖਾਨਾ ਮਜ਼ਦੂਰ ਯੂਨੀਅਨ ਲੁਧਿਆਣਾ ਦੇ ਕਨਵੀਨਰ ਰਾਜਵਿੰਦਰ ਨੇ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਈ ਦਿਵਸ ਦੇ ਸ਼ਹੀਦਾਂ ਦੀ ਸ਼ਹਾਦਤ ਸਾਨੂੰ ਮਾਲਕਾਂ ਖਿਲਾਫ਼ ਆਪਣੇ ਹੱਕਾਂ-ਅਧਿਕਾਰਾਂ ਦੀ ਜੰਗ ਜਾਰੀ ਰੱਖਣ ਲਈ ਲਲਕਾਰ ਰਹੀ ਹੈ। ਉਹਨਾਂ ਕਿਹਾ ਕਿ ਮਈ ਦਿਵਸ ਦੇ ਸ਼ਹੀਦਾਂ ਦਾ ਪੈਗਾਮ ਸਾਨੂੰ ਹਮੇਸ਼ਾਂ ਯਾਦ ਰੱਖਣਾ ਪਵੇਗਾ ਕਿ ਮਜ਼ਦੂਰਾਂ ਨੇ ਅੱਜ ਤੱਕ ਜੋ ਵੀ ਹਾਸਿਲ ਕੀਤਾ ਹੈ ਉਹ ਲੁਟੇਰਿਆਂ ਖਿਲਾਫ਼ ਆਪਣੀ ਬੇਕਿਰਕ ਲੜਾਈ ਰਾਹੀਂ ਹਾਸਿਲ ਕੀਤਾ ਹੈ ਨਾ ਕਿ ਕਿਸੇ ਨੇ ਤਰਸ ਖਾ ਕੇ ਦਿੱਤਾ ਹੈ। ਉਹਨਾਂ ਕਿਹਾ ਕਿ ਮਈ ਦਿਵਸ ਦੇ ਮਹਾਨ ਦਿਨ 'ਤੇ ਸਾਡੇ ਪਿਆਰੇ ਮਜ਼ਦੂਰ ਸ਼ਹੀਦਾਂ ਨੂੰ ਇਹੋ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ ਅਸੀਂ ਉਹਨਾਂ ਦੇ ਪੈਗਾਮ 'ਤੇ ਅਮਲ ਕਰਦੇ ਹੋਏ ਆਪਣੇ ਹੱਕਾਂ-ਅਧਿਕਾਰਾਂ ਨੂੰ ਹਾਸਿਲ ਕਰਨ ਲਈ ਮਜ਼ਦੂਰਾਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਨੂੰ ਜਗਾਈਏ, ਜੱਥੇਬੰਦ ਕਰੀਏ ਅਤੇ ਸੰਘਰਸ਼ ਦੇ ਰਾਹ ਪਈਏ।

ਮਜ਼ਦੂਰਾਂ ਦੇ ਇਨਕਲਾਬੀ ਅਖਬਾਰ 'ਬਿਗੁਲ' ਦੇ ਸੰਪਾਦਕ ਸੁਖਵਿੰਦਰ ਨੇ ਕਿਹਾ ਕਿ ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਪੂੰਜੀਵਾਦ ਅਮਰ ਨਹੀਂ ਹੈ। ਇਸ ਨਿਸ਼ਚਿਤ ਹੀ ਤਬਾਹ ਹੋਣਾ ਹੈ ਅਤੇ ਇਸ ਦੀ ਤਬਾਹੀ ਸਿਰਫ਼ ਮਜ਼ਦੂਰ ਜਮਾਤ ਹੱਥੋਂ ਹੀ ਹੋਵੇਗੀ। ਉਹਨਾਂ ਕਿਹਾ ਸੰਸਾਰ ਵਿਆਪੀ ਆਰਥਿਕ ਸੰਕਟ ਨੇ ਇੱਕ ਵਾਰ ਫੇਰ ਸਿੱਧ ਕਰ ਦਿੱਤਾ ਹੈ ਕਿ ਪੂੰਜੀਵਾਦੀ ਪ੍ਰਬੰਧ ਦੀਆਂ ਅੰਦਰੂਨੀ ਵਿਰੋਧਤਾਈਆਂ ਏਨੀਆਂ ਗੰਭੀਰ ਹਨ ਕਿ ਇਹਨਾਂ ਦਾ ਹੱਲ ਇਸਦੀ ਚਾਰਦੀਵਾਰੀ ਅੰਦਰ ਅਸੰਭਵ ਹੈ। ਜੇਕਰ ਮਨੁੱਖਤਾ ਨੂੰ ਗਰੀਬੀ, ਲੁੱਟ, ਅਨਿਆਂ, ਗੈਰਬਰਾਬਰੀ, ਤਬਾਹੀ-ਬਰਬਾਦੀ ਦੀ ਜਿਲ੍ਹਣ ਚੋਂ ਕੱਢਣਾ ਹੈ ਤਾਂ ਪੂੰਜੀਵਾਦੀ ਸੱਤਾ, ਅਰਥਚਾਰੇ ਅਤੇ ਸਮਾਜ ਖਿਲਾਫ਼ ਇਨਕਲਾਬ ਹੀ ਇੱਕੋ ਇੱਕ ਰਾਹ ਹੈ। ਉਹਨਾਂ ਕਿਹਾ ਕਿ ਮਈ ਦਿਵਸ ਦੇ ਸ਼ਹੀਦਾਂ ਨੂੰ ਮਹਿਜ ਰਸਮੀ ਸ਼ਰਧਾਂਜਲੀ ਦੇਣ ਦੀ ਕੋਈ ਤੁੱਕ ਨਹੀਂ ਹੈ। ਸ਼ਰਧਾਂਜਲੀ ਦਾ ਅਰਥ ਹੈ ਕਿ ਅਸੀਂ ਉਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸੱਚੇ ਦਿਲੋਂ ਯਾਦ ਕਰਦੇ ਹੋਏ ਆਪਣੀ ਰੂਹ ਨੂੰ ਅਵਾਜ਼ ਦਈਏ ਅਤੇ ਉਹਨਾਂ ਦਾ ਲੁੱਟ-ਜ਼ਬਰ ਰਹਿਤ ਸਮਾਜ ਦਾ ਸੁਪਨਾ ਸਾਕਾਰ ਕਰਨ ਦਾ ਪ੍ਰਣ ਕਰੀਏ।

ਸਭਾ ਨੂੰ ਕਾਰਖ਼ਾਨਾ ਮਜ਼ਦੂਰ ਯੂਨੀਅਨ ਲੁਧਿਆਣਾ ਦੇ ਕਮੇਟੀ ਮੈਂਬਰ ਲਖਵਿੰਦਰ, ਨੌਜਵਾਨ ਭਾਰਤ ਸਭਾ ਦੀ ਪੰਜਾਬ ਇਕਾਈ ਦੇ ਕਨਵੀਨਰ ਪਰਮਿੰਦਰ, ਯੂਨਿਅਨ ਮੈਂਬਰ ਗਿਰਧਾਰੀ ਲਾਲ ਅਤੇ ਜਮਹੂਰੀ ਅਧਿਕਾਰ ਸਭਾ ਦੇ ਡਾ. ਹਰਬੰਸ ਗਰੇਵਾਲ ਹੋਰਾਂ ਨੇ ਵੀ ਸੰਬੋਧਨ ਕੀਤਾ। ਕਾਰਖਾਨਾ ਮਜ਼ਦੂਰ ਯੂਨੀਅਨ ਦੇ ਖਚਾਨਚੀ ਅਜੇਪਾਲ ਨੇ ਸਟੇਜ ਦੀ ਕਾਰਵਾਈ ਸੰਭਾਲੀ।

ਅੰਤ ਵਿੱਚ ਸ਼ਰਧਾਂਜਲੀ ਦੇਣ ਪਹੁੰਚੇ ਸਾਰੇ ਸਾਥੀਆਂ ਨੇ ਇਨਕਲਾਬੀ ਨਾਅਰੇ ਲਾਉਂਦੇ ਹੋਏ ਕਲੋਨੀ ਵਿੱਚ ਪੈਦਲ ਮਾਰਚ ਕੀਤਾ।

ਅਨੁਰਾਗ ਟ੍ਰਸਟ ਨੇ ਕੀਤਾ ਬਾਲ ਸਿਰਜਣਾਤਮਕ ਕੈਂਪ ਦਾ ਆਯੋਜਨ

28 ਮਈ ਤੋਂ 7 ਜੂਨ ਤੱਕ 'ਅਨੁਰਾਗ ਟ੍ਰਸਟ' ਦੁਆਰਾ 'ਬਾਲ ਸਿਰਜਣਾਤਮਕ ਕੈਂਪ' ਦਾ ਆਯੋਜਨ (ਕਮਿਉਨਿਟੀ ਹਾਲ, ਸੈਕਟਰ 43, ਚੰਡੀਗੜ੍ਹ ਵਿਖੇ) ਕੀਤਾ ਗਿਆ। 7 ਜੂਨ ਨੂੰ ਸਮਾਪਤੀ ਮੌਕੇ ਸੱਭਿਆਚਾਰ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਗਿਆ ਜਿਸ ਵਿੱਚ ਕੈਂਪ ਦੌਰਾਨ ਤਿਆਰ ਕੀਤੇ ਗਏ ਨਾਟਕਾਂ ਅਤੇ ਗੀਤਾਂ ਦੀ ਪੇਸ਼ਕਾਰੀ ਹੋਈ।

ਬੱਚਿਆਂ ਦੁਆਰਾ ਪੇਸ਼ ਸਮੂਹਿਕ ਗੀਤਾਂ ਵਿੱਚ 'ਪਿਆਰ ਬਾਂਟਤੇ ਚਲੋ...ਨਾਮ ਕੁਛ ਹੋ ਮਗਰ ਯੇ ਨਾ ਭੂਲੋ, ਸਬਸੇ ਪਹਿਲੇ ਤੋ ਇਨਸਾਨ ਤੁਮ ਹੋ' ਵਿੱਚ ਜਿੱਥੇ ਇੱਕ ਪਾਸੇ ਬੱਚੇ ਵੱਡਿਆਂ ਨੂੰ ਇਨਸਾਨੀਅਤ ਦਾ ਸੁਨੇਹਾ ਪਹੁੰਚਾ ਰਹੇ ਸਨ, ਉੱਥੇ ਦੂਜੇ ਪਾਸੇ— 'ਕਿਸੀ ਕੀ ਮੁਸਕੁਰਾਹਟੋਂ ਪੇ ਹੋਂ ਨਿਸਾਰ/ਕਿਸੀ ਕੇ ਵਾਸਤੇ ਹੋ ਤੇਰੇ ਦਿਲ ਮੇਂ ਪਿਆਰ/ਜੀਨਾ ਇਸੀ ਕਾ ਨਾਮ ਹੈ...' ਗੀਤ ਰਾਹੀਂ ਜੀਣ ਦਾ ਸਲੀਕਾ ਦੱਸ ਰਹੇ ਸਨ। ਹਾਰਨ ਦਾ ਮਤਲਬ ਰੁਕਣਾ ਨਹੀਂ ਹੁੰਦਾ ਸਗੋਂ ਕੰਡਿਆਂ ਭਰੀ ਰਾਹ 'ਤੇ ਚੱਲ ਕੇ ਹੀ ਮੰਜਿਲ ਤੱਕ ਪਹੁੰਚਿਆ ਜਾ ਸਕਦਾ ਹੈ। ਇਹ ਸੁਨੇਹਾ 'ਰੁਕ ਜਾਨਾ ਨਹੀਂ ਤੂੰ ਕਹੀਂ ਹਾਰ ਕੇ...' ਗੀਤ ਰਾਹੀਂ ਇਹ ਨੰਨ੍ਹੇ ਬੱਚੇ ਸੈਂਕੜੇ ਦਰਸ਼ਕਾਂ ਤੱਕ ਪਹੁੰਚਾ ਰਹੇ ਸਨ। ਗਿਆਰਾਂ ਦਿਨਾਂ ਦੀ ਥੋੜੇ ਜਿਹੇ ਸਮੇਂ ਦੀ ਤਿਆਰੀ ਨਾਲ਼ ਬੱਚਿਆਂ ਨੇ ਆਪਣੀ ਭਰਪੂਰ ਸਿਰਜਣਾਤਕ ਪ੍ਰਤਿਭਾ ਤੋਂ ਜਾਣੂ ਕਰਵਾਇਆ।

ਸਭ ਤੋਂ ਪਹਿਲਾਂ ਬੱਚਿਆਂ ਨੇ 'ਬੇਹਤਰ ਜਿੰਦਗੀ ਕੇ ਵਾਸਤੇ' ਲਘੂ ਨਾਟਕ ਪੇਸ਼ ਕੀਤਾ ਜਿਸ ਵਿੱਚ ਉਹ ਵੱਡਿਆਂ ਤੋਂ ਪੁੱਛ ਰਹੇ ਸਨ—'ਜ਼ੁਲਮ ਔਰ ਬੇਕਾਰੀ ਕਿਉਂ ਹੈ/ ਮਜ਼ਬੂਰੀ ਬਿਮਾਰੀ ਕਿਉਂ ਹੈ/ ਅੰਤਰ ਕੀ ਯੇ ਖਾਈ ਕਿਉਂ ਹੈ।' ਮਾਸੂਮ ਬੱਚਿਆਂ ਦੇ ਗੰਭੀਰ

ਸਵਾਲਾਂ ਨੇ ਇੱਕ ਵਾਰ ਵੱਡਿਆਂ ਨੂੰ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਪਰ ਸਭ ਤੋਂ ਆਕਰਸ਼ਕ ਰਹੀ 'ਯੁੱਧ ਅਤੇ ਬੱਚੇ' ਕਵਿਤਾ ਦੀ ਨਾਟਕੀ ਪੇਸ਼ਕਾਰੀ ਜਿਸ ਵਿੱਚ ਛੋਟੇ-ਛੋਟੇ ਬੱਚਿਆਂ ਨੇ ਯੁੱਧ ਨੂੰ ਪ੍ਰੇਰਿਤ ਕਰਨ ਵਾਲ਼ੇ ਦੇਸ਼ਾਂ ਤੋਂ 'ਚੀਂ' ਕਹਾਉਂਣ ਦੀ ਗੱਲ ਕਹੀ।

ਇਸ ਤੋਂ ਬਾਅਦ ਵੱਡੇ ਬੱਚਿਆਂ ਦੇ ਨਾਟਕ ਦੀ ਵਾਰੀ ਆਈ ਜਿਸ ਵਿੱਚ ਇੱਕ ਪਾਸੇ ਪੁਲਸ ਦੇ ਰੰਗ ਬਦਲਦੇ ਅਤੇ ਮੌਕਾਪ੍ਰਸਤ ਚਰਿਤੱਰ ਨੂੰ ਬੇਨਕਾਬ ਕਰਦਾ ਚੈਖ਼ਵ ਦੀ ਕਹਾਣੀ 'ਤੇ ਅਧਾਰਿਤ ਨਾਟਕ 'ਗਿਰਗਿਟ' ਦਰਸ਼ਕਾਂ ਨੇ ਖ਼ੂਬ ਸਰਾਹਿਆ ਉੱਥੇ ਦੂਜੇ ਪਾਸੇ ਪ੍ਰੇਮਚੰਦ ਦੀ ਕਹਾਣੀ 'ਈਦਗਾਹ' ਉੱਤੇ ਅਧਾਰਿਤ ਨਾਟਕ ਬਾਲ ਮਨ ਅੰਦਰਲੀ ਸੰਵੇਦਨਾ, ਉਸਦੀ ਅਦਭੁੱਤ ਕੁਰਬਾਨੀ ਅਤੇ ਰਿਸ਼ਤੇ ਦੀ ਇਨਸਾਨੀਅਤ ਦਰਸ਼ਕਾਂ ਨੂੰ ਮੋਹਿਤ ਕਰ ਰਹੀ ਸੀ। ਖਾਸ ਤੌਰ 'ਤੇ ਹਾਮਿਦ ਦੇ ਰੋਲ਼ ਵਿੱਚ ਦੀਕਸ਼ਾ ਅਤੇ ਅਮੀਨਾ ਦਾਦੀ ਦੇ ਰੋਲ਼ ਵਿੱਚ ਜੈਕਸਿਨ ਨੇ ਨਾਟਕ ਦੇ ਆਖ਼ਰੀ ਦ੍ਰਿਸ਼ ਵਿੱਚ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਜਿੰਨਾਂ ਮਨੁੱਖੀ ਸੰਵੇਦਨਾ ਨੂੰ ਉਭਾਰਨ ਵਾਲ਼ਾ ਨਾਟਕ ਸੀ ਓਨੀ ਹੀ ਸਜੀਵ ਛਾਪ ਛੱਡਣ ਵਾਲ਼ੀ ਬੱਚਿਆਂ ਦੀ ਪੇਸ਼ਕਾਰੀ ਸੀ।

ਆਯੋਜਨ ਵਿੱਚ ਮੁੱਖ ਰੂਪ ਵਿੱਚ ਦੀਕਸ਼ਾ, ਜੈਸਿਕਾ, ਸੀਮਾ, ਮਨਵੀਤ, ਭੂਮਿਕਾ, ਅਨੀਕਾ, ਮਨਮੀਤ, ਸਾਹਿਲ, ਪ੍ਰੀਤ, ਕਾਰਤਿਕ, ਮੋਨੀਸ਼ਾ, ਸਾਕਸ਼ੀ, ਰੋਜ਼ੀ, ਅਨਿਲ, ਅਨਮੋਲ਼, ਅਰਮਾਨ, ਸ਼ਿਵਮ, ਖੁਸ਼ੀ, ਮਹਿਕ ਨੇ ਭੂਮਿਕਾ ਨਿਭਾਈ। ਆਯੋਜਨ ਵਿੱਚ ਬੱਚਿਆਂ ਦੁਆਰਾ ਬਣਾਈਆਂ ਪੇਟਿੰਗਾਂ, ਤਸਵੀਰਾਂ ਅਤੇ ਮਿੱਟੀ ਦੇ ਖਡੌਣਿਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਸੰਗੀਤ ਪ੍ਰੋਗਰਾਮ ਦੌਰਾਨ ਗਿਟਾਰ 'ਤੇ ਗਵੀਸ਼ ਸਨ ਅਤੇ ਪ੍ਰੋਗਰਾਮ ਦਾ ਸੰਚਾਲ਼ਨ ਨਮਿਤਾ ਨੇ ਕੀਤਾ। ਵਰਕਸ਼ਾਪ ਦੌਰਾਨ ਬੱਚਿਆਂ ਨੂੰ ਕਲੇਅ ਮਾਡਲਿੰਗ ਅਤੇ ਪੇਂਟਿੰਗ ਕਰਨਾ ਅਸ਼ੀਸ਼ ਨੇ ਖੇਲ-ਖੇਲ ਵਿੱਚ ਬੇਹੱਦ ਦਿਲਚਸਪ ਤਰੀਕੇ ਨਾਲ਼ ਸਿਖਾਇਆ। ਅੰਤ ਵਿੱਚ ਭਾਗ ਲੈਣ ਵਾਲ਼ੇ ਸਾਰੇ ਬੱਚਿਆਂ ਨੂੰ ਅਨੁਰਾਗ ਟ੍ਰਸਟ ਵਲੋਂ ਸਰਟੀਫਿਕੇਟ ਅਤੇ ਤੋਹਫ਼ਿਆਂ ਦੇ ਰੂਪ ਵਿੱਚ ਕਿਤਾਬਾਂ ਦਿੱਤੀਆਂ ਗਈਆਂ। ⊡

ਇਹ ਆਮ ਲੋਕਾਂ ਦੇ ਨੁਮਾਇੰਦਿਆਂ ਦੀ ਚੋਣ ਹੈ ਜਾਂ....

(ਸਫ਼ਾ 5 ਦਾ ਬਾਕੀ)

ਭਾਜਪਾ ਅਤੇ ਕਾਂਗਰਸ ਨੂੰ 2003-2007 ਵਿਚਕਾਰ ਦਿੱਤੇ ਗਏ ਚੰਦਿਆਂ ਦਾ ਬਿਓਰਾ ਧਿਆਨ ਦੇਣ ਯੋਗ ਹੈ। ਇਹ ਸਿਰਫ਼ ਪ੍ਰਤੀਕਾਤਮਕ ਅੰਕੜੇ ਹਨ, ਚੰਦਿਆਂ ਦੀ ਅਸਲ ਰਾਸ਼ੀ ਇਸਤੋਂ ਘੱਟੋ ਘੱਟ 10 ਗੁਣਾ ਵੱਧ ਹੈ।

ਸਿਰਫ਼ ਹਿੰਦੋਸਤਾਨ ਵਿੱਚ ਹੀ ਨਹੀਂ ਸਗੋਂ ਲੱਗਭਗ ਸਾਰੇ ਪੂੰਜੀਵਾਦੀ ਦੇਸ਼ਾਂ ਵਿੱਚ ਚੋਣਬਾਜ਼ ਪਾਰਟੀਆਂ ਦੀ ਪੂਰੀ ਫੰਡਿੰਗ

ਕਿਸਨੇ ਕਿਸਨੂੰ ਕਿੰਨਾਂ ਦਿੱਤਾ ਚੰਦਾ

ਕੰਪਨੀ	ਕਾਂਗਰਸ	ਕੰਪਨੀ	ਭਾਜਪਾ
ਅਦਿਤਯ ਬਿਰਲਾ	21.71	ਸਟਰਲਾਈਟ	10.00
ਵੀਡੀਓਕੌਨ	04.50	ਅਦਾਨੀ	04.00
ਟਾਟਾ	04.32	ਵੀਡੀਓਕੌਨ	03.50
ਆਈ ਟੀ ਸੀ	01.45	ਅਦਿੱਤਯ ਬਿੜਲਾ	02.96
ਏਬਿਏਂਸ	01.05	ਟਾਟਾ	02.67
ਐਲ ਐਂਡ ਟੀ	01.00	ਐਲ ਐਂਡ ਟੀ	01.60
ਸਟਰਲਾਈਟ	01.00	ਆਈ. ਟੀ. ਸੀ.	01.38
ਨਵੀਨ ਜਿੰਦਲ	01.00	ਅਕੀਕ	01.50
ਬਜਾਜ	01.00	ਜੀ.ਐਮ.ਆਰ.	01.00
ਐਲ ਐਮ ਥਾਪਰ	00.70	ਵਿਜੈ ਮਾਲੀਆ	01.00
ਰੈਨਬੈਕਸੀ	00.65	ਪੁੰਜ ਲਾਇਡ	01.00
ਟੂਡੇ ਹਾਊਸ	00.05	ਬਜਾਜ	01.00

ਕਿਸਨੂੰ ਕਿੰਨਾਂ ਮਿਲਿਆ ਚੰਦਾ

ਭਾਜਪਾ	52.93
ਕਾਂਗਰਸ	52.43
ਸ਼ਿਵ ਸੈਨਾ	04.17
ਤੇਲਗੂ ਦੇਸ਼ਮ ਪਾਰਟੀ (ਟੀ.ਡੀ.ਪੀ.)	02.25
ਸਮਾਜਵਾਦੀ ਪਾਰਟੀ	02.45
ਪੀ.ਐਮ.ਕੇ.	02.86

ਰਿਅਲ ਅਸਟੇਟ ਕੰਪਨੀਆਂ ਦੁਆਰਾ ਦਿੱਤਾ ਗਿਆ ਚੰਦਾ

ਏਬਿਏਂਸ	1.05
ਸੋਮਦੱਤ ਬਿਲਡਰਜ	0.75
ਪੁੰਜ ਲਾਇਡ	1.00
ਟੂਡੇ ਹਾਊਸ ਐਂਡ ਇਨਫ੍ਰਾਸਟ੍ਰਕਚਰਜ	0.55
ਜੁਬੀਲੇਂਟ ਸਮੂਹ	0.50
ਰਿਅਲ ਅਸਟੇਟ ਐਸੋਸਿਏਸ਼ਨ ਕ੍ਰੇਡਾ	0.47
ਸੰਸਕ੍ਰਿਤੀ ਡਵੈਲਪਰਜ	0.50

ਕਾਰਪੋਰੇਟ ਘਰਾਨਿਆ ਦੇ ਦਮ 'ਤੇ ਹੁੰਦੀ ਹੈ। ਭਾਵ, ਲੋਕ ਪ੍ਰਤੀਨਿਧੀਆਂ ਦੀਆਂ ਚੋਣਾਂ ਲਈ ਸਾਰਾ ਖਰਚ ਇਹ ਘਰਾਣੇ ਹੀ ਚੁੱਕਦੇ ਹਨ। ਇਹ ਇਸ ਨੂੰ ਆਪਣੀ ਜਿੰਮੇਵਾਰੀ ਕਿਉਂ ਸਮਝਦੇ ਹਨ, ਇਹ ਸਹਿਜ ਹੀ ਸਮਝਿਆ ਜਾ ਸਕਦਾ ਹੈ। ਦੂਜੀ ਗੱਲ ਜੋ ਹੋਰ ਵੀ ਮਹੱਤਵਪੂਰਨ ਹੈ ਕਿ ਸਾਰੇ ਘਰਾਣਿਆਂ ਨੇ ਮਿਲ ਕੇ ਦੇਸ਼ ਦੀਆਂ ਵੱਡੀਆਂ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੋਨਾਂ ਨੂੰ ਹੀ 50-50 ਕਰੋੜ ਰੁਪਏ ਦਿੱਤੇ ਹਨ, ਭਾਵ, ਇਹਨਾਂ ਘਰਾਣਿਆਂ ਦੀ ਪਾਰਟੀਆਂ ਨੂੰ ਲੈ ਕੇ ਕੋਈ ਵਿਸ਼ੇਸ਼ ਪਸੰਦ ਨਹੀਂ ਹੈ। ਇਹਨਾਂ ਦੀ ਦੋਨਾਂ ਬਾਰੇ ਹੀ ਬਰਾਬਰ ਦੀ ਸਹਿਮਤੀ ਹੈ। ਅਜਿਹਾ ਹੋਣਾ ਲਾਜਿਮੀ ਵੀ ਹੈ ਕਿਉਂਕਿ ਇਹਨਾਂ ਦੋਨਾਂ ਪਾਰਟੀਆਂ ਵਿੱਚ ਆਰਥਿਕ ਨੀਤੀਆਂ ਨੂੰ ਲੈ ਕੇ ਮਤਭੇਦ ਨਹੀਂ ਹਨ। ਦੋਨੋਂ ਹੀ ਲੋਕਾਂ ਨੂੰ ਲੁੱਟਣ ਵਾਲ਼ੀਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿਜੀਕਰਨ ਦੀਆਂ ਨੀਤੀਆਂ 'ਤੇ ਇੱਕਜੁੱਟ ਹਨ।

ਸ਼ਾਇਦ ਇਹ ਸਮਝਣ ਲਈ ਕਿਸੇ ਨੂੰ ਜੀਨੀਅਸ ਹੋਣ ਦੀ ਲੋੜ ਨਹੀਂ ਹੈ ਕਿ ਇਹ ਚੋਣਾਂ ਲੋਕ ਨੁਮਾਇੰਦਿਆਂ ਨੂੰ ਚੁਨਣ ਲਈ ਨਹੀਂ, ਸਗੋਂ ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਚੁਨਣ ਲਈ ਹੁੰਦੀਆਂ ਹਨ। ⊡ *—ਯੋਗੇਸ਼*

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ !

ਜਨਚੇਤਨਾ

● ਇੱਕ ਸੱਭਿਆਚਾਰਕ ਮੁਹਿੰਮ ● ਇੱਕ ਵਿਚਾਰਕ ਪ੍ਰੋਜੈਕਟ ● ਬਦਲਵੇਂ ਮੀਡੀਆ ਦਾ ਇੱਕ ਮਾਡਲ

ਕਿਤਾਬਾਂ ਨਹੀਂ
ਅਸੀਂ ਆਣ ਵਾਲ਼ੇ ਕੱਲ੍ਹ ਦੇ ਸੁਪਨੇ ਲੈ ਕੇ ਆਏ ਹਾਂ
ਕਿਤਾਬਾਂ ਨਹੀਂ
ਅਸੀਂ ਅਸਲੀ ਇਨਸਾਨ ਦੀ ਤਰ੍ਹਾਂ
ਜੀਣ ਦਾ ਸੰਕਲਪ ਲੈ ਕੇ ਆਏ ਹਾਂ।
ਅਸੀਂ ਹਾਂ ਉਮੀਦਾਂ ਦੇ ਹਰਕਾਰੇ
ਅਸੀਂ ਹਾਂ ਵਿਚਾਰਾਂ ਦੇ ਡਾਕੀਏ।

ਮੁੱਖ ਦਫ਼ਤਰ : ਡੀ-68, ਨਿਰਾਲਾ ਨਗਰ,
ਲਖਨਊ-226020 ਫੋਨ : 0522-2786782,
#11, ਸਤਜੋਤ ਨਗਰ, ਗਲੀ ਨੰ-10/4, ਧਾਂਦਰਾ ਰੋਡ,
ਦੁੱਗਰੀ, ਲੁਧਿਆਣਾ। ਫੋਨ : 98155-87807
ਈਮੇਲ : **janchetna@rediffmail.com**

ਸਾਡੇ ਕੋਲ਼ ਤੁਹਾਨੂੰ ਮਿਲਣਗੇ :

- ਸਰਵਉਤਮ ਵਿਸ਼ਵ ਕਲਾਸਿਕਸ - ਮਿਆਰੀ ਪ੍ਰਗਤੀਸ਼ੀਲ ਸਾਹਿਤ
- ਇਤਿਹਾਸ, ਫ਼ਲਸਫੇ ਅਤੇ ਸਮਾਜ ਵਿਗਿਆਨ ਦੀਆਂ ਚੋਣਵੀਆਂ ਕਿਤਾਬਾਂ
- ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੰਪੂਰਨ ਉਪਲੱਬਧ ਸਾਹਿਤ
- ਜੀਵਨ ਅਤੇ ਸਮਾਜ ਦੀ ਸਮਝ ਦੇਣ ਵਾਲ਼ਾ ਅਤੇ ਭਵਿੱਖ ਦਾ ਮਾਰਗ ਦੱਸਣ ਵਾਲ਼ਾ ਇਨਕਲਾਬੀ ਰਾਜਨੀਤਿਕ ਸਾਹਿਤ
- ਦਿਮਾਗ ਦੀਆਂ ਖਿੜਕੀਆਂ ਖੋਲਣ ਵਾਲ਼ਾ ਅਤੇ ਕਲਪਨਾ ਨੂੰ ਖੰਭ ਦੇਣ ਵਾਲ਼ਾ ਬਾਲ ਸਾਹਿਤ
- ਆਕਰਸ਼ਕ ਕਲਾਤਮਿਕ ਚਿੱਤਰ
- ਪੋਸਟਰ, ਕੈਲੰਡਰ ਅਤੇ ਕਾਰਡ
- ਇਨਕਲਾਬੀ ਗੀਤਾਂ ਦੇ ਕੈਸਟਸ

ਜਨਚੇਤਨਾ ਦੀਆਂ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਕਿਤਾਬਾਂ ਦੀ ਸੰਪੂਰਣ ਸੂਚੀ ਦੇਖਣ ਅਤੇ ਆਰਡਰ ਦੇਣ ਲਈ ਸਾਡੇ ਬਲੌਗ 'ਤੇ ਜਾਓ—

http://janchetnaa.blogspot.com

ਸਾਡੇ ਕੋਲ਼ ਉਪਲੱਬਧ ਪੰਜਾਬੀ ਸਾਹਿਤ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ

1.	ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ)	10 ਰੁਪਏ
2.	ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ)	10 ਰੁਪਏ
3	ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ)	10 ਰੁਪਏ
4.	ਗ਼ਦਰੀ ਸੂਰਬੀਰ (ਰਣਧੀਰ ਸਿੰਘ)	10 ਰੁਪਏ
5	ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ)	10ਰੁਪਏ
6.	ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ)	10ਰੁਪਏ
7.	ਪੰਜਾਬ ਦੀ ਕਿਸਾਨ ਲਹਿਰ ਅਤੇ ਕਮਿਊਨਿਸਟ	10ਰੁਪਏ
8.	ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ)	15 ਰੁਪਏ
9.	ਜੰਗਲਨਾਮਾ-ਇੱਕ ਰਾਜਨੀਤਿਕ ਪੜਚੋਲ	03 ਰੁਪਏ
10.	ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ(ਦਿਪਾਯਨ ਬੋਸ)	10 ਰੁਪਏ
11.	ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ	10 ਰੁਪਏ
12.	ਕਿਉਂ ਮਾਓਵਾਦ	10 ਰੁਪਏ
13.	ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ)	10 ਰੁਪਏ
14.	ਪੈਰਿਸ ਕਮਿਊਨ ਦੀ ਅਮਰ ਕਹਾਣੀ	10 ਰੁਪਏ
15	ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ	10 ਰੁਪਏ
16.	ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ	10 ਰੁਪਏ
17.	ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ)	20 ਰੁਪਏ
18.	ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ)	60 ਰੁਪਏ
19.	ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ)	10 ਰੁਪਏ
20.	ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ	05 ਰੁਪਏ
21.	ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ	20 ਰੁਪਏ
22.	ਭਗਤ ਸਿੰਘ ਨੇ ਕਿਹਾ...	05 ਰੁਪਏ
23.	ਸ਼ਹੀਦ ਕਰਤਾਰ ਸਿੰਘ ਸਰਾਭਾ	05 ਰੁਪਏ
24.	ਮੈਂ ਨਾਸਤਿਕ ਕਿਉਂ ਹਾਂ? (ਭਗਤ ਸਿੰਘ)	05 ਰੁਪਏ
25.	ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖ਼ਤਾਂ	25 ਰੁਪਏ
26.	ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ	10 ਰੁਪਏ
27.	ਲੈਨਿਨਵਾਦ ਦੀਆਂ ਨੀਹਾਂ (ਸਟਾਲਿਨ)	20 ਰੁਪਏ
28.	ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ	20 ਰੁਪਏ

ਦਸਤਕ ਪ੍ਰਕਾਸ਼ਨ

1.	ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ)	15 ਰੁਪਏ
2.	ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ	15 ਰੁਪਏ
3.	ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ	10 ਰੁਪਏ
4.	ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ)	20 ਰੁਪਏ
5.	ਸ਼ੋਲੋਖੋਵ ਦੀਆਂ ਕਹਾਣੀਆਂ	30 ਰੁਪਏ
6.	ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ)	30 ਰੁਪਏ

ਉੱਠੋ ! ਜਾਗੋ !! ਅੱਗੇ ਵਧੋ !!!

ਅਜ਼ਾਦੀ ਮੁਨਾਫ਼ਾਖੋਰ ਲੁਟੇਰਿਆਂ ਲਈ ! ਲੋਕਤੰਤਰ ਚੋਰਾਂ–ਮੁਫ਼ਤਖੋਰਾਂ ਲਈ !!
ਇੱਕੋ ਹੀ ਬਦਲ—ਇੱਕੋ ਹੀ ਰਾਹ

ਨਵੇਂ ਇਨਕਲਾਬ ਦੀ ਮਸ਼ਾਲ ਜਗਾਓ !

ਇਨਕਲਾਬੀ ਲੋਕ ਸਵਰਾਜ ਦਾ ਝੰਡਾ ਉੱਚਾ ਲਹਿਰਾਓ !!

15 ਅਗਸਤ, 1947 ਦੀ ਜਿਸ ਅਜ਼ਾਦੀ ਨੂੰ ਮਸ਼ਹੂਰ ਸ਼ਾਇਰ ਫ਼ੈਜ਼ ਨੇ 'ਦਾਗ-ਦਾਗ ਉਜਾਲਾ' ਕਿਹਾ ਸੀ, ਉਹ ਅੱਧੀ ਸਦੀ ਬੀਤਦੇ-ਬੀਤਦੇ ਭਾਦੋਂ ਦੀ ਮੱਸਿਆ ਦੀ ਕਾਲ਼ੀ ਰਾਤ ਵਿੱਚ ਤਬਦੀਲ ਹੋ ਚੁੱਕੀ ਹੈ। ਦੇਸ਼ ਸੜ ਰਿਹਾ ਹੈ। ਜ਼ਾਲਮ ਨੀਰੋ ਦੀਆਂ ਭਾਰਤੀ ਔਲਾਦਾਂ ਬੰਸਰੀ ਵਜਾ ਰਹੀਆਂ ਹਨ।

ਇਤਿਹਾਸ ਦੇ ਇਸ ਮੁਸ਼ਕਿਲ ਦੌਰ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਬਦਾਂ ਨੂੰ ਦੁਹਰਾਉਂਦੇ ਹੋਏ ਅਸੀਂ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਕਰਨ ਲਈ ਇੱਕ ਵਾਰ ਫਿਰ ਇਨਕਲਾਬੀ ਸਪਿਰਟ ਤਾਜ਼ਾ ਕਰਨ ਦਾ ਸੱਦਾ ਦਿੰਦੇ ਹਾਂ। ਅਸੀਂ ਦੇਸੀ-ਵਿਦੇਸ਼ੀ ਪੂੰਜੀਪਤੀਆਂ ਦੇ ਜ਼ਾਬਰ ਲੁੱਟਤੰਤਰ ਨੂੰ ਤਬਾਹ-ਬਰਬਾਦ ਕਰਕੇ ਹਿੰਦ ਮਹਾਂਸਾਗਰ ਵਿੱਚ ਸੁੱਟ ਦੇਣ ਲਈ ਅਤੇ ਉਤਪਾਦਨ, ਰਾਜਕੀ ਪ੍ਰਬੰਧ ਅਤੇ ਸਮਾਜ ਦੇ ਪੂਰੇ ਢਾਂਚੇ ਉੱਤੇ ਅੱਗੇ ਵੱਧ ਕੇ ਕਬਜ਼ਾ ਕਰ ਲੈਣ ਲਈ ਕਿਰਤੀ ਲੋਕਾਂ ਨੂੰ ਆਵਾਜ਼ ਦਿੰਦੇ ਹਾਂ ਅਤੇ ਇਨਕਲਾਬੀ ਲੋਕ ਸਵਰਾਜ ਦਾ ਨਾਅਰਾ ਬੁਲੰਦ ਕਰਦੇ ਹਾਂ।

ਅਸੀਂ ਇਤਿਹਾਸ ਨੂੰ ਘੜਨ ਵਾਲ਼ੇ ਅਤੇ ਆਪਣੇ ਤਾਕਤਵਰ ਹੱਥਾਂ ਨਾਲ਼ ਸਮੇਂ ਦੇ ਪ੍ਰਵਾਹ ਨੂੰ ਮੋੜ ਦੇਣ ਵਾਲ਼ੇ ਕਿਰਤੀ ਲੋਕਾਂ, ਵਿਦਿਆਰਥੀਆਂ, ਨੌਜਵਾਨਾਂ ਦੀ ਅਣਖ ਨੂੰ ਲਲਕਾਰ ਰਹੇ ਹਾਂ ਅਤੇ ਇੱਕ ਨਵੀਂ ਮੁਸ਼ਕਿਲ ਅਤੇ ਫ਼ੈਸਲਾਕੁੰਨ ਲੜਾਈ ਦੀ ਤਿਆਰੀ ਵਿੱਚ ਸ਼ਾਮਲ ਹੋਣ ਲਈ, ਉਹਨਾਂ ਸਾਰੇ ਲੋਕਾਂ ਨੂੰ ਸੱਦਾ ਦੇ ਰਹੇ ਹਾਂ, ਜਿਨ੍ਹਾਂ ਦੀਆਂ ਆਤਮਾਵਾਂ ਜਵਾਨ ਹਨ, ਜੋ ਸੱਚੇ ਅਰਥਾਂ ਵਿੱਚ ਜਿਊਂਦੇ ਹਨ।

ਦੇਸ਼ ਦੇ ਇਤਿਹਾਸ ਦੇ ਅਜਿਹੇ ਮੋੜ ਉੱਤੇ, ਜਦੋਂ ਸਮੇਂ ਦੇ ਗਰਭ ਵਿੱਚ ਮਹੱਤਵਪੂਰਨ ਬਦਲਾਅ ਦੇ ਬੀਜ ਪਲ਼ ਰਹੇ ਹਨ। ਅਸੀਂ ਪੂੰਜੀਵਾਦੀ ਸੰਸਦੀ ਲੋਕਤੰਤਰ ਦੀ ਖਰਚੀਲੀ ਧੋਖਾਧੜੀ ਅਤੇ ਅਖੌਤੀ ਪੰਚਾਇਤੀ ਰਾਜ ਦੇ ਕਪਟੀ ਸ਼ੋਸ਼ੇ ਨੂੰ ਸਿਰੇ ਤੋਂ ਖਾਰਿਜ ਕਰਨ ਲਈ ਉਹਨਾਂ ਸਭ ਲੋਕਾਂ ਨੂੰ ਸੱਦਾ ਦਿੰਦੇ ਹਾਂ, ਜੋ ਇਸ ਪ੍ਰਬੰਧ ਦੁਆਰਾ ਠੱਗੇ ਜਾ ਰਹੇ ਹਨ, ਲੁੱਟੇ ਜਾ ਰਹੇ ਹਨ ਅਤੇ ਅਵਾਜ਼ ਉਠਾਉਣ 'ਤੇ ਕੁਚਲੇ ਜਾ ਰਹੇ ਹਨ। ਇਸ ਪ੍ਰਬੰਧ ਵਿੱਚ ਜਿਨ੍ਹਾਂ ਦਾ ਕੋਈ ਭਵਿੱਖ ਨਹੀਂ ਹੈ, ਉਹ ਹੀ ਨਵਾਂ ਪ੍ਰਬੰਧ ਬਣਾਉਣ ਲਈ ਅੱਗੇ ਆਉਣਗੇ। ਉਹਨਾਂ ਨੂੰ ਅੱਗੇ ਆਉਣਾ ਹੀ ਪਵੇਗਾ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਇਹੋ ਸੰਦੇਸ਼ ਦੇਸ਼ ਦੇ ਕੋਨੇ-ਕੋਨੇ ਤੱਕ ਲੈ ਜਾਣ ਦੇ ਕੰਮ ਵਿੱਚ ਜੁਟੀ ਹੋਈ ਹੈ। ਸਾਮਰਾਜਵਾਦ ਅਤੇ ਪੂੰਜੀਵਾਦ ਦਾ ਇੱਕ-ਇੱਕ ਦਿਨ ਸਾਡੇ ਲਈ ਭਾਰਾ ਹੈ। ਇਸ ਦਾ ਨਾਸ਼ ਸਾਡੀ ਹੋਂਦ ਦੀ ਸ਼ਰਤ ਹੈ। ਇਹਨਾਂ ਵਿਰੁੱਧ ਅਸੀਂ ਇਨਕਲਾਬੀ ਲੋਕ ਸਵਰਾਜ ਦਾ ਨਾਹਰਾ ਬੁਲੰਦ ਕਰਦੇ ਹਾਂ। ਇਨਕਲਾਬੀ ਲੋਕ ਸਵਰਾਜ ਦਾ ਮਤਲਬ ਹੈ, ਉਤਪਾਦਨ, ਰਾਜਭਾਗ ਅਤੇ ਸਮਾਜ ਦੇ ਪੂਰੇ ਪ੍ਰਬੰਧ ਉੱਪਰ ਉਤਪਾਦਨ ਕਰਨ ਵਾਲ਼ੀਆਂ ਜਮਾਤਾਂ ਦਾ ਕੰਟਰੋਲ, ਫੈਸਲੇ ਦੀ ਪੂਰੀ ਤਾਕਤ ਉਹਨਾਂ ਦੇ ਹੱਥਾਂ ਵਿੱਚ ਹੋਵੇ। ਇਸ ਦਾ ਸਾਰ ਤੱਤ ਹੈ—ਸਾਰੀ ਸੱਤ੍ਹਾ ਕਿਰਤੀਆਂ ਨੂੰ ! ਇਸਦਾ ਮਤਲਬ ਹੈ— ਸੰਸਾਰ ਪੂੰਜੀਵਾਦੀ ਪ੍ਰਬੰਧ ਨਾਲ਼ ਘਿਉ-ਖਿਚੜੀ ਦੇਸੀ ਪੂੰਜੀਵਾਦੀ ਢਾਂਚੇ ਨੂੰ ਚਕਨਾਚੂਰ ਕਰਕੇ ਪੂਰੇ ਸਮਾਜ ਦੇ ਆਰਥਿਕ ਅਧਾਰ ਅਤੇ ਉੱਪਰੀ ਢਾਂਚੇ ਦੀ ਨਿਆਂ ਅਤੇ ਸਮਾਨਤਾ ਦੇ ਅਧਾਰ 'ਤੇ ਮੁੜ ਉਸਾਰੀ। . . .

. . . ਸਵਾਲ ਅੱਜ ਵਿਦੇਸ਼ੀ ਗੁਲਾਮੀ ਬਨਾਮ ਸਵਦੇਸ਼ੀ ਦਾ ਨਹੀਂ ਹੈ, ਸਗੋਂ ਸਵਾਲ ਸੰਪੂਰਨ ਪੂੰਜੀਵਾਦੀ ਪ੍ਰਬੰਧ ਨੂੰ ਨਸ਼ਟ ਕਰਨ ਦਾ ਹੈ, ਜੋ ਅਣਇਤਿਹਾਸਕ ਅਤੇ ਮਨੁੱਖ ਧਰੋਹੀ ਹੋ ਚੁੱਕਾ ਹੈ।

ਇੱਕੀਵੀਂ ਸਦੀ ਦੇ ਇਤਿਹਾਸ ਦੇ ਏਜੰਡੇ 'ਤੇ ਇਹੋ ਕੇਂਦਰੀ ਮੁੱਦਾ ਹੈ। ਇਨਕਲਾਬੀ ਲੋਕ ਸਵਰਾਜ ਦਾ ਨਾਅਰਾ ਉਸ ਪੂੰਜੀਵਾਦੀ ਸੱਤ੍ਹਾ ਨੂੰ ਉਖਾੜ ਸੁੱਟਣ ਦੇ ਲਈ ਸੰਘਰਸ਼ ਦਾ ਨਾਅਰਾ ਹੈ, ਜਿਸ ਨੇ ਦੇਸੀ ਪੂੰਜੀਪਤੀਆਂ ਦੀ ਲੁੱਟ ਦੇ ਨਾਲ਼ ਹੀ ਸਾਮਰਾਜੀ ਦੇਸ਼ਾਂ ਅਤੇ ਉਹਨਾਂ ਦੀਆਂ ਬਹੁਕੌਮੀ ਕੰਪਨੀਆਂ ਦੀ ਲੁੱਟ ਲਈ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਪੂੰਜੀਵਾਦੀ ਲੋਕਤੰਤਰ ਦੇ ਸਾਰੇ ਪਾਖੰਡਾਂ ਅਤੇ ਛਲ-ਕਪਟ ਦਾ ਭਾਂਡਾ ਭੰਨ੍ਹਦੇ ਹੋਏ ਵਰਤਮਾਨ ਸੰਸਦੀ ਪ੍ਰਣਾਲੀ ਨੂੰ ਸਿਰੇ ਤੋਂ ਖਾਰਿਜ ਕਰਦੇ ਹੋਏ ਅਤੇ ਸਰਕਾਰੀ ਪੰਚਾਇਤੀ ਰਾਜ ਦੀ ਅਸਲੀਅਤ ਨੂੰ ਸਮਝਣ ਦਾ ਸੱਦਾ ਦਿੰਦੀ ਹੈ।

ਇਨਕਲਾਬੀ ਲੋਕ ਸਵਰਾਜ ਮੁਹਿੰਮ ਵਿਆਪਕ ਤਬਦੀਲੀ ਅਤੇ ਸੰਘਰਸ਼ ਦੇ ਹਰ ਮੋਰਚੇ 'ਤੇ ਸਰਗਰਮ ਹੋਣ ਦੇ ਨਾਲ਼-ਨਾਲ਼ ਪਿੰਡ-ਪਿੰਡ ਵਿੱਚ, ਸ਼ਹਿਰਾਂ ਦੇ ਮੁਹੱਲਿਆਂ, ਬਸਤੀਆਂ ਵਿੱਚ ਲੋਕਾਂ ਦੀ ਬਦਲਵੀਂ ਸੱਤ੍ਹਾ ਦੇ ਇਨਕਲਾਬੀ ਕੇਂਦਰਾਂ ਦੇ ਰੂਪ ਵਿੱਚ ਲੋਕ ਸਵਰਾਜ ਪੰਚਾਇਤਾਂ ਬਣਾਉਣ ਦਾ ਸੱਦਾ ਦਿੰਦੀ ਹੈ।

ਅਸੀਂ ਜਾਣਦੇ ਹਾਂ, ਸਾਡਾ ਰਾਹ ਲੰਬਾ ਹੈ। ਪਰ ਇਹੋ ਇੱਕੋ ਬਦਲ ਹੈ। ਇਹੋ ਇਤਿਹਾਸ ਦਾ ਰਾਹ ਹੈ। ਇਸ ਲਈ ਸਾਡਾ ਇਹ ਸੰਗਰਾਮੀ ਸੰਕਲਪ ਹੈ ਕਿ ''ਲੋਕ ਸਵਰਾਜ ਸਾਡਾ ਜਨਮ ਸਿੱਧ ਅਧਿਕਾਰ ਹੈ ਅਤੇ ਹਰ ਕੀਮਤ 'ਤੇ ਅਸੀਂ ਉਸ ਨੂੰ ਪ੍ਰਾਪਤ ਕਰ ਕੇ ਰਹਾਂਗੇ।''

ਖ਼ਤਮ ਕਰੋ ਪੂੰਜੀ ਦਾ ਰਾਜ ! ਲੜੋ ਬਣਾਓ ਲੋਕ ਸਵਰਾਜ !!

—ਇਨਕਲਾਬੀ ਲੋਕ ਸਵਰਾਜ ਮੁਹਿੰਮ

ਇਨਕਲਾਬੀ ਲੋਕ ਸਵਰਾਜ ਮੁਹਿੰਮ ਦਾ ਹਿੱਸਾ ਬਣਨ ਲਈ ਸੰਪਰਕ ਕਰੋ—ਨੌਜਵਾਨ ਭਾਰਤ ਸਭਾ। ਫੋਨ-9888696323, 9988076466